ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK
sadelok.com
20-26 ਅਗਸਤ 2025
ਸਾਲ 16ਵਾਂ - ਅੰਕ 34
email : info@sadelok.com
Ph. : 510-706-1300
Fax : 925-373-1300

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ



(ਵਿਸ਼ੇਸ਼ ਅੰਕ ਅੰਦਰ ਪੜ੍ਹੋ)

## ਚਿੱਟੀਸਿੰਘਪੁਰਾ 'ਚ ਮਾਰੇ ਗਏ 35 ਸਿੱਖਾਂ ਦੇ ਪਰਿਵਾਰ ਅੱਜ ਵੀ ਇਨਸਾਫ਼ ਦੀ ਉਡੀਕ 'ਚ

### ਪਿੰਡ 'ਚ 20 ਮਾਰਚ, 2000 ਨੂੰ ਕਤਲ ਕੀਤੇ ਗਏ 35 ਸਿੱਖਾਂ ਨੂੰ ਜਥੇਦਾਰ ਗੜਗੱਜ ਦਿੱਤੀ ਸ਼ਰਧਾਂਜਲੀ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਕਸ਼ਮੀਰ ਵਾਦੀ ਦੇ ਅਨੰਤਨਾਗ ਜ਼ਿਲ੍ਹੇ ਦੇ ਪਿੰਡ ਚਿੱਟੀਸਿੰਘਪੁਰਾ ਵਿੱਚ ਮਾਰੇ ਗਏ 35 ਸਿੱਖਾਂ ਦੇ ਪਰਿਵਾਰਾਂ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ ਹੈ ਅਤੇ ਉਹ ਅੱਜ ਵੀ ਇਨਸਾਫ ਦੀ ਉਡੀਕ ਕਰ ਰਹੇ ਹਨ। ਉਹ ਕਸ਼ਮੀਰ ਦੌਰੇ ਦੌਰਾਨ ਪਿੰਡ ਚਿੱਟੀ ਸਿੰਘਪੁਰਾ ਵਿਖੇ ਵੀ ਗਏ ਹਨ ਅਤੇ ਉੱਥੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਇਸ ਪਿੰਡ ਵਿੱਚ 20 ਮਾਰਚ, 2000 ਨੂੰ ਕਤਲ ਕੀਤੇ ਗਏ 35 ਨਿਰਦੋਸ਼ ਸਿੱਖਾਂ ਦੀ ਸੰਗਤ ਵੱਲੋਂ ਬਣਾਈ ਗਈ ਯਾਦਗਾਰ ਤੇ

(ਦੇਖੋ ਸਫ਼ਾ 19 'ਤੇ)



## ਗੰਭੀਰ ਅਪਰਾਧਾਂ ਲਈ 30 ਦਿਨਾਂ ਦੀ ਹਿਰਾਸਤ 'ਚ ਰਹੇ ਤਾਂ ਪ੍ਰਧਾਨ ਮੰਤਰੀ, ਮੁੱਖ ਮੰਤਰੀ ਤੇ ਮੰਤਰੀਆਂ ਦੀ ਹੋਵੇਗੀ ਛੁੱਟੀ

### ਭਾਰੀ ਹੰਗਾਮੇ ਦਰਮਿਆਨ ਅਮਿਤ ਸ਼ਾਹ ਵਲੋਂ ਬਿੱਲ ਲੋਕ ਸਭਾ 'ਚ ਪੇਸ਼



ਨਵੀਂ ਦਿੱਲੀ : ਭਾਰਤੀ ਰਾਜਨੀਤੀ ਵਿੱਚ ਸਫਾਈ ਅਤੇ ਨੈਤਿਕਤਾ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਇੱਕ ਇਤਿਹਾਸਕ ਸੰਵਿਧਾਨ ਸੋਧ ਬਿੱਲ ਲਿਆ ਰਹੀ ਹੈ। ਇਸ ਪ੍ਰਸਤਾਵਿਤ ਕਾਨੂੰਨ ਤਹਿਤ

(ਦੇਖੋ ਸਫ਼ਾ 22 'ਤੇ)

### ਮਜੀਠੀਆ ਨੂੰ ਵੱਡਾ ਝਟਕਾ

## ਹਾਈਕੋਰਟ ਵਲੋਂ ਜ਼ਮਾਨਤ ਰੱਦ



ਐੱਸ. ਏ. ਐੱਸ. ਨਗਰ : ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਲੋਂ ਵਿਜੀਲੈਂਸ ਵਿਭਾਗ ਵਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ 25 ਜੂਨ ਨੂੰ

(ਦੇਖੋ ਸਫ਼ਾ 28 'ਤੇ)

### ਕਿਸ਼ਤਵਾੜ-ਕਠੂਆ ਤ੍ਰਾਸਦੀ

## ਪੀੜਤਾਂ ਦੀ ਯਾਦ 'ਚ ਵਿਦਿਆਰਥੀਆਂ ਨੇ ਕੱਢਿਆ ਸ਼ੋਕ ਮਾਰਚ




ਜੰਮੂ : ਬੀਤੇ ਦਿਨੀ ਜੰਮੂ ਵਿੱਚ ਵਿਦਿਆਰਥੀਆਂ ਨੇ ਕਿਸ਼ਤਵਾੜ ਅਤੇ ਕਠੂਆ ਵਿੱਚ ਬੱਦਲ ਫਟਣ ਦੀ ਤ੍ਰਾਸਦੀ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਸ਼ੋਕ ਮਾਰਚ ਕੱਢਿਆ। ਇਸ ਮੌਕੇ ਵਿਦਿਆਰਥੀਆਂ ਨੇ ਇਸ ਕੁਦਰਤੀ ਆਫ਼ਤ ਵਿੱਚ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਅਤੇ ਪੀੜਤ ਪਰਿਵਾਰਾਂ

(ਦੇਖੋ ਸਫ਼ਾ 20 'ਤੇ)

## ਡਾ. ਮਨਮੋਹਨ ਸਿੰਘ ਨੂੰ ਵੱਡਾ ਸਨਮਾਨ

### ਕਰਨਾਟਕ 'ਚ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਰੱਖਿਆ ਯੂਨੀਵਰਸਿਟੀ ਦਾ ਨਾਮ

ਨਵੀਂ ਦਿੱਲੀ : ਕਰਨਾਟਕ ਵਿਧਾਨ ਸਭਾ ਨੇ ਬੰਗਲੁਰੂ ਸਿਟੀ ਯੂਨੀਵਰਸਿਟੀ ਦਾ ਨਾਮ ਬਦਲ ਕੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਬੰਗਲੁਰੂ ਸਿਟੀ ਯੂਨੀਵਰਸਿਟੀ ਕਰਨ ਲਈ ਇੱਕ ਬਿੱਲ ਪਾਸ ਕੀਤਾ ਹੈ। ਬਿੱਲ ਅਨੁਸਾਰ, ਕਰਨਾਟਕ ਸਟੇਟ ਯੂਨੀਵਰਸਿਟੀਜ਼ ਐਕਟ, 2000 (ਕਰਨਾਟਕ ਐਕਟ 29 ਆਫ 2001) ਵਿੱਚ ਸੋਧ ਨੂੰ ਮਨਮੋਹਨ ਸਿੰਘ ਦੀ ਵਿਰਾਸਤ ਦਾ ਸਨਮਾਨ ਕਰਨ ਲਈ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਉਹ ਇੱਕ ਪ੍ਰਸਿੱਧ ਅਰਥ ਸ਼ਾਸਤਰੀ, ਸਿੱਖਿਆ ਮਾਹਿਰ, ਅਧਿਕਾਰੀ ਅਤੇ ਰਾਜਨੇਤਾ ਸਨ, ਜਿਨ੍ਹਾਂ ਨੇ ਦੇਸ਼ ਵਿੱਚ ਆਰਥਿਕ ਸੁਧਾਰਾਂ ਦੀ ਅਗਵਾਈ ਕੀਤੀ ਅਤੇ ਲਗਾਤਾਰ ਦੋ ਵਾਰ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਸੂਬੇ ਦੇ ਮੰਤਰੀ ਮੰਡਲ ਨੇ ਜੁਲਾਈ ਵਿੱਚ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਸੀ ਅਤੇ

(ਦੇਖੋ ਸਫ਼ਾ 19 'ਤੇ)



### ਸ਼੍ਰੋਮਣੀ ਕਮੇਟੀ ਨੇ ਲਿਆ ਸੀ ਸਿੱਖ ਅਜਾਇਬ ਘਰ 'ਚ ਫੋਟੋ ਨਾ ਲਾਉਣ ਦਾ ਫੈਸਲਾ

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

BH HS
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਲਾਸ ਏਂਜਲਸ ਵਿੱਚ ਬਜ਼ੁਰਗ ਸਿੱਖ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਇੱਕ ਸ਼ੱਕੀ ਗ੍ਰਿਫਤਾਰ

## ਹਮਲੇ ਦੀ ਨਫਰਤੀ ਅਪਰਾਧ ਦੇ ਨਜ਼ਰੀਏ ਤੋਂ ਜਾਂਚ ਦੀ ਮੰਗ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਉੱਤਰੀ ਹਾਲੀਵੁੱਡ, ਕੈਲੀਫੋਰਨੀਆ ਵਿੱਚ ਇੱਕ 70 ਸਾਲਾ ਸਿੱਖ ਬਜ਼ੁਰਗ ਹਰਪਾਲ ਸਿੰਘ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਆਈ ਸੀ ਯੂ ਵਿੱਚ ਦਾਖਲ ਹਰਪਾਲ ਸਿੰਘ ਦੇ ਸਿਰ ਤੇ ਮੂੰਹ ਉਪਰ ਸੱਟਾਂ ਵੱਜੀਆਂ ਹਨ ਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਲਾਸ ਏਂਜਲਸ ਪੁਲਿਸ ਅਨੁਸਾਰ ਬੋ ਰਿਚਰਡ ਵੀਟਾਗਲਿਆਨੋ (44) ਨਾਮੀ ਸ਼ੱਕੀ ਨੂੰ ਲੈਂਕਰਸ਼ਿਮ ਬੁਲੇਵਰਡ ਤੇ ਅਰਮਿੰਟਾ ਸਟਰੀਟ ਨੇੜੇ ਗ੍ਰਿਫਤਾਰ ਕੀਤਾ ਹੈ। ਉਸ ਨੂੰ ਖਤਰਨਾਕ ਹੱਥਿਆਰ ਨਾਲ ਹਮਲਾ ਕਰਨ ਦੇ ਦੋਸ਼ਾਂ ਤਹਿਤ ਵੈਨ ਨਿਊਇਸ ਜੇਲ ਵਿੱਚ ਰੱਖਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਵਿਟਾਗਿਲਆਨੋ ਇੱਕ ਬੇਘਰਾ ਵਿਅਕਤੀ ਹੈ ਤੇ ਉਸ ਦਾ ਅਪਰਾਧਕ ਪਿਛੋਕੜ ਹੈ। ਲਾਸ ਏਂਜਲਸ ਪੁਲਿਸ ਮੁੱਖੀ ਜਿਮ ਮੈਕਡੋਨਲ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਨਫਰਤੀ ਅਪਰਾਧ ਦੇ ਨਜ਼ਰੀਏ ਤੋਂ ਨਹੀਂ ਕੀਤੀ ਜਾ ਰਹੀ। ਇਹ ਮਾਮਲਾ ਪੀੜਤ ਦੀ ਜਾਇਦਾਦ ਨਾਲ ਜੁੜਿਆ ਹੋਇਆ ਹੈ। ਓਧਰ ਸਿੱਖ ਜਥੇਬੰਦੀਆਂ ਨੇ ਘਟਨਾ ਖਿਲਾਫ ਪ੍ਰਦਰਸ਼ਨ ਕੀਤਾ ਹੈ ਤੇ ਨਿਆਂ ਦੀ ਮੰਗ ਕੀਤੀ ਹੈ। ਸਿੱਖ ਕੁਲੀਸ਼ਨ ਤੇ ਸਿੱਖ ਭਾਈਚਾਰੇ ਦੇ ਹੋਰ ਆਗੂਆਂ ਨੇ ਪੁਲਿਸ ਦੀ ਜਾਂਚ ਉਪਰ ਸਵਾਲ ਚੁੱਕੇ ਹਨ ਤੇ ਕਿਹਾ ਹੈ ਕਿ ਪੀੜਤ ਅਜੇ ਬੇਹੋਸ਼ੀ ਦੀ ਹਾਲਤ ਵਿੱਚ ਹੈ ਤੇ ਉਹ ਬੋਲ ਵੀ ਨਹੀਂ ਸਕਦਾ, ਅਜਿਹੇ ਹਾਲਤ ਵਿੱਚ ਪੁਲਿਸ ਕਿੱਦਾਂ ਕਿਸੇ ਸਿੱਟੇ ਉੱਪਰ ਪੁੱਜ ਸਕਦੀ ਹੈ। ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਫੰਡ ਨੇ ਮਾਮਲੇ ਦੀ ਪਾਰਦਰਸ਼ੀ ਢੰਗ ਨਾਲ ਜਾਂਚ ਕਰਨ ਤੇ ਸਿੱਖਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪੀੜਤ ਦੇ ਭਰਾ ਡਾਕਟਰ ਗੁਰਦਿਆਲ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰ. ਹਰਪਾਲ ਸਿੰਘ ਦੇ 3 ਆਪਰੇਸ਼ਨ ਹੋਏ ਹਨ ਤੇ ਇਸ ਵੇਲੇ ਉਹ ਮੁਕੰਮਲ ਬੇਹੋਸ਼ੀ ਦੀ ਹਾਲਤ ਵਿੱਚ ਹੈ। ਉਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਪੁਲਿਸ ਦਾ ਧੰਨਵਾਦ ਕੀਤਾ ਹੈ ਤੇ ਨਾਲ ਹੀ ਕਿਹਾ ਹੈ ਕਿ ਉਹ ਫਿਕਰਮੰਦ ਹੈ ਕਿ ਪੁਲਿਸ ਨੇ ਘਟਨਾ ਨੂੰ ਨਫਰਤੀ ਅਪਰਾਧ ਵਜੋਂ ਨਹੀਂ ਲਿਆ। ਲਾਸ ਏਂਜਲਸ ਸ਼ਹਿਰ ਦੇ ਕੌਂਸਲ ਮੈਂਬਰ ਐਡਰਿਨ ਨਜ਼ਾਰੀਅਨ ਜੋ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਸਨ, ਨੇ ਸਿੱਖ ਭਾਈਚਾਰੇ ਨੂੰ ਇਕਜੁੱਟ ਤੇ ਚੌਕਸ ਰਹਿਣ ਦੀ ਬੇਨਤੀ ਕਰਦਿਆਂ ਕਿਹਾ ਕਿ ਇਸ ਕਿਸਮ ਦੀ ਘਟਨਾ ਸਾਨੂੰ ਸਾਰਿਆਂ ਨੂੰ ਬਹੁਤ ਬੁਰਾ ਅਹਿਸਾਸ ਕਰਵਾਉਂਦੀ ਹੈ। ਅਸੀਂ ਇਸ ਗੱਲ ਨੂੰ ਯਕੀਨੀ ਬਣਾਵਾਂਗੇ ਕਿ ਸਿੱਖ ਭਾਈਚਾਰਾ ਸੁਰੱਖਿਅਤ ਤੇ ਬੇਖੌਫ ਮਹਿਸੂਸ ਕਰੇ। ਦੂਸਰੇ ਪਾਸੇ ਪੁਲਿਸ ਨੇ ਕਿਹਾ ਹੈ ਕਿ ਉਸ ਨੇ ਖੇਤਰ ਵਿੱਚ ਗਸ਼ਤ ਵਧਾ ਦਿੱਤੀ ਹੈ।



ਸਿੱਖ ਬਜ਼ੁਰਗ 'ਤੇ ਹੋਏ ਹਮਲੇ ਦੇ ਰੋਸ 'ਚ ਸਿੱਖ ਭਾਈਚਾਰਾ ਪ੍ਰਦਰਸ਼ਨ ਕਰਦਾ ਹੋਇਆ






# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!



ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ

# ਪਹਿਲਾ ਪ੍ਰਕਾਸ਼ ਗੁਰਪੁਰਬ





ਧੰਨ ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ
ਨਾਨਕਸਰ ਵਾਲਿਆਂ ਦੀ 82ਵੀਂ ਬਰਸੀ

ਧੰਨ ਧੰਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਰਾਣਾ ਸਾਹਿਬ ਵਾਲਿਆਂ ਦੀ 50ਵੀਂ ਬਰਸੀ

ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ

# ਕਥਾ ਕੀਰਤਨ ਸੰਤ ਸਮਾਗਮ





ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : ਸ਼ੁੱਕਰਵਾਰ 29 ਅਗਸਤ 2025 ਸਵੇਰੇ 10 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : ਐਤਵਾਰ 31 ਅਗਸਤ 2025 ਸਵੇਰੇ 10 ਵਜੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਉਪਰੰਤ ਕਥਾ ਕੀਰਤਨ, ਢਾਡੀ ਵਾਰਾਂ ਹੋਣਗੀਆਂ।
ਆਪ ਸਮੇਤ ਪਰਿਵਾਰ ਗੁਰੂ ਘਰ ਹਾਜ਼ਰੀ ਭਰ ਕੇ
ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ

ਬੇਨਤੀ ਕਰਤਾ : ਸੰਤ ਬਾਬਾ ਮੋਹਨ ਸਿੰਘ ਜੀ ਪਿਹੋਵਾ ਵਾਲੇ ਅਤੇ ਸਮੂਹ ਸੰਗਤ

7616 Rangeview LN. Sacramento, CA, 95828 (916) 913-9013

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਪੰਜਾਬ ਦੇ ਹੜ ਪੀੜਤ ਇਲਾਕੇ ਦੇ ਲੋਕਾਂ ਦੀ ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ 'ਸਿੱਖਸ ਆਫ ਅਮੈਰਿਕਾ' ਨੇ ਫ਼ੜੀ ਬਾਂਹ






ਵਾਸ਼ਿੰਗਟਨ, (ਰਾਜ ਗੋਗਨਾ) : ਪੰਜਾਬ ਦੇ ਜ਼ਿਲਾ ਜਲੰਧਰ ਅਤੇ ਕਪੂਰਥਲਾ 'ਚੋਂ ਲੰਘਦੇ ਸਤਲੁਜ ਦਰਿਆ ਦੇ ਧੁੱਸੀ ਬੰਨ ਦੇ ਨੇੜੇ ਵਸਦੇ ਲੋਕਾਂ ਦੀ ਜਾਨ ਉਦੋਂ ਕੜਿੱਕੀ ਵਿਚ ਫ਼ਸ ਜਾਂਦੀ ਹੈ ਜਦੋਂ ਵੀ ਕਦੇ ਦਰਿਆ ਚੜ੍ਹਦਾ ਹੈ ਤੇ ਆਵਾਗੌਣ ਪਾਣੀ ਉਹਨਾਂ ਦੀ ਜ਼ਿੰਦਗੀ ਨੂੰ ਅਸਤ ਵਿਅਸਤ ਕਰ ਦਿੰਦਾ ਹੈ। ਇਸ ਵਾਰ ਵੀ ਅਜਿਹਾ ਹੀ ਹੋਇਆ, ਕਪੂਰਥਲਾ ਜ਼ਿਲੇ ਦੇ ਸੁਲਤਾਨਪੁਰ ਲੋਧੀ ਇਲਾਕੇ ਦੇ ਲੋਕ ਹੜ ਦੇ ਪਾਣੀ ਕਾਰਨ ਨਰਕ ਵਰਗਾ ਜੀਵਨ ਬਤੀਤ ਕਰਨ ਲਈ ਮਜਬੂਰ ਹੋਏ ਪਏ ਨੇ ਪਰ ਅਮਰੀਕਾ ਦੀ ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ 'ਸਿੱਖਸ ਆਫ਼ ਅਮੈਰਿਕਾ' ਨੇ ਹਮੇਸ਼ਾ ਦੀ ਤਰਾਂ ਲੋੜਵੰਦਾਂ ਦੀ ਬਾਂਹ ਫ਼ੜਦਿਆਂ ਹੜ ਪੀੜਤਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਈ ਹੈ। ਸੁਲਤਾਨਪੁਰ ਲੋਧੀ ਲਾਗਲੇ ਪਿੰਡਾਂ ਦੇ ਸੈਂਕੜੇ ਘਰਾਂ ਵਿਚ ਜਿੱਥੇ ਹੜ ਦੇ ਪਾਣੀ ਨੇ ਤਬਾਹੀ ਮਚਾ ਦਿੱਤੀ ਹੈ ਉੱਥੇ ਫ਼ਸਲਾਂ ਤਬਾਹ ਕਰ ਦਿੱਤੀਆਂ ਹਨ ਜਿਸ ਕਾਰਨ ਪਸ਼ੂਆਂ ਦੇ ਚਾਰੇ ਲਈ ਵੀ ਵੱਡੀ ਸਮੱਸਿਆ ਖੜੀ ਹੋਈ ਹੈ। ਜਿੰਨਾਂ ਵਿੱਚ ਪਿੰਡ ਵਾਹੋਪੁਰ, ਅਲੀਪੁਰ, ਅੰਮ੍ਰਿਤਪੁਰ ਤੇ ਖਿਜਤਪੁਰ ਦੇ ਲੋਕ ਹੜ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਹਮੇਸ਼ਾ ਦੀ ਤਰਾਂ ਚੇਅਰਮੈਨ ਸ੍ਰ. ਜਸਦੀਪ ਸਿੰਘ ਜੱਸੀ ਚੇਅਰਮੈਨ ਦੀ ਅਗਵਾਈ 'ਚ 'ਸਿੱਖਸ ਆਫ਼ ਅਮੈਰਿਕਾ' ਨੇ ਇਸ ਇਲਾਕੇ ਵਿਚ ਪਹੁੰਚ ਕਰਦਿਆਂ ਰਾਹਤ ਸਮੱਗਰੀ ਲੋੜਵੰਦਾਂ ਤੱਕ ਪਹੁੰਚਾਉਣ ਦੀ ਕਾਰਵਾਈ ਅਰੰਭ ਕਰ ਦਿੱਤੀ ਹੈ। 'ਸਿੱਖਸ ਆਫ਼ ਅਮੈਰਿਕਾ' ਦੀ ਪੰਜਾਬ ਟੀਮ ਨੇ ਉਪਰੋਕਤ ਪਿੰਡਾਂ ਵਿਚ ਲੰਗਰ ਅਤੇ ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਕੀਤਾ। ਵਾਲੰਟੀਅਰਾਂ ਨੇ ਦੱਸਿਆ ਕਿ ਜੇਕਰ ਇਹ ਰਾਹਤ ਸਮੱਗਰੀ ਨਾ ਪੁੱਜਦੀ ਤਾਂ ਹਾਲਾਤ ਬਹੁਤ ਹੀ ਮਾੜੇ ਹੋ ਸਕਦੇ ਹਨ। ਚੇਅਰਮੈਨ ਸ੍ਰ. ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਸਿਰਫ ਰਾਹਤ ਸਮੱਗਰੀ ਹੀ ਨਹੀਂ ਸਗੋਂ ਇਹਨਾਂ ਪੀੜਤਾਂ ਦੇ ਮੁੜ ਵਸੇਬੇ ਲਈ ਵੀ ਉਪਰਾਲੇ ਕੀਤੇ ਜਾਣਗੇ। ਇਸ ਸੇਵਾ ਦੌਰਾਨ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਵਲੋਂ ਵੀ ਸਿੱਖਸ ਆਫ ਅਮੈਰਿਕਾ ਦੇ ਇਸ ਕਾਰਜ ਲਈ ਜਿੱਥੇ ਸਿਫਤ ਕੀਤੀ ਉੱਥੇ ਆਪਣਾ ਅਸ਼ੀਰਵਾਦ ਵੀ ਦਿੱਤਾ।

# ਅਮਰੀਕੀ ਵੀਜ਼ਾ ਧਾਰਕਾਂ ਲਈ ਡ੍ਰੋਪਬਾਕਸ ਵੀਜ਼ਾ ਨਵੀਨੀਕਰਨ 'ਚ ਮੁਸ਼ਕਲਾਂ ਅਮਰੀਕਾ ਨੇ ਡ੍ਰੋਪਬਾਕਸ ਸੇਵਾ ਕੀਤੀ ਬੰਦ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕੀ ਸਰਕਾਰ ਨੇ ਹਾਲ ਹੀ ਵਿੱਚ ਇੱਕ ਮਹੱਤਵਪੂਰਨ ਫੈਸਲੇ ਦਾ ਐਲਾਨ ਕੀਤਾ ਹੈ। ਅਤੇ ਇਸ ਨੇ ÷ਡ ?ਰੌਪਬਾਕਸ÷ ਵੀਜ਼ਾ ਨਵੀਨੀਕਰਨ ਪ੍ਰੋਗਰਾਮ ਜਾਂ ਇੰਟਰਵਿਊ-ਮੁਕਤ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਹੈ। ਜੋ ਹੁਣ ਤੱਕ ਲਾਗੂ ਸੀ। ਇਹ ਨਵੇਂ ਨਿਯਮ 2 ਸਤੰਬਰ, 2025 ਤੋਂ ਲਾਗੂ ਹੋਣਗੇ। ਇਨ੍ਹਾਂ ਬਦਲਾਵਾਂ ਦੇ ਨਾਲ, ਭਾਰਤੀਆਂ ਸਮੇਤ ਦੁਨੀਆ ਭਰ ਵਿੱਚ ਅਮਰੀਕੀ ਵੀਜ਼ੇਦੀ ਪ੍ਰਕਿਰਿਆ ਵਿੱਚ ਵੱਡੇ ਬਦਲਾਅ ਹੋਣ ਜਾ ਰਹੇ ਹਨ। ਇਹ ਡ ?ਰੌਪਬਾਕਸ ਪ੍ਰੋਗਰਾਮ ਕੀ ਹੈ? ਹੁਣ ਤੱਕ, ਜਦੋਂ ਐਚ/ ਵਨ ਬੀ, ਵਨ-ਬੀ ਐਚ-4, ਐਫ. ਐਮ, ਓ -ਵਨ, ਜੇ ਐਲ, 1 ਸ਼੍ਰੇਣੀਆਂ ਦੇ ਤਹਿਤ ਅਮਰੀਕੀ ਵੀਜ਼ਾ ਵਾਲੇ ਲੋਕਾਂ ਨੂੰ ਵੀਜ਼ਾ ਨਵੀਨੀਕਰਨ ਲਈ ਦੁਬਾਰਾ ਅਰਜ਼ੀ ਦੇਣੀ ਪੈਂਦੀ ਸੀ, ਤਾਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਇੰਟਰਵਿਊ ਲਈ ਹਾਜ਼ਰ ਹੋਣ ਦੀ ਲੋੜ ਨਹੀਂ ਸੀ। ਇਸ ਦੀ ਬਜਾਏ, ਉਨ੍ਹਾਂ ਨੇ ਸਬੰਧਤ ਕੇਂਦਰਾਂ 'ਤੇ ਨਵੀਨੀਕਰਨ ਲਈ ਜ਼ਰੂਰੀ ਦਸਤਾਵੇਜ਼ ਜਮ੍ਹਾਂ ਕਰਵਾਏ ਅਤੇ ਸਮੀਖਿਆ ਤੋਂ ਬਾਅਦ ਵੀਜ਼ਾ ਦਿੱਤਾ ਗਿਆ। ਇਸ ਨੂੰ ਸੁਵਿਧਾਜਨਕ ਬਣਾਉਣ ਲਈ ਇਸਨੂੰ 'ਡ੍ਰੋਪਬਾਕਸ ਸਹੂਲਤ' ਕਿਹਾ ਜਾਂਦਾ ਸੀ। ਬਹੁਤ ਸਾਰੇ ਵੀਜ਼ਾ ਧਾਰਕਾਂ ਨੇ ਇਸ ਸਹੂਲਤ ਦੀ ਬਹੁਤ ਵਰਤੋਂ ਕੀਤੀ। ਹੁਣ, ਯੂਐਸ ਡ੍ਰੋਪਬਾਕਸ ਪ੍ਰੋਗਰਾਮ ਦੇ ਰੱਦ ਹੋਣ ਨਾਲ, ਬਿਨੈਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਇੱਕ ਇੰਟਰਵਿਊ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਵਿੱਚ ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਹਨ, ਬਿਨਾਂ ਕਿਸੇ ਅਪਵਾਦ ਦੇ। ਇਹ ਫੈਸਲਾ ਟਰੰਪ ਪ੍ਰਸ਼ਾਸਨ ਦੁਆਰਾ ਪ੍ਰਸਤਾਵਿਤ ਸੁਰੱਖਿਆ ਉਪਾਵਾਂ ਦੇ ਹਿੱਸੇ ਵਜੋਂ ਆਇਆ ਹੈ। ਨਵੇਂ ਨਿਯਮਾਂ ਦਾ ਉਦੇਸ਼ ਹਰ ਕਿਸੇ ਨੂੰ ਨਿੱਜੀ ਤੌਰ 'ਤੇ ਜਾਂਚ ਕਰਨ ਦਾ ਮੌਕਾ ਪ੍ਰਦਾਨ ਕਰਨਾ ਜਾਪਦਾ ਹੈ, ਭਾਵੇਂ ਵੀਜ਼ਾ ਅਰਜ਼ੀ ਵਿੱਚ ਕੋਈ ਗਲਤੀ ਨਾ ਹੋਵੇ, ਵਧੇਰੇ ਰਸਮੀ ਸੁਰੱਖਿਆ ਜਾਂਚ ਲਈ।




ਅਮਰੀਕਾ ਦੇ ਵੀਜ਼ਾ ਨਵੀਨੀਕਰਨ ਨਿਯਮਾਂ ਵਿੱਚ ਨਵੇਂ ਬਦਲਾਅ ਭਾਰਤੀ ਵੀਜ਼ਾ ਧਾਰਕਾਂ ਨੂੰ ਵੀ ਪ੍ਰਭਾਵਿਤ ਕਰਨ ਵਾਲੇ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਡ ?ਰੌਪਬਾਕਸ ਨੀਤੀ ਨੂੰ ਹਟਾਉਣ ਨਾਲ ਸਿੱਖਿਆ, ਨੌਕਰੀਆਂ ਅਤੇ ਕਾਰੋਬਾਰੀ ਉਦੇਸ਼ਾਂ ਲਈ ਅਮਰੀਕਾ ਦੀ ਯਾਤਰਾ ਕਰਨ ਵਾਲਿਆਂ, ਖਾਸ ਕਰਕੇ ਐਚ-1 ਬੀ ਵੀਜ਼ਾ 'ਤੇ ਆਈਟੀ ਕਰਮਚਾਰੀਆਂ ਲਈ ਨਵੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਨਵੇਂ ਨਿਯਮਾਂ ਨਾਲ ਅਮਰੀਕੀ ਵੀਜ਼ਾ ਅਪੌਇੰਟਮੈਂਟਾਂ ਲਈ ਪਹਿਲਾਂ ਹੀ ਲੰਬੇ ਸਮੇਂ ਤੋਂ ਉਡੀਕ ਦਾ ਸਮਾਂ ਹੋਰ ਵਧਣ ਵਾਲਾ ਹੈ। ਅਜਿਹਾ ਲੱਗਦਾ ਹੈ ਕਿ ਐਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਤਕਨੀਕੀ ਕਰਮਚਾਰੀਆਂ ਦੇ ਨਵੀਨੀਕਰਨ ਵਿੱਚ ਦੇਰੀ ਕਾਰਨ ਅਮਰੀਕਾ ਵਿੱਚ ਪ੍ਰੋਜੈਕਟਾਂ ਅਤੇ ਕੰਪਨੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ, ਇਹ ਖੁਲਾਸਾ ਹੋਇਆ ਹੈ ਕਿ ਅਗਸਤ ਅਤੇ ਸਤੰਬਰ ਲਈ ਨਿਰਧਾਰਤ ਡ੍ਰੌਪਬਾਕਸ ਅਪੌਇੰਟਮੈਂਟਾਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਅਤੇ ਵੀਜ਼ਾ ਧਾਰਕਾਂ ਨੂੰ ਨਵੀਨੀਕਰਨ ਲਈ ਸਿੱਧੇ ਇੰਟਰਵਿਊ ਲਈ ਬੁਲਾਇਆ ਜਾ ਰਿਹਾ ਹੈ। ਮਾਹਿਰਾਂ ਦਾ ਸੁਝਾਅ ਹੈ ਕਿ ਡ ?ਰੌਪਬਾਕਸ ਪ੍ਰਕਿਰਿਆ ਲਈ ਯੋਗ ਲੋਕਾਂ, ਖਾਸ ਕਰਕੇ ਐਚ-1ਬੀ ਵੀਜ਼ਾ ਧਾਰਕਾਂ ਨੂੰ, ਜੇਕਰ ਸੰਭਵ ਹੋਵੇ ਤਾਂ 2 ਸਤੰਬਰ, 2025 ਤੋਂ ਪਹਿਲਾਂ ਆਪਣੇ ਵੀਜ਼ਾ ਦੀ ਨਵੀਨੀਕਰਨ ਪ੍ਰਕਿਰਿਆ ਪੂਰੀ ਕਰਨੀ ਚਾਹੀਦੀ ਹੈ। ਇਸ ਲਈ, ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਮਰੀਕੀ ਦੂਤਾਵਾਸ ਅਤੇ ਕੌਂਸਲੇਟਾਂ ਦੀਆਂ ਅਧਿਕਾਰਤ ਵੈੱਬਸਾਈਟਾਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਮੁਲਾਕਾਤ ਸਲਾਟਾਂ ਬਾਰੇ ਨਵੀਨਤਮ ਜਾਣਕਾਰੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਅਮਰੀਕਾ ਨੇ ਖੁਲਾਸਾ ਕੀਤਾ ਹੈ ਕਿ ਡ ?ਰੌਪਬਾਕਸ ਨੀਤੀ ਨੂੰ ਰੱਦ ਕਰਨਾ ਹਰ ਕਿਸੇ 'ਤੇ ਲਾਗੂ ਨਹੀਂ ਹੁੰਦਾ। ਡ੍ਰੌਪਬਾਕਸ ਸਹੂਲਤ ਪਹਿਲਾਂ ਵਾਂਗ ਅਧਿਕਾਰਤ ਅਤੇ ਡਿਪਲੋਮੈਟਿਕ ਵੀਜ਼ਾ ਰੱਖਣ ਵਾਲਿਆਂ ਲਈ ਉਪਲਬਧ ਰਹੇਗੀ। ਨਾਲ ਹੀ, ਕੁਝ ਖਾਸ ਹਾਲਤਾਂ ਵਿੱਚ ਬੀ-1/ ਬੀ -2 ਸੈਲਾਨੀ ਜਾਂ ਵਪਾਰਕ ਵੀਜ਼ਾ ਨਵੀਨੀਕਰਨ ਨੂੰ ਵੀ ਛੋਟ ਦਿੱਤੀ ਜਾ ਸਕਦੀ ਹੈ। ਪਰ ਅੰਤਿਮ ਫੈਸਲਾ ਕੌਂਸਲਰ ਅਧਿਕਾਰੀਆਂ ਦੇ ਹੱਥਾਂ ਵਿੱਚ ਹੀ ਹੋਵੇਗਾ।

# ਫਲੋਰਿਡਾ 'ਚ ਹੋਏ ਘਾਤਕ ਹਾਦਸੇ ਤੋਂ ਬਾਅਦ ਸਟਾਕਟਨ ਦਾ ਟਰੱਕ ਡਰਾਈਵਰ ਕੈਲੀਫੋਰਨੀਆ ਵਿੱਚ ਗ੍ਰਿਫ਼ਤਾਰ







ਸਾਨ ਫਰਾਂਸਿਸਕੋ : ਫਲੋਰੀਡਾ ਦੇ ਟਰਨਪਾਈਕ 'ਤੇ ਇਕ ਘਾਤਕ ਹਾਦਸੇ ਦੇ ਸੰਬੰਧ 'ਚ ਇਕ ਪੰਜਾਬੀ ਟਰੱਕ ਡਰਾਈਵਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹਰਜਿੰਦਰ ਸਿੰਘ, ਇੱਕ ਭਾਰਤੀ ਨਾਗਰਿਕ ਜੋ 2018 ਵਿੱਚ ਬਿਨਾਂ ਇਜਾਜ਼ਤ ਦੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ, ਨੂੰ ਫਲੋਰਿਡਾ ਦੇ ਟਰਨਪਾਈਕ 'ਤੇ ਹੋਏ ਇੱਕ ਘਾਤਕ ਹਾਦਸੇ ਤੋਂ ਬਾਅਦ ਪਿਛਲੇ ਹਫਤੇ ਕੈਲੀਫੋਰਨੀਆ ਦੇ ਸਟਾਕਟਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਫਲੋਰਿਡਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਿੰਘ ਨੇ ਹਾਈਵੇਅ 'ਤੇ ਇੱਕ ਗੈਰ-ਕਾਨੂੰਨੀ ਯੂ-ਟਰਨ ਲੈਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਇੱਕ ਮਿਨੀਵੈਨ ਨਾਲ ਟੱਕਰ ਹੋ ਗਈ ਜਿਸ ਵਿੱਚ ਤਿੰਨ ਲੋਕਾਂ ਦੀ ਜਾਨ ਚਲੀ ਗਈ। ਸਿੰਘ, ਜੋ ਇੱਕ ਟਰੈਕਟਰ-ਟਰੇਲਰ ਚਲਾ ਰਿਹਾ ਸੀ, ਇਸ ਘਟਨਾ ਵਿੱਚ ਜ਼ਖ਼ਮੀ ਨਹੀਂ ਹੋਇਆ। ਟਰੱਕ ਦੇ ਕੈਬਿਨ ਦੇ ਅੰਦਰੋਂ ਮਿਲੀ ਵੀਡੀਓ ਵਿੱਚ ਕਥਿਤ ਤੌਰ 'ਤੇ ਦਿਖਾਇਆ ਗਿਆ ਹੈ ਕਿ ਉਹ ਬਿਨਾਂ ਕਿਸੇ ਪ੍ਰਤੀਕਿਰਿਆ ਦੇ ਤੁਰੰਤ ਬਾਅਦ ਇੰਜਣ ਬੰਦ ਕਰ ਰਿਹਾ ਹੈ। ਹਾਦਸੇ ਤੋਂ ਬਾਅਦ, ਯੂ.ਐਸ. ਮਾਰਸ਼ਲਜ਼ ਨੇ ਸਿੰਘ ਨੂੰ ਸਟਾਕਟਨ ਤੋਂ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਹੁਣ ਫਰੈਂਚ ਕੈਂਪ ਦੀ ਸੈਨ ਹੋਕਿਨ (San Joaquin) ਕਾਉਂਟੀ ਜੇਲ੍ਹ ਵਿੱਚ ਰੱਖਿਆ ਗਿਆ ਹੈ, ਜਿੱਥੋਂ ਉਸ ਨੂੰ ਫਲੋਰਿਡਾ ਹਵਾਲੇ ਕੀਤਾ ਜਾਵੇਗਾ ਤਾਂ ਜੋ ਉਹ ਵੇਹੀਕੂਲਰ ਹੋਮੀਸਾਈਡ (ਗੱਡੀ ਨਾਲ ਹੋਈ ਮੌਤ) ਦੇ ਤਿੰਨ ਦੋਸ਼ਾਂ ਦਾ ਸਾਹਮਣਾ ਕਰ ਸਕੇ। ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਵੀ ਇੱਕ ਡਿਟੇਨਰ ਜਾਰੀ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਦੀ ਅਪਰਾਧਿਕ ਕਾਰਵਾਈ ਖ਼ਤਮ ਹੋਣ ਤੋਂ ਬਾਅਦ ਵੀ ਉਹ ਹਿਰਾਸਤ ਵਿੱਚ ਰਹੇ।

ਸਿੰਘ 'ਤੇ ਪਹਿਲਾਂ ਦੇਸ਼ ਨਿਕਾਲੇ ਦੀ ਕਾਰਵਾਈ ਕੀਤੀ ਗਈ ਸੀ, ਪਰ ਉਸਨੇ ਇਹ ਦਾਅਵਾ ਕਰਦਿਆਂ ਸ਼ਰਨ ਲਈ ਅਰਜ਼ੀ ਦਿੱਤੀ ਕਿ ਉਸਨੂੰ ਵਾਪਸ ਘਰ ਭੇਜੇ ਜਾਣ ਦਾ ਡਰ ਹੈ, ਜਿਸ ਤੋਂ ਬਾਅਦ ਉਸਨੂੰ ਰਹਿਣ ਦੀ ਇਜਾਜ਼ਤ ਮਿਲ ਗਈ। ਉਸਨੂੰ ਜਨਵਰੀ 2019 ਵਿੱਚ $5,000 ਦੇ ਇਮੀਗ੍ਰੇਸ਼ਨ ਬਾਂਡ 'ਤੇ ਰਿਹਾਅ ਕੀਤਾ ਗਿਆ ਸੀ ਅਤੇ ਉਹ ਅਜੇ ਵੀ ਆਪਣੇ ਸ਼ਰਨ ਦੇ ਕੇਸ 'ਤੇ ਫੈਸਲੇ ਦੀ ਉਡੀਕ ਕਰ ਰਿਹਾ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (DHS) ਦੇ ਅਨੁਸਾਰ, ਸਿੰਘ ਦੀ ਕੰਮ ਕਰਨ ਦੀ ਇਜਾਜ਼ਤ (work authorization) ਨੂੰ ਸਤੰਬਰ 2020 ਵਿੱਚ ਟਰੰਪ ਪ੍ਰਸ਼ਾਸਨ ਦੇ ਅਧੀਨ ਰੱਦ ਕਰ ਦਿੱਤਾ ਗਿਆ ਸੀ, ਪਰ ਜੂਨ 2021 ਵਿੱਚ ਬਾਈਡਨ ਪ੍ਰਸ਼ਾਸਨ ਦੇ ਅਧੀਨ ਇਸਨੂੰ ਮਨਜ਼ੂਰੀ ਦੇ ਦਿੱਤੀ ਗਈ। ਇਸ ਮਨਜ਼ੂਰੀ ਨੇ ਸਿੰਘ ਨੂੰ ਗਵਰਨਰ ਗੈਵਿਨ ਨਿਊਸਮ ਦੇ ਪ੍ਰਸ਼ਾਸਨ ਅਧੀਨ ਕੈਲੀਫੋਰਨੀਆ ਵਿੱਚ ਇੱਕ ਕਮਰਸ਼ੀਅਲ ਡਰਾਈਵਰ ਲਾਇਸੈਂਸ (CDL) ਪ੍ਰਾਪਤ ਕਰਨ ਦੀ ਆਗਿਆ ਦਿੱਤੀ। DHS ਦੀ ਬੁਲਾਰਾ ਟ੍ਰਿਸ਼ੀਆ ਮੈਕਲੌਫਲਿਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੰਮ ਕਰਨ ਦੀ ਇਜਾਜ਼ਤ ਦੇ ਫੈਸਲੇ ਸੰਘੀ ਪੱਧਰ 'ਤੇ ਲਏ ਜਾਂਦੇ ਹਨ, ਜਦੋਂ ਕਿ ਰਾਜ ਦੇ DMV ਲਾਗੂ ਰਾਜ ਕਾਨੂੰਨ ਦੀ ਪਾਲਣਾ ਦੇ ਅਧਾਰ 'ਤੇ CDL ਜਾਰੀ ਕਰਦੇ ਹਨ। ਟਰੱਕ ਦੇ ਕੈਬਿਨ ਦੇ ਅੰਦਰ ਦੀ ਵੀਡੀਓ ਫੁਟੇਜ ਵਿੱਚ ਉਹ ਪਲ ਦਿਖਾਇਆ ਗਿਆ ਹੈ ਜਦੋਂ ਗੱਡੀ ਸਿੰਘ ਦੇ ਟਰੇਲਰ ਨਾਲ ਟਕਰਾਈ ਜਦੋਂ ਉਹ ਗੈਰ-ਕਾਨੂੰਨੀ ਯੂ-ਟਰਨ ਲੈ ਰਿਹਾ ਸੀ।







(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ‘ਹਿਮਾਚਲ, ਪੰਜਾਬ ਅਤੇ ਹਰਿਆਣਾ’ ਨੌਜਵਾਨਾਂ ’ਚ ਬੇਰੁਜ਼ਗਾਰੀ-ਰਾਸ਼ਟਰੀ ਔਸਤ ਤੋਂ ਵੱਧ!

ਦੇਸ਼ ’ਚ ਬੇਰੁਜ਼ਗਾਰੀ ਦੇ ਸੰਬੰਧ ’ਚ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ’ਚ 15 ਤੋਂ 29 ਸਾਲ ਉਮਰ ਵਰਗ ਦੇ ਨੌਜਵਾਨਾਂ ’ਚ ਰੁਜ਼ਗਾਰ ਦੀ ਸਥਿਤੀ ਅਤਿਅੰਤ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦੀ ਹੈ ਅਤੇ ਇਨ੍ਹਾਂ ਤਿੰਨਾਂ ਹੀ ਰਾਜਾਂ ’ਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਔਸਤ ਰਾਸ਼ਟਰੀ ਔਸਤ ਤੋਂ ਵੱਧ ਹੈ।

ਭਾਰਤ ਸਰਕਾਰ ਦੇ ‘ਸਟੈਟਿਸਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ’ ਮੰਤਰਾਲੇ ਵਲੋਂ ਅਪ੍ਰੈਲ-ਜੂਨ 2025 ਲਈ ਜਾਰੀ ਕੀਤੇ ਗਏ ‘ਪੀਰੀਓਡਿਕ ਲੇਬਰ ਫੋਰਸ ਸਰਵੇ’ (ਪੀ. ਐੱਲ. ਐੱਫ. ਐੱਸ.) ਅਨੁਸਾਰ ਉਕਤ ਤਿੰਨਾਂ ਹੀ ਰਾਜਾਂ ’ਚ ਹਿਮਾਚਲ ਪ੍ਰਦੇਸ਼ ਸਭ ਤੋਂ ਵੱਧ ਕੁਪ੍ਰਭਾਵਿਤ ਰਾਜ ਹੈ।

ਅੰਕੜਿਆਂ ਅਨੁਸਾਰ ਹਿਮਾਚਲ ਪ੍ਰਦੇਸ਼ ’ਚ ਉਪਲਬਧ ਕਿਰਤ ਸ਼ਕਤੀ ਦੀ ਹਿੱਸੇਦਾਰੀ ਜ਼ਿਆਦਾ ਹੋਣ ਦੇ ਬਾਵਜੂਦ ਹਿਮਾਚਲ ਪ੍ਰਦੇਸ਼ ਦੇ ਨੌਜਵਾਨਾਂ ’ਚ ਬੇਰੁਜ਼ਗਾਰੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਰਾਸ਼ਟਰੀ ਔਸਤ 14.6 ਫੀਸਦੀ ਦੀ ਤੁਲਨਾ ’ਚ ਹਿਮਾਚਲ ਪ੍ਰਦੇਸ਼ ’ਚ ਨੌਜਵਾਨਾਂ ’ਚ ਬੇਰੁਜ਼ਗਾਰੀ ਦੀ ਦਰ ਲਗਭਗ 30 ਫੀਸਦੀ ਪਾਈ ਗਈ ਹੈ।




ਗ੍ਰਾਮੀਣ ਇਲਾਕਿਆਂ ’ਚ ਬੇਰੁਜ਼ਗਾਰੀ 29.1 ਫੀਸਦੀ ਅਤੇ ਸ਼ਹਿਰੀ ਖੇਤਰਾਂ ’ਚ ਇਸ ਤੋਂ ਵੀ ਜ਼ਿਆਦਾ 31.3 ਫੀਸਦੀ ਪਾਈ ਗਈ। ਇਹ ਸਥਿਤੀ ਪ੍ਰਦੇਸ਼ ਦੀ ਅਰਥਵਿਵਸਥਾ ਅਤੇ ਨੌਜਵਾਨਾਂ ਦੇ ਭਵਿੱਖ ਲਈ ਇਕ ਚੁਣੌਤੀ ਦੇ ਰੂਪ ’ਚ ਵੇਖੀ ਜਾ ਰਹੀ ਹੈ।

ਪੰਜਾਬ ਵੀ ਨੌਜਵਾਨਾਂ ਦੇ ਮਾਮਲੇ ’ਚ ਬੇਰੁਜ਼ਗਾਰੀ ਦੀ ਰਾਸ਼ਟਰੀ ਔਸਤ ਤੋਂ ਵੱਧ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਉਕਤ ਮਿਆਦ ਦੌਰਾਨ ਪੰਜਾਬ ’ਚ ਲਗਭਗ 20 ਫੀਸਦੀ ਨੌਜਵਾਨ ਬੇਰੁਜ਼ਗਾਰ ਪਾਏ ਗਏ। ਸ਼ਹਿਰੀ ਇਲਾਕਿਆਂ ’ਚ 17.8 ਫੀਸਦੀ ਦੀ ਤੁਲਨਾ ’ਚ ਗ੍ਰਾਮੀਣ ਇਲਾਕਿਆਂ ’ਚ ਬੇਰੁਜ਼ਗਾਰੀ ਦੀ ਦਰ 22.1 ਫੀਸਦੀ ਪਾਈ ਗਈ।

ਪੰਜਾਬ ’ਚ ‘ਆਮ ਆਦਮੀ ਪਾਰਟੀ’ ਦੀ ਸਰਕਾਰ ਦੇ ਪਿਛਲੇ ਸਾਢੇ 3 ਸਾਲਾਂ ਦੇ ਸ਼ਾਸਨਕਾਲ ’ਚ 55,000 ਸਰਕਾਰੀ ਨੌਕਰੀਆਂ ਹੀ ਦਿੱਤੀਆਂ ਗਈਆਂ ਹਨ ਜਦਕਿ ਹੋਰਨਾਂ ਰਾਜਾਂ ’ਚ ਸਰਕਾਰੀ ਨੌਕਰੀਆਂ ਦੇਣ ਦਾ ਫੀਸਦੀ ਕਿਤੇ ਵੱਧ ਹੈ।

ਸੂਬੇ ’ਚ ਬੇਰੁਜ਼ਗਾਰੀ ਜ਼ਿਆਦਾ ਹੋਣ ਦਾ ਇਕ ਕਾਰਨ ਸਰਕਾਰੀ ਨਿਯੁਕਤੀਆਂ ਦੀ ਰਫਤਾਰ ਹੌਲੀ ਹੋਣਾ ਵੀ ਹੈ। ਇਸ ਦੇ ਇਲਾਵਾ ਕਾਲਜਾਂ ’ਚ ਪੜ੍ਹਾਈ ਅਤੇ ਉਦਯੋਗ ਜਗਤ ਦੀ ਮੰਗ ਦੇ ਵਿਚਾਲੇ ਤਾਲਮੇਲ ਦੀ ਕਮੀ ਹੋਣ, ਖੇਤੀ ’ਤੇ ਨਿਰਭਰਤਾ ਅਤੇ ਇਸ ਦੇ ਮਸ਼ੀਨੀਕਰਨ ਦੇ ਕਾਰਨ ਵੀ ਸੂਬੇ ’ਚ ‘ਪੜ੍ਹਿਆਂ-ਲਿਖਿਆਂ ਦੀ ਬੇਰੁਜ਼ਗਾਰੀ’ ’ਚ ਵਾਧਾ ਹੋਇਆ ਹੈ।

ਜਿੱਥੋਂ ਤੱਕ ਹਰਿਆਣਾ ਦਾ ਸੰਬੰਧ ਹੈ ਇਸ ਦੀ ਸਥਿਤੀ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਤੁਲਨਾ ’ਚ ਕੁਝ ਬਿਹਤਰ ਤਾਂ ਹੈ ਪਰ ਇਹ ਰਾਸ਼ਟਰੀ ਔਸਤ ਨਾਲੋਂ ਵੱਧ ਹੀ ਹੈ। ਹਰਿਆਣਾ ਦੇ ਗ੍ਰਾਮੀਣ ਅਤੇ ਸ਼ਹਿਰੀ ਇਲਾਕਿਆਂ ’ਚ 15.6 ਫੀਸਦੀ ਨੌਜਵਾਨ ਬੇਰੁਜ਼ਗਾਰ ਪਾਏ ਗਏ ਹਨ। ਸ਼ਹਿਰੀ ਇਲਾਕਿਆਂ ’ਚ 14.9 ਫੀਸਦੀ ਦੀ ਤੁਲਨਾ ’ਚ ਗ੍ਰਾਮੀਣ ਇਲਾਕਿਆਂ ’ਚ ਬੇਰੁਜ਼ਗਾਰੀ ਦੀ ਦਰ 16.2 ਫੀਸਦੀ ਪਾਈ ਗਈ।

ਹਾਲਾਂਕਿ ਹਰਿਆਣਾ ਬੇਰੁਜ਼ਗਾਰੀ ਦੇ ਮਾਮਲੇ ’ਚ ਕੁਲ ਹਿੰਦ ਔਸਤ ਦੇ ਨੇੜੇ ਹੈ ਪਰ ਇਸ ’ਚ ਨੌਜਵਾਨਾਂ ਦੀ ਹਿੱਸੇਦਾਰੀ ਘੱਟ ਹੈ ਅਤੇ ਇੱਥੋਂ ਦੇ ਨੌਜਵਾਨਾਂ ਦਾ ਸੈਨਾ ਅਤੇ ਉਦਯੋਗਾਂ ’ਚ ਨੌਕਰੀ ਕਰਨ ਵੱਲ ਰੁਝਾਨ ਜ਼ਿਆਦਾ ਹੈ।

ਸੂਬਾਈ ਸਰਕਾਰ ਨੌਕਰੀਆਂ ਦੀ ਸਿਰਜਣਾ ਤਾਂ ਕਰ ਰਹੀ ਹੈ ਪਰ ਬੇਰੁਜ਼ਗਾਰਾਂ ਦੀ ਗਿਣਤੀ ਨੂੰ ਦੇਖਦੇ ਹੋਏ ਇਹ ਘੱਟ ਹੈ। ਸਾਬਕਾ ਕੇਂਦਰੀ ਵਿੱਤ ਅਤੇ ਗ੍ਰਹਿ ਮੰਤਰੀ ਪੀ. ਚਿਦਾਂਬਰਮ ਦਾ ਕਹਿਣਾ ਹੈ ਕਿ ਹਰਿਆਣਾ ’ਚ 4.5 ਲੱਖ ਨਿਯਮਿਤ ਸਰਕਾਰੀ ਅਹੁਦੇ ਹਨ, ਜਿਨ੍ਹਾਂ ’ਚੋਂ 1.8 ਲੱਖ ਅਹੁਦੇ ਖਾਲੀ ਹਨ।

ਯੁਵਾ ਸ਼ਕਤੀ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਪੂੰਜੀ ਹੁੰਦੀ ਹੈ ਇਸੇ ਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਇਸ ਸ਼ਕਤੀ ਨੂੰ ਸਹੀ ਦਿਸ਼ਾ ’ਚ ਮੋੜ ਕੇ ਦੇਸ਼ ਅਤੇ ਸਮਾਜ ਲਈ ਉਸ ਦੀ ਸਰਵਸ੍ਰੇਸ਼ਠ ਵਰਤੋਂ ਕੀਤੀ ਜਾਵੇ।

ਬੇਰੁਜ਼ਗਾਰੀ ਅੱਜ ਸਾਡੇ ਦੇਸ਼ ਦੀ ਵੱਡੀ ਸਮੱਸਿਆ ਬਣ ਚੁੱਕੀ ਹੈ ਤੇ ਹਾਲਤ ਇਹ ਹੋ ਗਈ ਹੈ ਕਿ ਚੰਗੀ ਨੌਕਰੀ ਨਾ ਮਿਲਣ ਦੀ ਨਿਰਾਸ਼ਾ ਅਤੇ ਆਰਥਿਕ ਸਮੱਸਿਆਵਾਂ ਦੇ ਕਾਰਨ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਲੜਕੇ-ਲੜਕੀਆਂ ਵੀ ਘੱਟ ਯੋਗਤਾ ਵਾਲੀਆਂ ਨੌਕਰੀਆਂ ਕਰਨ ਲਈ ਮਜਬੂਰ ਹੋ ਰਹੇ ਹਨ ਅਤੇ ਵਿਦੇਸ਼ ਜਾਣ ਦੀ ਤਿਆਰੀ ’ਚ ਹਨ।

ਇਸ ਸਥਿਤੀ ਨੂੰ ਪਲਟਣ ਲਈ ਇਸ ਦੇ ਲਈ ਦੇਸ਼ ’ਚ ਸਿਰਫ ਹਿਮਾਚਲ, ਹਰਿਆਣਾ ਅਤੇ ਪੰਜਾਬ ’ਚ ਹੀ ਨਹੀਂ ਸਗੋਂ ਹੋਰਨਾਂ ਰਾਜਾਂ ’ਚ ਵੀ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕਿਆਂ ਦੀ ਸਿਰਜਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਯੁਵਾ ਸ਼ਕਤੀ ਰਚਨਾਤਮਕ ਕਾਰਜਾਂ ’ਚ ਵਰਤੀ ਜਾ ਸਕੇ ਅਤੇ ਉਨ੍ਹਾਂ ਦੀ ਸ਼ਕਤੀ ਵਿਅਰਥ ਦੇ ਕੰਮਾਂ ’ਚ ਨਸ਼ਟ ਨਾ ਹੋਵੇ।

# ਗਾਜ਼ਾ ਵਿੱਚ ਜੰਗ ਅਤੇ ਸ਼ਾਂਤੀ ਦੀ ਸ਼ਤਰੰਜ



ਗਾਜ਼ਾ ਵਿੱਚ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸੱਜੇ ਪੱਖੀ ਸਰਕਾਰ ਗਾਜ਼ਾ ਵਿੱਚ ਵਿਸਥਾਰਵਾਦੀ ਏਜੰਡੇ ਤਹਿਤ ਫ਼ਲਸਤੀਨੀਆਂ ਉੱਤੇ ਅਣਮਨੁੱਖੀ ਜ਼ੁਲਮ ਢਾਹ ਰਹੀ ਹੈ। ਇਸ ਤਬਾਹੀ ਲਈ ਇਜ਼ਰਾਈਲ ਅਤੇ ਇਸ ਦੇ ਸਮਰਥਕਾਂ ਦੀ ਸੰਸਾਰ ਭਰ ਵਿੱਚ ਵਿਆਪਕ ਆਲੋਚਨਾ ਦੇ ਮੱਦੇਨਜ਼ਰ ਇਸ ਦੇ ਪੁਰਾਣੇ ਸਮਰਥਕ ਮੁਲਕਾਂ- ਕੈਨੇਡਾ, ਫਰਾਂਸ ਤੇ ਬ੍ਰਿਟੇਨ ਨੇ ਸਤੰਬਰ 2025 ਵਿੱਚ ਸੰਯੁਕਤ ਰਾਸ਼ਟਰ ਦੀ 80ਵੀਂ ਜਨਰਲ ਅਸੈਂਬਲੀ ਵਿੱਚ ਫ਼ਲਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕੀਤਾ ਹੈ।

30 ਜੁਲਾਈ 2025 ਨੂੰ ਆਪਣੇ ਬਿਆਨ ਵਿੱਚ ਕੈਨੇਡਾ ਨੇ ਇਜ਼ਰਾਈਲ ਨੂੰ “ਗਾਜ਼ਾ ਵਿੱਚ ਤੇਜ਼ੀ ਨਾਲ ਵਧਦੀ ਮਨੁੱਖੀ ਤਬਾਹੀ” ਲਈ ਕੋਸਦੇ ਹੋਏ ਕਿਹਾ ਕਿ ਸ਼ਾਂਤੀ, ਸੁਰੱਖਿਆ ਅਤੇ ਮਨੁੱਖੀ ਜੀਵਨ ਦੇ ਬਚਾਅ ਲਈ ਕੌਮਾਂਤਰੀ ਕਾਰਵਾਈ ਵਿੱਚ ਹੋਰ ਦੇਰੀ ਨਹੀਂ ਕੀਤੀ ਜਾ ਸਕਦੀ; ਦੂਜੇ ਪਾਸੇ, ਉਸ ਨੇ ਹਮਾਸ ਦੁਆਰਾ 7 ਅਕਤੂਬਰ 2023 ਨੂੰ ਕੀਤੇ ਘਿਨਾਉਣੇ ਅਤਿਵਾਦੀ ਹਮਲੇ ਦੀ ਵੀ ਨਿੰਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਦੂਜੇ ਸੰਸਾਰ ਯੁੱਧ ਤੋਂ ਬਾਅਦ ਇਸ ਖਿੱਤੇ ਵਿੱਚ ਸ਼ਾਂਤੀ ਲਈ ਇਜ਼ਰਾਈਲ ਅਤੇ ਫ਼ਲਸਤੀਨ, ਦੋ ਆਜ਼ਾਦ ਮੁਲਕ ਬਣਾਉਣ ਦਾ ਫਾਰਮੂਲਾ ਤਜਵੀਜ਼ ਕੀਤਾ ਗਿਆ ਸੀ ਪਰ ਕਈ ਇਸਲਾਮੀ ਗਰੁੱਪਾਂ ਅਤੇ ਮੁਲਕਾਂ ਨੇ ਇਜ਼ਰਾਈਲ ਨੂੰ ਮਾਨਤਾ ਨਾ ਦੇਣ ਕਰ ਕੇ ਇਹ ਫਾਰਮੂਲਾ ਸਿਰੇ ਨਹੀਂ ਚੜ੍ਹਿਆ।

ਉੱਧਰ, ਇਜ਼ਰਾਈਲ ਨੂੰ ਅਮਰੀਕਾ ਦੀ ਅਗਵਾਈ ਵਿੱਚ ਆਜ਼ਾਦ ਮੁਲਕ ਵਜੋਂ ਮਾਨਤਾ ਉਸੇ ਵਕਤ ਮਿਲ ਗਈ ਸੀ ਪਰ ਫ਼ਲਸਤੀਨ ਨੂੰ ਮਾਨਤਾ ਦੇਣ ਤੋਂ ਪਹਿਲਾਂ ਸ਼ਾਂਤੀ ਸਮਝੌਤੇ ਦੀ ਸ਼ਰਤ ਰੱਖ ਦਿੱਤੀ ਗਈ ਜਿਸ ਕਰ ਕੇ ਯੂਐੱਨਓ ਦੇ 147 ਮੈਂਬਰ ਮੁਲਕਾਂ ਦੀ ਫ਼ਲਸਤੀਨ ਨੂੰ ਮਾਨਤਾ ਦੇਣ ਦੇ ਬਾਵਜੂਦ ਕੈਨੇਡਾ, ਫਰਾਂਸ, ਬ੍ਰਿਟੇਨ ਅਤੇ ਅਮਰੀਕਾ ਸਮੇਤ ਕਈ ਦੇਸ਼ ਆਪਣੀ ਸ਼ਰਤ ’ਤੇ ਅੜੇ ਹੋਏ ਹਨ। ਹੁਣ ਅਮਰੀਕਾ ਦੀ ਪ੍ਰਵਾਹ ਕੀਤੇ ਬਗੈਰ ਕੈਨੇਡਾ, ਫਰਾਂਸ, ਬ੍ਰਿਟੇਨ ਅਤੇ ਕੁਝ ਹੋਰ ਦੇਸ਼ਾਂ ਦਾ ਸਤੰਬਰ 2025 ਨੂੰ ਫ਼ਲਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਅਹਿਮ ਹੈ। ਕੈਨੇਡਾ ਦੁਆਰਾ ਫ਼ਲਸਤੀਨ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਦੇਣ ਦੀ ਯੋਜਨਾ ਬਾਰੇ ਮਿਸ਼ਰਤ ਪ੍ਰਤੀਕਿਰਿਆ ਸਾਹਮਣੇ ਆਈ ਹੈ, ਪਰ ਮੁੱਖ ਤੌਰ ’ਤੇ ਇਸ ਦਾ ਸਵਾਗਤ ਹੀ ਹੋਇਆ ਹੈ। ਉਂਝ, ਇਸ ਸਬੰਧੀ ਜ਼ਮੀਨੀ ਪੱਧਰ ’ਤੇ ਕਿਸੇ ਵੱਡੀ ਵਿਹਾਰਕ ਕਾਰਵਾਈ ਦੀ ਅਣਹੋਂਦ ਕਾਰਨ ਇਸ ਨੂੰ ਮੋਟੇ ਤੌਰ ’ਤੇ ‘ਪ੍ਰਤੀਕਾਤਮਕ’ ਹੀ ਦੱਸਿਆ ਜਾ ਰਿਹਾ ਹੈ। ਫਿਰ ਵੀ ਇਸ ਦੀ ਬਹੁਤ ਅਹਿਮੀਅਤ ਹੈ।

ਇਸ ਫ਼ੈਸਲੇ ਨੂੰ ਖਿੱਤੇ ਵਿੱਚ ਦੋ-ਮੁਲਕੀ ਹੱਲ ਲਈ ਕੈਨੇਡਾ ਅਤੇ ਦੂਜੇ ਦੇਸ਼ਾਂ ਦੀ ਵਿਦੇਸ਼ ਨੀਤੀ ਵਿੱਚ ਵੱਡੀ ‘ਤਬਦੀਲੀ’ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਇਸ ਦੀ ਅਹਿਮੀਅਤ ਨੂੰ ਦੋ ਤਰੀਕਿਆਂ ਨਾਲ ਮਾਪਿਆ ਜਾ ਸਕਦਾ ਹੈ: ਇੱਕ, ਇਸ ਨਾਲ ਸੰਭਾਵੀ ਤੌਰ ’ਤੇ ਨੇਤਨਯਾਹੂ ਦੀ ਅਗਵਾਈ ਵਾਲੀ ਇਜ਼ਰਾਈਲ ਸਰਕਾਰ ਅਤੇ ਟਰੰਪ ਦੀ ਅਗਵਾਈ ਵਾਲਾ ਅਮਰੀਕੀ ਪ੍ਰਸ਼ਾਸਨ, ਦੋਵੇਂ ਹੀ ਕੂਟਨੀਤਕ ਤੌਰ ’ਤੇ ਅਲੱਗ-ਥਲੱਗ ਪੈ ਸਕਦੇ ਹਨ; ਦੂਜਾ, ਇਹ ਫ਼ਲਸਤੀਨ ਆਬਾਦੀ ਲਈ ਰਣਨੀਤਕ ਜਗ ?ਹਾ ਅਤੇ ਹੌਸਲਾ ਪੈਦਾ ਕਰ ਕੇ ਮਜ਼ਬੂਤ ਕਰਨ ਵਾਲੀ ਕਾਰਵਾਈ ਹੈ। ਇਹ ਐਲਾਨ ਜੀ-7 ਮੈਂਬਰ ਮੁਲਕਾਂ ਵਿੱਚੋਂ ਤਿੰਨਾਂ ਦੁਆਰਾ ਆਪਣੀ ਨੀਤੀ ਵਿੱਚ ਤਬਦੀਲੀ ਕਰ ਕੇ ਕੌਮਾਂਤਰੀ ਇਨਸਾਫ਼ ਅਦਾਲਤ ਅਤੇ ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਤੇ ਫੈਸਲਿਆਂ ਨੂੰ ਜਾਇਜ਼ ਠਹਿਰਾਉਣ ਅਤੇ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ 147 ਦੇਸ਼ਾਂ ਦੁਆਰਾ ਫ਼ਲਸਤੀਨ ਨੂੰ ਦਿੱਤੀ ਮਾਨਤਾ ਨੂੰ ਮਜ਼ਬੂਤੀ ਕਰਨ ਵਾਲਾ ਹਨ। ਇਸ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਵਿੱਚੋਂ ਚਾਰ (ਫਰਾਂਸ, ਬ੍ਰਿਟੇਨ, ਰੂਸ ਤੇ ਚੀਨ) ਸੁਤੰਤਰ ਫ਼ਲਸਤੀਨੀ ਮੁਲਕ ਦੀ ਮਾਨਤਾ ’ਤੇ ਸਹਿਮਤ ਹੋਣਗੇ। ਇਸ ਨਾਲ ਘੱਟੋ-ਘੱਟ ਨੈਤਿਕ ਤੌਰ ’ਤੇ ਤੁਰੰਤ ਜੰਗਬੰਦੀ ਲਈ ਸੰਯੁਕਤ ਰਾਸ਼ਟਰ ਦੀ ਸਥਿਤੀ ਨੂੰ ਮਜ਼ਬੂਤੀ ਮਿਲਦੀ ਹੈ। ਇਹ ਕਦਮ ਨਾ ਸਿਰਫ਼ ਇਨ੍ਹਾਂ ਮੁਲਕਾਂ ਵਿੱਚ, ਸਗੋਂ ਅਮਰੀਕਾ ਵਿੱਚ ਵੀ ਟਰੰਪ ਪ੍ਰਸ਼ਾਸਨ ਦੀ ਫ਼ਲਸਤੀਨੀਆਂ ਵਿਰੁੱਧ ਇੱਕਪਾਸੜ ਇਜ਼ਰਾਇਲੀ ਜੰਗ ਵਿਰੁੱਧ ਆਵਾਜ਼ ਨੂੰ ਹੁਲਾਰਾ ਦੇਵੇਗਾ ਅਤੇ ਇਜ਼ਰਾਈਲ ਦੀ ਅਮਨ ਪਸੰਦ ਜਨਤਾ ਨੂੰ ਨੇਤਨਯਾਹੂ ਵਿਰੁੱਧ ਉਕਸਾਏਗਾ। ਇਹ ਕਦਮ ਦੂਜੇ ਮੁਲਕਾਂ ਨੂੰ ਵੀ ਇਜ਼ਰਾਈਲ ਵਿਰੁੱਧ ਪ੍ਰੇਰੇਗਾ। ਜੇ ਇਹ ਮੁਲਕ ਇਕੱਠੇ ਹੋ ਕੇ ਕੰਮ ਕਰਦੇ ਹਨ ਤਾਂ ਇਸ ਨਾਲ ਟਰੰਪ ਅਤੇ ਨੇਤਨਯਾਹੂ ਨੂੰ ਮਜਬੂਰ ਕਰ ਸਕਦੇ ਹਨ।

ਕੌਮਾਂਤਰੀ ਮਾਮਲਿਆਂ ਦੇ ਜਾਣਕਾਰ ਪ੍ਰੋ. ਫੇਨ ਹੈਂਪਸਨ ਨੇ ਸਵੀਕਾਰ ਕੀਤਾ ਹੈ ਕਿ ਕੈਨੇਡਾ ਦਾ ਇਰਾਦਾ “ਇਜ਼ਰਾਈਲ ’ਤੇ ਦਬਾਅ ਪਾਉਣ ਦੀ ਰਣਨੀਤੀ ਦਾ ਹਿੱਸਾ ਹੈ”ਜਿਸ ਨਾਲ ਖੇਤਰ ’ਚ ਫਰਾਂਸ, ਬ੍ਰਿਟੇਨ ਅਤੇ ਕੈਨੇਡਾ ਦਾ ਨਵਾਂ ਰਾਜਨੀਤਕ ਧੁਰਾ ਬਣਦਾ ਹੈ। ਉਸ ਅਨੁਸਾਰ ਇਹ ‘ਵੱਡਾ ਫੈਸਲਾ’ ਹੈ ਜੋ ‘ਨੇਤਨਯਾਹੂ ਸਰਕਾਰ ਪ੍ਰਤੀ ਨਿਰਾਸ਼ਾ’ ਜ਼ਾਹਿਰ ਕਰਦਾ ਹੈ। 2006 ਤੋਂ 2010 ਤੱਕ ਇਜ਼ਰਾਈਲ ਵਿੱਚ ਕੈਨੇਡਾ ਦੇ ਰਾਜਦੂਤ ਰਹੇ ਜੌਨ ਐਲਨ ਅਨੁਸਾਰ, “ਫ਼ਲਸਤੀਨ ਨੂੰ ਮਾਨਤਾ ਦੇਣ ਦਾ ਅਰਥ ਹੈ- ਇਜ਼ਰਾਈਲ, ਅਮਰੀਕਾ, ਦੁਨੀਆ ਅਤੇ ਫ਼ਲਸਤੀਨੀਆਂ ਨੂੰ ਸੰਦੇਸ਼ ਦੇਣਾ”ਕਿ ਖਿੱਤੇ ਵਿੱਚ ਦੋ-ਰਾਜੀ ਹੱਲ ਬਹੁਤ ਮਹੱਤਵਪੂਰਨ ਹੈ। ਇਹ ਕਦਮ ਫ਼ਲਸਤੀਨ ਨੂੰ ਪ੍ਰਭੂਸੱਤਾ ਵਾਲੇ ਵਜੋਂ ਆਪਣੇ ਖੇਤਰ,

**ਸੁਖਦੇਵ ਸਿੰਘ**

ਆਪਣੇ ਖੇਤਰੀ ਪਾਣੀਆਂ ਅਤੇ ਆਪਣੇ ਹਵਾਈ ਖੇਤਰ ਅਤੇ ਆਪਣੇ ਕਾਨੂੰਨੀ ਅਧਿਕਾਰਾਂ ਦਾ ਦਾਅਵਾ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਕਦਮ ਦਾ ਸਮਰਥਨ ਕਰਦੇ ਹੋਏ ਪ੍ਰਗਤੀਸ਼ੀਲ ਯਹੂਦੀ ਸਮੂਹ ‘ਜੇ-ਸਪੇਸ ਕੈਨੇਡਾ’ ਨੇ ਇਸ ਨੂੰ ‘ਮਹੱਤਵਪੂਰਨ ਅਤੇ ਦਲੇਰਾਨਾ ਕਦਮ’ ਕਿਹਾ ਹੈ।

ਦੂਜੇ ਪਾਸੇ, ਇਸ ’ਤੇ ਪ੍ਰਤੀਕਿਰਿਆ ਕਰਦੇ ਹੋਏ ਕੈਨੇਡਾ ’ਚ ਇਜ਼ਰਾਈਲ ਦੇ ਰਾਜਦੂਤ ਨੇ ਇਸ ਕਦਮ ਨੂੰ ‘ਹਮਾਸ ਲਈ ਇਨਾਮ’ ਵਜੋਂ ਭੰਡਿਆ ਹੈ ਤੇ ਚਿਤਾਵਨੀ ਦਿੱਤੀ ਹੈ: “ਇਜ਼ਰਾਈਲ ਆਪਣੇ ਵਿਰੁੱਧ ਕੌਮਾਂਤਰੀ ਦਬਾਅ ਦੀ ਮੁਹਿੰਮ ਅੱਗੇ ਝੁਕੇਗਾ ਨਹੀਂ, ਹਾਲਾਂਕਿ ਇਸ ਕਦਮ ਦਾ ਅਸਰ ਇਜ਼ਰਾਈਲ ਦੁਆਰਾ ਗਾਜ਼ਾ ਵਿੱਚ ਦਾਖਲ ਹੋਣ ਵਾਲੇ ਭੋਜਨ ’ਤੇ ਪਾਬੰਦੀਆਂ ਵਿੱਚ ਢਿੱਲ ਦੇਣ ਵਿੱਚ ਸਪਸ਼ਟ ਹੁੰਦਾ ਹੈ।

ਕਿਸੇ ਵੀ ਠੋਸ ਲਾਭ ਲਈ, ਇਸ ਐਲਾਨ ਤੋਂ ਬਾਅਦ ਇਸ ਖੇਤਰ ਦੀ ਭੂ-ਰਾਜਨੀਤੀ ਵਿੱਚ ਇਜ਼ਰਾਇਲੀ ਅਤੇ ਅਮਰੀਕੀ ਹਿੱਸੇਦਾਰੀ ਤੇ ਭੂਮਿਕਾ ਸੀਮਤ ਕਰਨ ਲਈ ਇਨ੍ਹਾਂ ਮੁਲਕਾਂ ਦੁਆਰਾ ਯਕਮੁਸ਼ਤ ਅਤੇ ਯਕਲਖ਼ਤ ਕਾਰਵਾਈ ਜ਼ਰੂਰੀ ਹੈ। ਇਹ ਨੇਤਨਯਾਹੂ ਦੀ ਅਗਵਾਈ ਵਾਲੀ ਸਰਕਾਰ ਅਤੇ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਦੇ ਬਿਆਨਾਂ ਦੇ ਮੱਦੇਨਜ਼ਰ ਜ਼ਰੂਰੀ ਹੈ। ਇਜ਼ਰਾਈਲੀ ਰਾਜਦੂਤ ਦੇ ਬਿਆਨ ਮੁਤਾਬਿਕ, “ਇਜ਼ਰਾਈਲ ਦੇ ਦ੍ਰਿਸ਼ਟੀਕੋਣ ਤੋਂ ਇੱਕ ਹੀ ਬਾਹਰੀ ਰਾਏ ਹੈ ਜੋ ਮਾਇਨੇ ਰੱਖਦੀ ਹੈ ਅਤੇ ਉਹ ਹੈ ਅਮਰੀਕਾ ਦੀ।”ਇਸ ਦਾ ਮਤਲਬ ਹੈ ਕਿ ਸਤੰਬਰ ਵਿੱਚ ਹੋਣ ਵਾਲੀ ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿੱਚ ਅਮਰੀਕਾ ਵੀਟੋ ਸ਼ਕਤੀ ਦੀ ਵਰਤੋਂ ਕਰ ਕੇ ਫ਼ਲਸਤੀਨ ਦੀ ਮਾਨਤਾ ਰੋਕ ਸਕਦਾ ਹੈ। ਟਰੰਪ ਨੇ ਕੈਨੇਡਾ ਦੇ ਐਲਾਨ ਤੋਂ ਹਤਾਸ਼ ਹੋ ਕੇ ਅਮਰੀਕਾ-ਕੈਨੇਡਾ ਵਪਾਰਕ ਗੱਲਬਾਤ ਵਿੱਚ ਅੜਿੱਕਾ ਆਉਣ ਦੀ ਚਿਤਾਵਨੀ ਦਿੱਤੀ ਹੈ।

ਉਂਝ, ਸਵਾਲ ਇਹ ਹੈ ਕਿ ਟਰੰਪ ‘ਨੇਤਨਯਾਹੂ ਜਾਂ ਯਹੂਦੀ’ ਅਤੇ ‘ਨੇਤਨਯਾਹੂ ਜਾਂ ਅਮਰੀਕੀ ਯੁੱਧ ਤੇ ਤੇਲ ਕਾਰਪੋਰੇਟ’ ਵਿੱਚੋਂ ਕਿਸ ਦਾ ਸਮਰਥਨ ਕਰ ਰਿਹਾ ਹੈ? ਇਸ ਦਾ ਜਵਾਬ ਅਮਰੀਕੀ ਯੁੱਧ ਕਾਰਪੋਰੇਟ ਅਤੇ ਇਜ਼ਰਾਇਲੀ ਕੰਪਨੀਆਂ ਦੀਆਂ ਮੁਨਾਫ਼ਾ ਰਿਪੋਰਟਾਂ ਵਿੱਚ ਖੋਜਿਆ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਦੀ ਪ੍ਰਤੀਨਿਧ ਫ ?ਰਾਂਸਿਸਕਾ ਅਲਬਾਨੀਜ਼ ਆਪਣੀ ਰਿਪੋਰਟ ਵਿੱਚ ਸਿੱਟਾ ਕੱਢਦੀ ਹੈ, “ਹਥਿਆਰ ਕੰਪਨੀਆਂ ਨੇ ਇਜ਼ਰਾਈਲ ਨੂੰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਕੇ ਰਿਕਾਰਡ ਮੁਨਾਫ਼ਾ ਕਮਾਇਆ ਹੈ।”‘ਟਾਈਮਜ਼ ਆਫ ਇੰਡੀਆ’ ਦੀ ਖ਼ਬਰ ਅਨੁਸਾਰ: “ਭੂ-ਰਾਜਨੀਤਕ ਤਣਾਅ ਅਤੇ ਟਕਰਾਅ ਦੇ ਪ੍ਰਭਾਵ ਅਧੀਨ ਹਥਿਆਰ ਉਦਯੋਗ ਵੱਡੀ ਆਰਥਿਕ ਸ਼ਕਤੀ ਬਣ ਗਿਆ ਹੈ, ਜਿਸ ਵਿੱਚ ਅਮਰੀਕਾ ਦੀ ਅਗਵਾਈ ਵਾਲੀਆਂ ਕੰਪਨੀਆਂ ਮਾਲੀਏ ਦਾ ਵੱਡਾ ਹਿੱਸਾ ਲੈ ਰਹੀਆਂ ਹਨ।”ਸਟਾਕਹੋਮ ਪੀਸ ਰਿਸਰਚ ਇੰਸਟੀਚਿਊਟ ਦੀ ਰਿਪੋਰਟ (2024) ਕਹਿੰਦੀ ਹੈ ਕਿ 2023 ਵਿੱਚ ਗਲੋਬਲ ਹਥਿਆਰਾਂ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ 4.2% ਵਧੀ ਹੈ ਜਿਸ ਵਿੱਚ ਪੂਰੇ ਵਿਸ਼ਵ ਦੇ ਕੁੱਲ 632 ਬਿਲੀਅਨ ਡਾਲਰਾਂ ਵਿੱਚੋਂ ਅੱਧਾ ਹਿੱਸਾ ਲਾਕਹੀਡ ਮਾਰਟਿਨ, ਆਰਟੀਐਕਸ, ਨੌਰਥਰੋਪ ਗਰੁਮੈਨ, ਬੋਇੰਗ, ਕੇਟਰਪਿਲਰ ਅਤੇ ਜਨਰਲ ਡਾਇਨਾਮਿਕਸ ਵਰਗੀਆਂ ਅਮਰੀਕੀ ਕੰਪਨੀਆਂ ਦਾ ਹੈ। ਇਨ੍ਹਾਂ ਕੰਪਨੀਆਂ ਦੇ ਸ਼ੇਅਰ ਕਥਿਤ ਤੌਰ ’ਤੇ ਵਧ ਰਹੇ ਹਨ। ਇਜ਼ਰਾਇਲੀ ਕੰਪਨੀਆਂ ਐਲਬਿਟ ਸਿਸਟਮ ਤੇ ਰਾਫੇਲ ਨੇ ਵੀ ਯੁੱਧ ਤੋਂ ਕਾਫ਼ੀ ਲਾਭ ਕਮਾਇਆ ਹੈ ਅਤੇ ਕੌਮਾਂਤਰੀ ਬਾਜ਼ਾਰ ਵਿੱਚ ਦਾਖਲ ਹੋ ਗਈਆਂ ਹਨ। ਇਹ ਕੰਪਨੀਆਂ ਗਾਜ਼ਾ ਯੁੱਧ ਨੂੰ ਟੈਸਟਿੰਗ ਗਰਾਊਂਡ ਵਜੋਂ ਵਰਤ ਰਹੀਆਂ ਹਨ ਅਤੇ ਆਪਣੇ ਉਤਪਾਦਾਂ (ਹਥਿਆਰਾਂ) ਨੂੰ ‘ਲੜਾਈ ਵਿੱਚ ਪਰਖਿਆ’ ਯੁੱਧ ਸਾਜ਼ੋ-ਸਮਾਨ ਕਹਿ ਕੇ ਮੰਡੀ ਵਿੱਚ ਪੇਸ਼ ਕਰਦੀਆਂ ਹਨ।

ਇਉਂ ਟਰੰਪ, ਨੇਤਨਯਾਹੂ ਦਾ ਸਮਰਥਨ ਕਰ ਕੇ ਪਹਿਲੇ ਨੰਬਰ ’ਤੇ ਕਾਰਪੋਰੇਟ ਤੇ ਅਮਰੀਕਾ ਅਤੇ ਦੂਜੇ ਨੰਬਰ ’ਤੇ ਨੇਤਨਯਾਹੂ ਦੀ ਅਗਵਾਈ ਵਿੱਚ ਇਜ਼ਰਾਇਲੀ ਸਰਕਾਰ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ, ਇਜ਼ਰਾਈਲ ਦੇ ਯਹੂਦੀਆਂ ਦੀ ਨਹੀਂ। ਉਹ ਭਾਵੇਂ ਖ਼ੁਦ ਨੂੰ ‘ਸ਼ਾਂਤੀ ਰੱਖਿਅਕ’ ਵਜੋਂ ਪੇਸ਼ ਕਰਦਾ ਹੈ, ਪਰ ਉਸ ਦੇ ਹਿੱਤ ਅਤੇ ਕਾਰਵਾਈਆਂ ਜੰਗੀ ਹਨ। ਟਰੰਪ ਅੱਜ ਕੱਲ੍ਹ ਇੱਕਪਾਸੜ ਵਪਾਰ ਯੁੱਧ ਵਿੱਚ ਸਰਗਰਮ ਹੈ ਅਤੇ ਨੇਤਨਯਾਹੂ ਇੱਕਪਾਸੜ ਫੌਜੀ ਯੁੱਧ ਵਿੱਚ ਰੁਝਿਆ ਹੋਇਆ ਹੈ। ਟਰੰਪ ਹਰ ਮੁਲਕ ਨੂੰ ਟੈਰਿਫਾਂ ਦੀ ਧਮਕੀ ਨਾਲ ਆਪਣੀ ਗੱਲ ਮਨਵਾਉਣ ਦੀ ਕੋਸ਼ਿਸ਼ ਕਰਦਾ ਹੈ। ਟਰੰਪ ਕੈਨੇਡਾ, ਬ੍ਰਾਜ਼ੀਲ, ਭਾਰਤ, ਚੀਨ, ਰੂਸ ਤੇ ਹੋਰ ਮੁਲਕਾਂ ਨੂੰ ਆਪਣੀ ਇੱਛਾ ਮਨਵਾਉਣ ਵਿੱਚ ਅਸਫਲ ਰਿਹਾ ਹੈ। ਅਰਥ ਸ਼ਾਸਤਰੀਆਂ ਦੀ ਰਾਏ ਹੈ ਕਿ ਟਰੰਪ ਦੀ ਇਹ ਕਾਰਵਾਈ ਅਮਰੀਕਾ ਨੂੰ ਉਲਟ ਪੈ ਸਕਦੀ ਹੈ।

ਹੁਣ ਖ਼ਬਰ ਹੈ ਕਿ ਨੇਤਨਯਾਹੂ ਨੇ ਇਜ਼ਰਾਇਲੀ ਪਾਰਲੀਮੈਂਟ ਤੋਂ ਗਾਜ਼ਾ ਦੇ ਬਾਕੀ ਬਚੇ ਖੇਤਰਾਂ ’ਤੇ ਕਬਜ਼ਾ ਕਰਨ ਦਾ ਪ੍ਰਸਤਾਵ ਪਾਸ ਕਰਵਾ ਲਿਆ ਹੈ; ਹਾਲਾਂਕਿ ਇਜ਼ਰਾਇਲੀ ਫੌਜ ਦੇ ਮੁਖੀ ਨੇ ਇਸ ਤੋਂ ਉਲਟ ਰਾਏ ਦਿੱਤੀ ਹੈ, ਉਸ ਅਨੁਸਾਰ, ਇਜ਼ਰਾਇਲੀ ਫੌਜ ਨੂੰ ਇਹ ਕੰਮ ਉਲਟਾ ਵੀ ਪੈ ਸਕਦਾ ਹੈ।

ਜ਼ਾਹਿਰ ਹੈ ਕਿ ਦੁਨੀਆ ਫ਼ੌਜੀ ਅਤੇ ਆਰਥਿਕ ਤਾਕਤ ਦੀ ਸ਼ਤਰੰਜ ਦੇਖ ਰਹੀ ਹੈ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਜੰਗ ਰੋਕਣ ਲਈ ਪੁਤਿਨ ਨਾਲ ਗੱਲਬਾਤ ਲਈ ਤਿਆਰ ਹਾਂ, ਟਰੰਪ ਨਾਲ ਜ਼ੇਲੇਂਸਕੀ ਨੇ ਕੀਤੀ ਮੁਲਾਕਾਤ



ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿਖੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਅਤੇ ਚੋਟੀ ਦੇ ਯੂਰਪੀਅਨ ਨੇਤਾਵਾਂ ਦੀ ਮੇਜ਼ਬਾਨੀ ਕੀਤੀ। ਇਹ ਮੀਟਿੰਗ ਵਾਸ਼ਿੰਗਟਨ ਦੇ ਵ ?ਹਾਈਟ ਹਾਊਸ ਵਿਖੇ ਹੋ ਰਹੀ ਹੈ, ਜਿਸਦਾ ਉਦੇਸ਼ ਰੂਸ-ਯੂਕਰੇਨ ਯੁੱਧ ਨੂੰ ਖਤਮ ਕਰਨ ਦਾ ਰਸਤਾ ਲੱਭਣਾ ਹੈ। ਜ਼ੇਲੇਂਸਕੀ ਨੇ ਇਸ ਮੀਟਿੰਗ ਵਿੱਚ ਯੂਰਪੀਅਨ ਨੇਤਾਵਾਂ ਨੂੰ ਇਕੱਠਾ ਕੀਤਾ ਹੈ ਤਾਂ ਜੋ ਟਰੰਪ ਦੇ ਸਾਹਮਣੇ ਏਕਤਾ ਦਿਖਾਈ ਜਾ ਸਕੇ। ਟਰੰਪ ਨੇ ਵ੍ਹਾਈਟ ਹਾਊਸ ਵਿਖੇ ਜ਼ੇਲੇਂਸਕੀ ਦਾ ਸਵਾਗਤ ਕੀਤਾ ਜਿਸ ਤੋਂ ਬਾਅਦ ਦੋਵਾਂ ਨੇਤਾਵਾਂ ਵਿਚਕਾਰ ਇੱਕ ਮੀਟਿੰਗ ਹੋਈ। ਦੋਵਾਂ ਨੇਤਾਵਾਂ ਨੇ ਯੁੱਧ ਨੂੰ ਖਤਮ ਕਰਨ ਸੰਬੰਧੀ ਕਈ ਬਿਆਨ ਵੀ ਜਾਰੀ ਕੀਤੇ ਹਨ।

ਵ੍ਹਾਈਟ ਹਾਊਸ ਵਿਖੇ ਮੀਟਿੰਗ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅੱਜ ਸ਼ਾਂਤੀ ਦਾ ਰਸਤਾ ਲੱਭ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸਭ ਕੁਝ ਠੀਕ ਰਿਹਾ, ਤਾਂ ਇੱਕ ਤਿਕੋਣੀ ਮੀਟਿੰਗ ਵੀ ਹੋਵੇਗੀ। ਟਰੰਪ ਨੇ ਕਿਹਾ ਹੈ ਕਿ ਅਸੀਂ ਸਾਰੇ ਸ਼ਾਂਤੀ ਲਈ ਇਕੱਠੇ ਕੰਮ ਕਰ ਰਹੇ ਹਾਂ। ਇਹ ਗੱਲਬਾਤ ਯੁੱਧ ਦਾ ਸਥਾਈ ਹੱਲ ਪ੍ਰਦਾਨ ਕਰੇਗੀ। ਜੰਗਬੰਦੀ ਲੋਕਾਂ ਦੀ ਹੱਤਿਆ ਨੂੰ ਰੋਕ ਦੇਵੇਗੀ। ਡੋਨਾਲਡ ਟਰੰਪ ਨੇ ਅੱਗੇ ਕਿਹਾ ਕਿ ਇਹ ਜ਼ੇਲੇਂਸਕੀ ਨਾਲ ਉਨ੍ਹਾਂ ਦੀ ਆਖਰੀ ਮੁਲਾਕਾਤ ਨਹੀਂ ਹੈ। ਟਰੰਪ ਨੇ ਕਿਹਾ ਹੈ ਕਿ ਇਸ ਮੁਲਾਕਾਤ ਤੋਂ ਬਾਅਦ ਯੁੱਧ ਨੂੰ ਖਤਮ ਕਰਨ ਦਾ ਰਸਤਾ ਲੱਭਿਆ ਜਾ ਸਕਦਾ ਹੈ। ਟਰੰਪ ਨੇ ਕਿਹਾ ਹੈ ਕਿ ਪੁਤਿਨ ਅਤੇ ਜ਼ੇਲੇਂਸਕੀ ਦੋਵੇਂ ਇਸ ਯੁੱਧ ਨੂੰ ਖਤਮ ਕਰਨਾ ਚਾਹੁੰਦੇ ਹਨ। ਰਿਪੋਰਟ ਦੇ ਅਨੁਸਾਰ, ਟਰੰਪ ਨੇ ਕਿਹਾ ਹੈ ਕਿ ਉਹ ਵ੍ਹਾਈਟ ਹਾਊਸ ਵਿੱਚ ਜ਼ੇਲੇਂਸਕੀ ਅਤੇ ਯੂਰਪੀਅਨ ਨੇਤਾਵਾਂ ਨਾਲ ਮੁਲਾਕਾਤ ਤੋਂ ਬਾਅਦ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਗੱਲ ਕਰਨਗੇ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਉਹ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲ ਕਰਨ ਲਈ ਤਿਆਰ ਹਨ। ਜ਼ੇਲੇਂਸਕੀ ਨੇ ਅੱਗੇ ਕਿਹਾ ਹੈ ਕਿ ਉਹ ਯੂਕਰੇਨ ਵਿੱਚ ਚੋਣਾਂ ਕਰਵਾਉਣ ਲਈ ਤਿਆਰ ਹਨ। ਜਦੋਂ ਪੁੱਛਿਆ ਗਿਆ ਕਿ ਕੀ ਜ਼ੇਲੇਂਸਕੀ ਸ਼ਾਂਤੀ ਸਮਝੌਤੇ ਤੋਂ ਬਾਅਦ ਯੂਕਰੇਨ ਵਿੱਚ ਚੋਣਾਂ ਕਰਵਾਉਣ ਲਈ ਤਿਆਰ ਹਨ ? ਇਸ 'ਤੇ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ 'ਹਾਂ, ਬੇਸ਼ੱਕ, ਮੈਂ ਚੋਣਾਂ ਕਰਵਾਉਣ ਲਈ ਤਿਆਰ ਹਾਂ, ਪਰ ਸਾਨੂੰ ਉਨ੍ਹਾਂ ਨੂੰ ਸੁਰੱਖਿਅਤ ਹਾਲਤਾਂ ਵਿੱਚ ਕਰਵਾਉਣਾ ਪਵੇਗਾ। ਸਾਨੂੰ ਚੋਣਾਂ ਕਰਵਾਉਣ ਲਈ ਸੁਰੱਖਿਆ ਦੀ ਲੋੜ ਹੈ।'

# ਟਰੰਪ ਦਾ ਡੈਮੋਕ੍ਰੈਟਸ ਤੇ ਮੀਡੀਆ ਤੇ ਤਿੱਖਾ ਹਮਲਾ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰੀਪਬਲਿਕਨ ਨੇਤਾ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਇੱਕ ਵਾਰ ਫਿਰ ਰੂਸ-ਯੂਕਰੇਨ ਜੰਗ ਸਬੰਧੀ ਆਪਣਾ ਵਿਵਾਦਤ ਬਿਆਨ ਦੇ ਦਿੱਤਾ। Truth Social 'ਤੇ ਇਕ ਪੋਸਟ ਵਿਚ ਟਰੰਪ ਨੇ ਕਿਹਾ ਕਿ ਜੇ ਰੂਸ 'ਹੱਥ ਖੜੇ ਕਰ ਦੇਵੇ' ਅਤੇ ਮਾਸਕੋ, ਸੇਂਟ ਪੀਟਸਬਰਗ ਤੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਯੂਕਰੇਨ ਅਤੇ ਅਮਰੀਕਾ ਦੇ ਹਵਾਲੇ ਕਰ ਦੇਵੇ, ਤਾਂ ਵੀ 'ਝੂਠੀ ਖ਼ਬਰਾਂ ਵਾਲਾ ਮੀਡੀਆ' ਅਤੇ ਡੈਮੋਕ੍ਰੈਟ ਪਾਰਟੀ ਇਸਨੂੰ ਟਰੰਪ ਦੀ ਨਾਕਾਮੀ ਵਜੋਂ ਪੇਸ਼ ਕਰਨਗੇ। ਉਨ੍ਹਾਂ ਲਿਖਿਆ, 'ਮੈਂ ਪੂਰੀ ਤਰ੍ਹਾਂ ਯਕੀਨੀ ਹਾਂ ਕਿ ਜੇ ਰੂਸ ਨੇ ਕਿਹਾ, 'ਅਸੀਂ ਹਾਰ ਮੰਨਦੇ ਹਾਂ, ਯੂਕਰੇਨ ਅਤੇ ਅਮਰੀਕਾ ਨੂੰ ਮਾਸਕੋ, ਸੇਂਟ ਪੀਟਸਬਰਗ ਅਤੇ ਹਜ਼ਾਰ ਮੀਲ ਇਲਾਕਾ ਦੇ ਦਿੰਦੇ ਹਾਂ' ਤਾਂ ਵੀ ਮੀਡੀਆ ਕਹੇਗਾ ਇਹ ਟਰੰਪ ਦੀ ਸਭ ਤੋਂ ਵੱਡੀ ਹਾਰ



ਹੈ।' ਟਰੰਪ ਨੇ ਆਪਣੇ ਵਿਰੋਧੀਆਂ, ਖਾਸ ਕਰਕੇ ਡੈਮੋਕ੍ਰੈਟਸ ਨੂੰ "ਰੇਡੀਕਲ ਲੈਫਟ" ਅਤੇ ਮੀਡੀਆ ਨੂੰ "ਫੇਕ ਨਿਊਜ਼" ਕਿਹਾ - ਇਹ ਸ਼ਬਦ ਉਹ ਪਹਿਲਾਂ ਵੀ ਬਹੁਤ ਵਾਰ ਵਰਤ ਚੁੱਕੇ ਹਨ। ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਟਰੰਪ ਖੁਦ ਨੂੰ ਰੂਸ ਅਤੇ ਯੂਕਰੇਨ ਵਿਚਕਾਰ ਮਧਸਥਤਾ ਕਰ ਰਹੇ ਆਖ ਰਹੇ ਹਨ। ਕੁਝ ਘੰਟੇ ਪਹਿਲਾਂ ਹੀ ਉਹਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨਾਲ ਮੁਲਾਕਾਤ ਕਰਣੀ ਸੀ, ਜਦਕਿ ਪਿਛਲੇ ਹਫਤੇ ਉਹ ਰੂਸੀ ਰਾਸ਼ਟਰਪਤੀ ਪੂਟਿਨ ਨਾਲ ਮਿਲੇ ਸਨ - ਪਰ ਕੋਈ ਕਰਾਰ ਨਹੀਂ ਹੋਇਆ। ਟਰੰਪ ਨੇ ਪਹਿਲਾਂ ਕਿਹਾ ਸੀ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ, ਤਾਂ 24 ਘੰਟਿਆਂ ਵਿੱਚ ਇਹ ਜੰਗ ਖਤਮ ਕਰ ਦੇਣਗੇ। ਉਹ ਇਹ ਵੀ ਸੰਕੇਤ ਦੇ ਚੁੱਕੇ ਹਨ ਕਿ ਯੂਕਰੇਨ ਨੂੰ ਆਪਣੇ ਕੁਝ ਇਲਾਕਿਆਂ ਤੋਂ ਹੱਥ ਖਿੱਚਣਾ ਪਵੇਗਾ ਅਤੇ NATO ਵਿਚ ਸ਼ਾਮਿਲ ਹੋਣ ਦੀ ਯੋਜਨਾ ਛੱਡਣੀ ਪਵੇਗੀ, ਤਾਂ ਹੀ ਰੂਸ ਜੰਗ ਰੋਕ ਸਕਦਾ ਹੈ।

ਉਥੇ, ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਟਰੰਪ ਦੀ ਮਧਸਥਤਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ, 'ਰੂਸ ਨੂੰ ਸਿਰਫ਼ ਤਾਕਤ ਰਾਹੀਂ ਹੀ ਅਮਨ ਵੱਲ ਲਿਆਂਦਾ ਜਾ ਸਕਦਾ ਹੈ ਅਤੇ ਪ੍ਰੈਜ਼ੀਡੈਂਟ ਟਰੰਪ ਕੋਲ ਉਹ ਤਾਕਤ ਹੈ। ਅਸੀਂ ਸਹੀ ਤਰੀਕੇ ਨਾਲ ਅੱਗੇ ਵਧ ਕੇ ਅਮਨ ਲਿਆਉਣਾ ਚਾਹੀਦਾ ਹੈ।'

# ਟਰੰਪ ਦੇ ਪਾਕਿ ਵੱਲ ਝੁਕਾਅ ਨੇ ਅਮਰੀਕਾ-ਭਾਰਤ ਵਿਚਾਲੇ ਸੰਬੰਧਾਂ ਨੂੰ ਨੁਕਸਾਨ ਪਹੁੰਚਾਇਆ : ਰਿਪੋਰਟ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਾਕਿਸਤਾਨ ਵੱਲ ਵਧੇ ਝੁਕਾਅ ਨੇ ਭਾਰਤ-ਅਮਰੀਕਾ ਵਿਚਾਲੇ ਪਿਛਲੇ 2 ਦਹਾਕਿਆਂ ਦੌਰਾਨ ਸਖਤ ਮੁਸ਼ੱਕਤ ਨਾਲ ਬਣੇ ਸੰਬੰਧਾਂ ਨੂੰ ਗਹਿਰੀ ਸੱਟ ਮਾਰੀ ਹੈ। ਇੰਟਰਨੈਸ਼ਨਲ ਸੈਂਟਰ ਫਾਰ ਪੀਸ ਸਟੱਡੀਜ਼ ਦੀ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਟਰੰਪ ਦੇ ਰਵਈਏ ਨੇ ਕਿਸੇ ਵੇਲੇ ਦੋਨਾਂ ਦੇਸ਼ਾਂ ਵਿਚਾਲੇ ਸਮਝੀ ਜਾਂਦੀ ਮਿਸਾਲੀ ਭਾਈਵਾਲੀ ਨੂੰ ਵੀ ਵਰਣਨਯੋਗ ਨੁਕਸਾਨ ਪਹੁੰਚਾਇਆ ਹੈ। ਰਿਪੋਰਟ ਅਨੁਸਾਰ ਟੈਰਿਫ਼ ਤੋਂ ਇਲਾਵਾ ਰਾਸ਼ਟਰਪਤੀ ਟਰੰਪ ਨੇ ਜਾਣ ਬੁਝ ਕੇ ਭਾਰਤ



ਦੀਆਂ ਕੌਮੀ ਸੁਰੱਖਿਆ ਚਿੰਤਾਵਾਂ ਵਿਸ਼ੇਸ਼ ਤੌਰ 'ਤੇ ਕਸ਼ਮੀਰ ਮੁੱਦੇ 'ਤੇ ਨਵੀਂ ਦਿੱਲੀ ਨੂੰ ਵਾਰ-ਵਾਰ ਚੁਣੌਤੀ ਦਿੱਤੀ ਹੈ। ਇਸਦੇ ਨਾਲ ਹੀ ਟਰੰਪ ਨੇ ਪਾਕਿਸਤਾਨ ਦੀ ਜਨਤਿਕ ਤੌਰ 'ਤੇ ਪ੍ਰਸੰਸਾ ਕੀਤੀ। ਇਸਦੇ ਅਨੁਸਾਰ ਹਾਲ ਹੀ 'ਚ ਪਾਕਿ ਫੌਜ ਦੇ ਮੁਖੀ ਆਸਿਮ ਮੁਨੀਰ ਲਈ ਵੀ ਅਮਰੀਕਾ ਪਲੇਟਫਾਰਮ ਬਣਿਆ ਰਿਹਾ ਜਿਥੋਂ ਉਸ ਨੇ ਭਾਰਤ ਨੂੰ ਪ੍ਰਮਾਣੂ ਧਮਕੀਆਂ ਦਿੱਤੀਆਂ। ਰਿਪੋਰਟ 'ਚ ਵਿਸ਼ਵ ਪੱਧਰ 'ਤੇ ਹੋਈਆਂ ਕੂਟਨੀਤਿਕ ਸਰਗਰਮੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਵੇਂ ਕਿ ਬੀਜਿੰਗ ਨੇ ਭਾਰਤ ਵੱਲ ਵਰਣਨਯੋਗ ਨਰਮ ਪਹੁੰਚ ਅਪਣਾਈ। ਜਿਵੇਂ ਕਿ ਚੀਨ ਦੀ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਖੇਤਰੀ ਸ਼ਕਤੀਆਂ ਚੀਨ ਤੇ ਭਾਰਤ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਹੈ ਤੇ ਕਿਹਾ ਕਿ ਦੋਨਾਂ ਦੇਸ਼ਾਂ ਵਿਚਾਲੇ ਸੰਬੰਧ ਨਾ ਕੇਵਲ ਖੇਤਰੀ ਬਲਕਿ ਵਿਸ਼ਵ ਪੱਧਰ 'ਤੇ ਵੀ ਪ੍ਰਭਾਵ ਪਾਉਣ ਦੇ ਸਮਰੱਥ ਹਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




## NC, SC, GA, FL, AL, LA, MS to CA, AZ, NV,
## CA, AZ, NV to NC, SC, GA, FL, AL, LA, MS

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਮਿਸ਼ੀਗਨ ਵਿੱਚ ਟਰੱਕ ਤੇ ਵੈਨ ਵਿਚਾਲੇ ਹੋਈ ਭਿਆਨਕ ਟੱਕਰ ਵਿੱਚ 6 ਮੌਤਾਂ ਤੇ 6 ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਟਸਕੋਲਾ ਕਾਊਂਟੀ, ਮਿਸ਼ੀਗਨ ਵਿੱਚ ਟਰੱਕ ਡਰਾਇਵਰ ਦੀ ਲਾਪਰਵਾਹੀ ਕਾਰਨ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ 6 ਮੌਤਾਂ ਹੋਣ ਤੇ 6 ਜਣਿਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਸਕੋਲਾ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਹਾਦਸਾ ਗਿਲਫੋਰਡ ਟਾਊਨਸ਼ਿੱਪ ਵਿੱਚ 5 ਵਜੇ ਸ਼ਾਮ ਤੋਂ ਪਹਿਲਾਂ ਉਸ ਵੇਲੇ ਵਾਪਰਿਆ ਜਦੋਂ ਇੱਕ ਪਿੱਕ ਅੱਪ ਟਰੱਕ ਰੁਕਣ ਦੇ ਇਸ਼ਾਰੇ ਦੀ ਉਲੰਘਣਾ ਕਰਕੇ ਅੱਗੇ ਇੱਕ ਵੈਨ ਨਾਲ ਜਾ ਟਕਰਾਇਆ। ਵੈਨ ਵਿੱਚ ਅਮੀਸ਼ ਭਾਈਚਾਰੇ ਦੇ 10 ਲੋਕ ਸਵਾਰ ਸਨ ਜਿਨ੍ਹਾਂ ਵਿਚੋਂ 5 ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਟਰੱਕ ਵਿੱਚ ਸਵਾਰ 3 ਵਿਅਕਤੀਆਂ ਵਿਚੋਂ 1 ਦੀ ਮੌਤ ਹੋ ਗਈ। ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਆਵਾਜਾਈ ਨਿਯਮਾਂ ਦੀ ਪਾਲਣਾ ਕਰ ਕੇ ਅਜਿਹੇ ਹਾਦਸੇ ਰੋਕੇ ਜਾ ਸਕਦੇ ਹਨ। ਹਾਦਸੇ ਵਿੱਚ ਬਚੇ ਲੋਕਾਂ ਦੀ ਹਾਲਤ ਬਾਰੇ ਪਤਾ ਨਹੀਂ ਲੱਗਾ ਹੈ। ਅਮੀਸ਼ ਲੋਕ ਸਥਾਨਕ ਆਉਣ ਜਾਣ ਲਈ ਆਮ ਤੌਰ 'ਤੇ ਘੋੜਿਆਂ ਤੇ ਬੱਗੀ ਦੀ ਵਰਤੋਂ ਕਰਦੇ ਹਨ ਪ੍ਰੰਤੂ ਦੂਰ ਜਾਣ ਲਈ ਗੱਡੀਆਂ ਦੀ ਵਰਤੋਂ ਕਰਦੇ ਹਨ।

# ਟੈਕਸਾਸ ਦੇ ਇਕ ਸਟੋਰ ਦੇ ਬਾਹਰਵਾਰ ਹੋਈ ਗੋਲੀਬਾਰੀ ਵਿੱਚ 3 ਮੌਤਾਂ, ਸ਼ੱਕੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਆਸਟਿਨ, ਟੈਕਸਾਸ ਵਿੱਚ ਇੱਕ ਟਾਰਗੈੱਟ ਸਟੋਰ ਦੇ ਬਾਹਰਵਾਰ ਹੋਈ ਗੋਲੀਬਾਰੀ ਵਿੱਚ 3 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਗੋਲੀਬਾਰੀ ਕਰਨ ਉਪਰੰਤ ਫਰਾਰ ਹੋਏ ਸ਼ੱਕੀ ਹਮਲਾਵਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ ਜਿਸ ਦੀ ਪਛਾਣ 32 ਸਾਲਾ ਈਥਾਨ ਨੀਨੇਕਰ ਵੱਜੋਂ ਹੋਈ ਹੈ। ਆਸਟਿਨ ਪੁਲਿਸ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਹ ਅਧਿਕਾਰੀਆਂ ਦੇ ਤਾਲਮੇਲ ਨਾਲ ਘਟਨਾ ਦੀ ਜਾਂਚ ਕਰ ਰਹੇ ਹਨ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਦੁਪਹਿਰ ਬਾਅਦ 2.15 ਵਜੇ ਘਟਨਾ ਸਥਾਨ 'ਤੇ ਪੱਜੇ। ਓਦੋਂ ਤੱਕ ਸ਼ੱਕੀ ਸ਼ੂਟਰ ਚੋਰੀ ਦੀ ਕਾਰ ਵਿੱਚ ਫਰਾਰ ਹੋ ਚੁੱਕਾ ਸੀ। ਪੁਲਿਸ ਮੁੱਖੀ ਲੀਸਾ ਡੇਵਿਸ ਨੇ ਕਿਹਾ ਕਿ ਚੋਰੀ ਦੀ ਕਾਰ ਹਾਦਸਾਗ੍ਰਸਤ ਹੋਣ ਉਪਰੰਤ ਸ਼ੱਕੀ ਇੱਕ ਹੋਰ ਗੱਡੀ ਚੋਰੀ ਕਰਕੇ ਲੈ ਗਿਆ। ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਆਖਰਕਾਰ ਉਸ ਉੱਪਰ ਟੀਜ਼ਰ ਸਟੱਨ ਗੰਨ ਦੀ ਵਰਤੋਂ ਕਰਕੇ ਉਸ ਨੂੰ ਕਾਬੂ ਕਰ ਲਿਆ ਗਿਆ। ਪੁਲਿਸ ਮੁੱਖੀ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸ਼ੱਕੀ ਲੰਬੇ ਸਮੇ ਤੋਂ ਮਾਨਸਿਕ ਰੋਗ ਤੋਂ ਪੀੜਿਤ ਹੈ। ਉਸ ਵਿਰੁੱਧ ਪਹਿਲਾ ਦਰਜਾ ਕਤਲ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਗਏ ਹਨ। ਮ੍ਰਿਤਕਾਂ ਦੀ ਪਛਾਣ ਹੈਕਟਰ ਲਿਓਪੋਲਡੋ ਮਾਰਟਿਨਜ਼ ਮਾਚੂਕਾ, ਐਡਮ ਚੋਅ ਤੇ ਉਸ ਦੀ 4 ਸਾਲਾ ਦੋਹਤੀ ਵਜੋਂ ਹੋਈ ਹੈ। ਐਡਮ ਚੋਅ ਤੇ ਦੋਹਤੀ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਮਾਚੂਕਾ ਬਾਅਦ ਵਿੱਚ ਹਸਪਤਾਲ ਵਿੱਚ ਦਮ ਤੋੜ ਗਿਆ।

# ਐਮਐਲਏ ਮਨਜੀਤ ਸਿੰਘ ਬਿਲਾਸਪੁਰ ਦਾ ਫਰਿਜ਼ਨੋ ਵਿਖੇ ਹੋਇਆ ਨਿੱਘਾ ਸਵਾਗਤ



ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ) : ਹਲਕਾ ਨਿਹਾਲ ਸਿੰਘ ਵਾਲਾ ਦੇ ਐੱਮ. ਐੱਲ. ਏ. ਸ. ਮਨਜੀਤ ਸਿੰਘ ਬਿਲਾਸਪੁਰ ਇਸ ਸਮੇਂ ਅਮਰੀਕਾ ਦੌਰੇ 'ਤੇ ਹਨ। ਉਹਨਾਂ ਦੇ ਸਨਮਾਨ ਵਿੱਚ ਫਰਿਜ਼ਨੋ ਦੇ ਪ੍ਰਸਿੱਧ ਟਰਾਂਸਪੋਰਟਰ ਪਰਿਵਾਰ ਜਸਪਾਲ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਬੇਟੇ ਖ਼ੁਸ਼ ਧਾਲੀਵਾਲ ਵੱਲੋਂ ਆਪਣੇ ਗ੍ਰਹਿ ਵਿਖੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਕਈ ਸਿਰਮੌਰ ਸ਼ਖ਼ਸੀਅਤਾਂ ਹਾਜ਼ਰ ਸਨ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਾਰੇ ਮਹਿਮਾਨਾਂ ਨੂੰ ਨਿੱਘੀ ਜੀ ਆਇਆਂ ਆਖਦੇ ਹੋਏ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਰਪੰਚ ਜੁਗਰਾਜ ਸਿੰਘ ਦੌਧਰ ਨੇ ਆਪਣੇ ਲੰਮੇ ਸਿਆਸੀ ਸਫ਼ਰ ਵਿਚੋਂ ਕੁਝ ਅਹਿਮ ਨੁਕਤੇ ਸਾਂਝੇ ਕੀਤੇ।

ਇਸ ਦੌਰਾਨ ਸ਼ਾਇਰ ਰਣਜੀਤ ਗਿੱਲ ਨੇ ਆਪਣੇ ਬੋਲਾਂ ਨਾਲ ਹਾਜ਼ਰੀ ਲਵਾਈ। ਗਾਇਕ ਕਮਲਜੀਤ ਬੈਨੀਪਾਲ ਅਤੇ ਗੁਰਦੀਪ ਧਾਲੀਵਾਲ ਨੇ ਆਪਣੇ ਸੁਰੀਲੇ ਗੀਤਾਂ ਨਾਲ ਮੌਜੂਦ ਹਾਜ਼ਰੀਨ ਦਾ ਮਨੋਰੰਜਨ ਕੀਤਾ। ਇਸ ਤੋਂ ਇਲਾਵਾ ਰਣਜੀਤ ਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਗਤ ਸਿੰਘ ਦੀ ਘੋੜੀ ਕਵਿਸ਼ਰੀ ਰੂਪ ਵਿੱਚ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹ ?ਆ। ਐੱਮ. ਐੱਲ. ਏ. ਸ. ਮਨਜੀਤ ਸਿੰਘ ਬਿਲਾਸਪੁਰ ਨੇ ਮਹਿਮਾਨਾਂ ਨੂੰ ਆਪ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਤਰੱਕੀ ਕਾਰਜਾਂ ਤੋਂ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਰੁਜ਼ਗਾਰ, ਸਿਹਤ ਸੇਵਾਵਾਂ ਅਤੇ ਸਿੱਖਿਆ ਖੇਤਰ ਵਿੱਚ ਸੁਧਾਰ ਲਈ ਵਚਨਬੱਧ ਹੈ। ਉਹਨਾਂ ਦੱਸਿਆ ਕਿ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚ ਰਿਹਾ ਹੈ, ਟੋਲ ਪਲਾਜ਼ੇ ਬੰਦ ਹੋ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ ਤਿਆਰ ਕੀਤੇ ਜਾ ਰਹੇ ਹਨ। ਨਸ਼ਿਆਂ ਖ਼ ?ਲਾਫ਼ ਲੜਾਈ ਬਾਰੇ ਉਹਨਾਂ ਕਿਹਾ ਕਿ ਇਹ ਜੰਗ ਉਸ ਵੇਲੇ ਤੱਕ ਜਾਰੀ ਰਹੇਗੀ, ਜਦੋਂ ਤੱਕ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ-ਮੁਕਤ ਨਹੀਂ ਕੀਤਾ ਜਾਂਦਾ। ਸਮਾਗਮ ਦੇ ਅਖੀਰ ਵਿੱਚ ਜਸਪਾਲ ਸਿੰਘ ਧਾਲੀਵਾਲ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਚਰਨਜੀਤ ਸਿੰਘ ਬਾਠ, ਪੰਮਾ ਸੈਦੋਕੇ, ਅਮਰਜੀਤ ਦੌਧਰ, ਜੈਲਾ ਧੂੜਕੋਟ, ਸਾਧੂ ਸਿੰਘ ਬਿਲਾਸਪੁਰ, ਦੇਵ ਬਿਲਾਸਪੁਰ, ਬਲਪ੍ਰੀਤ ਸਿੱਧੂ, ਗੁਰਜਪਾਲ ਦੌਧਰ, ਇੰਡੋ ਯੂ ਐੱਸ ਹੈਰੀਟੇਜ ਦੇ ਮੈਂਬਰਾਂ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸ. ਮਨਜੀਤ ਸਿੰਘ ਦੇ ਪੀਏ ਰਹੇ ਸੁੱਖੀ ਧਾਲੀਵਾਲ ਵੀ ਆਪਣੇ ਸਾਥੀਆਂ ਸਮੇਤ ਖ਼ਾਸ ਤੌਰ 'ਤੇ ਸੈਕਰਾਮੈਂਟੋ ਤੋਂ ਪਹੁੰਚੇ ਹੋਏ ਸਨ।

# ਅੱਧੀ ਰਾਤ ਨੂੰ ਚੱਲੀਆਂ ਤਾੜ-ਤਾੜ ਗੋਲੀਆਂ, ਹਮਲਾਵਰ ਨੇ ਖ਼ੁਦ ਨੂੰ ਵੀ ਮਾਰੀ ਗੋਲੀ

ਮਾਊਂਟ ਕਾਰਬਨ : ਵਿਦੇਸ਼ ਦੀ ਧਰਤੀ ਤੋਂ ਇਸ ਸਮੇਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਤਾਜ਼ਾ ਮਾਮਲਾ ਅਮਰੀਕਾ ਦੇ ਪੱਛਮੀ ਵਰਜੀਨੀਆ ਦਾ ਹੈ, ਜਿਥੇ ਸੋਮਵਾਰ ਨੂੰ ਤਾੜ-ਤਾੜ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਇੱਕ ਸ਼ੱਕੀ ਬੰਦੂਕਧਾਰੀ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਮਾਊਂਟ ਕਾਰਬਨ ਵਿੱਚ ਵਾਪਰੀ ਇਸ ਗੋਲੀਬਾਰੀ ਦੀ ਘਟਨਾ ਨੇ ਲੋਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ। ਪੁਲਸ ਨੇ ਲੋਕਾਂ ਨੂੰ ਬਾਹਰ ਨਾ ਜਾਣ ਦੇ ਆਦੇਸ਼ ਜਾਰੀ ਕੀਤੇ ਸਨ।

ਫੇਏਟ ਕਾਉਂਟੀ ਦੇ ਸ਼ੈਰਿਫ ਜੈਸ ਮੈਕਮੁਲਨ ਨੇ ਇਸ ਘਟਨਾ ਦੇ ਬਾਰੇ ਦੱਸਦੇ ਹੋਏ ਕਿਹਾ ਕਿ ਗੋਲੀਬਾਰੀ ਦੀ ਇਹ ਘਟਨਾ ਮਾਊਂਟ ਕਾਰਬਨ ਵਿੱਚ ਵਾਪਰੀ ਹੈ। ਪੁਲਸ ਨੂੰ ਸ਼ੱਕੀ ਬੰਦੂਕਧਾਰੀ ਉਸਦੇ ਘਰ ਵਿੱਚ ਮ੍ਰਿਤਕ ਮਿਲਿਆ ਹੈ, ਜਿਸਦੀ ਮੌਤ ਸ਼ਾਇਦ ਖ਼ੁਦ ਨੂੰ ਹੀ ਗੋਲੀ ਮਾਰਨ ਨਾਲ ਹੋਈ ਹੈ। ਇੱਕ ਹੋਰ ਵਿਅਕਤੀ ਨੇੜੇ ਹੀ ਇੱਕ ਖੁੱਲ੍ਹੇ ਗੈਰਾਜ ਵਿੱਚ ਮ੍ਰਿਤਕ ਪਾਇਆ ਗਿਆ। ਮੈਕਮੁਲਨ ਨੇ ਮੀਡੀਆ ਸੰਗਠਨਾਂ ਨੂੰ ਦੱਸਿਆ ਕਿ ਗੋਲੀ ਲੱਗਣ ਕਾਰਨ ਤਿੰਨ ਹੋਰ ਲੋਕ ਗੰਭੀਰ ਜ਼ਖ਼ਮੀ ਹੋਏ ਹਨ, ਜਿਹਨਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਮ੍ਰਿਤਕਾਂ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ। ਘਟਨਾ ਤੋਂ ਬਾਅਦ ਸ਼ੁਰੂ ਵਿੱਚ ਸਥਾਨਕ ਨਿਵਾਸੀਆਂ ਨੂੰ ਘਰ ਦੇ ਅੰਦਰ ਰਹਿਣ ਲਈ ਇੱਕ ਸਲਾਹ ਜਾਰੀ ਕੀਤੀ ਗਈ ਸੀ ਪਰ ਬਾਅਦ ਵਿੱਚ ਇਸਨੂੰ ਵਾਪਸ ਲੈ ਲਿਆ ਗਿਆ। ਗੋਲੀਬਾਰੀ ਦੀ ਘਟਨਾ ਨਾਲ ਸਬੰਧਤ ਹੋਰ ਜਾਣਕਾਰੀ ਉਪਲਬਧ ਨਹੀਂ ਹੈ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅੰਮ੍ਰਿਤ ਦੀ ਮਹਾਨਤਾ ਬਾਰੇ ਰਹਿਤਨਾਮੇ ਵਿਚ ਅੰਕਤ ਹੈ :

ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ।
ਮੇਰਾ ਦਰਸਨ ਨਾਹਿ ਤਿਸ, ਪਾਪੀ ਤਿਆਗੈ ਭਿਖ॥੫॥
ਏਕ ਮਜ਼ਬ ਰਹਿਨਾ ਭਲਾ, ਦੋ ਮਹਿ ਰਹੈ ਨ ਕੋਇ॥
ਮੇਰਾ ਸਿਖ ਕਹਾਇਕੈ, ਭਰਮਹਿ ਪਾਪੀ ਸੋਇ॥੬॥
(ਰਹਿਤਨਾਮਾ ਭਾਈ ਸਾਹਿਬ ਸਿੰਘ)

ਇਸਲਾਮਿਕ ਸਾਹਿਤ ਵਿਚ ਆਬੇ-ਹਯਾਤ ਅਤੇ ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਅੰਮ੍ਰਿਤ ਦਾ ਵਰਣਨ ਪੁਰਾਣਾਂ ਵਿਚ ਮਿਲਦਾ ਹੈ। ਇਹ ਉਹ ਪਦਾਰਥ ਹੈ ਜਿਸ ਨੂੰ ਪੀਣ ਨਾਲ ਅਮਰਤਾ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਨੂੰ ਪਰਾ-ਪ੍ਰਾਚੀਨ ਲਫ਼ਜ਼ਾਂ ਕੀਰਤਨ, ਭਗਤੀ, ਇਬਾਦਤ, ਬੰਦਗੀ, ਵਿਆਹ, ਸੰਸਕਾਰ, ਗ੍ਰੰਥ, ਪੂਜਾ, ਪਾਠ, ਪ੍ਰਸ਼ਾਦਿ, ਆਰਤੀ, ਅੰਮ੍ਰਿਤ ਆਦਿ ਤੋਂ ਕੋਈ ਗੁਰੇਜ਼ ਨਹੀਂ ਸੀ। ਹਜ਼ੂਰ ਨੇ ਇਹ ਸਾਰੇ ਦੇ ਸਾਰੇ ਲਫ਼ਜ਼ ਵਰਤੇ ਤਾਂ ਜ਼ਰੂਰ ਪਰ ਇਨ੍ਹਾਂ ਦੇ ਅਰਥ ਅਤੇ ਆਯਾਮ (dimensions) ਪੂਰੀ ਤਰ੍ਹਾਂ ਬਦਲ ਦਿੱਤੇ। ਹੁਣ ਇਨ੍ਹਾਂ ਦੇ ਅਰਥ ਅਤੇ ਤਾਸੀਰ ਕਰਮਕਾਂਡੀ ਨਾ ਰਹਿ ਕੇ ਗੁਰਮਤਿ ਅਨੁਸਾਰੀ ਹੋ ਗਈ। ਇਨ੍ਹਾਂ ਦੀ ਵਿਆਖਿਆ ਹੁਣ ਸਿੱਖ ਨੇ ਕਰਨੀ ਹੈ ਨਾ ਕਿ ਅਨਮਤ ਵਾਲਿਆਂ ਨੇ।

ਪੌਰਾਣਿਕ ਅੰਮ੍ਰਿਤ ਦੀ ਦਿਲਚਸਪੀ ਅਤੇ ਵਚਿਤ੍ਰ ਵਾਰਤਾ ਸਮੁੰਦ੍ਰ ਮੰਥਨ ਦੀ ਹੈ। ਇਸ ਵਿਚ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਮਾਧਾਣੀ ਬਣਾ ਕੇ ਸੇਖ ਨਾਗ ਨੂੰ ਰਿੜਕਣ ਵਾਲੀ ਰੱਸੀ ਬਣਾਈ ਅਤੇ ਸਮੁੰਦ੍ਰ ਨੂੰ ਰਿੜਕਿਆ। ਇਸ ਕੰਮ ਨੂੰ ਉਹ ਇਕੱਲੇ ਨਾ ਕਰ ਸਕੇ ਤਾਂ ਉਨ੍ਹਾਂ ਨੇ ਅੱਧੇ ਹਿੱਸੇ ਦਾ ਲਾਲਚ ਦੇ ਕੇ ਦੈਂਤਾਂ ਨੂੰ ਨਾਲ ਰਲਾ ਲਿਆ। ਮੰਥਨ ਦੇ ਬਾਅਦ ਇਸ ਵਿਚੋਂ ਚੌਦਾਂ ਰਤਨ ਨਿਕਲੇ ਜਿਸ ਵਿਚ ਇਕ ਅੰਮ੍ਰਿਤ ਦਾ ਕੁੰਡ ਵੀ ਸੀ। ਦੈਂਤ ਇਸ ਅੰਮ੍ਰਿਤ ਦੇ ਕੁੰਡ ਨੂੰ ਚੁੱਕ ਕੇ ਭੱਜ ਪਏ। ਇਸ 'ਤੇ ਦੇਵਤਿਆਂ ਅਤੇ ਦੈਂਤਾਂ ਦੀ ਲੜਾਈ ਹੋਈ। ਵਿਸ਼ਣੂ ਨੇ ਸੁੰਦਰ ਇਸਤ੍ਰੀ ਮਹਾਮੋਹਨੀ ਦਾ ਰੂਪ ਧਾਰ ਕੇ ਵਿਚੋਲਗੀ ਕੀਤੀ। ਦੇਵਤਿਆਂ ਅਤੇ ਦੈਂਤਾਂ ਨੂੰ ਕਤਾਰ ਵਿਚ ਬਿਠਾ ਕੇ ਮਹਾਮੋਹਨੀ ਨੇ ਅੰਮ੍ਰਿਤ ਦੇਵਤਿਆਂ ਵਾਲੇ ਪਾਸੇ ਤੋਂ ਵੰਡਣਾ ਸ਼ੁਰੂ ਕੀਤਾ। ਰਾਹੂ ਨਾਮ ਦੇ ਦੈਂਤ ਨੇ ਜਦੋਂ ਵੇਖਿਆ ਕਿ ਅੰਮ੍ਰਿਤ ਤਾਂ ਉਨ੍ਹਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੁਕ ਜਾਏਗਾ ਤਾਂ ਉਹ ਭੇਸ ਵਟਾ ਕੇ ਸੂਰਜ ਅਤੇ ਚੰਦ੍ਰਮਾ ਦੇ ਨਾਲ ਜਾ ਬੈਠਾ। ਦੇਵਤਿਆਂ ਨੇ ਰਾਹੂ ਨੂੰ ਪਛਾਣ ਲਿਆ ਅਤੇ ਮਹਾਮੋਹਨੀ ਨੂੰ ਇਸ਼ਾਰਾ ਕੀਤਾ। ਹੁਣ ਵਿਸ਼ਣੂ ਨੇ ਆਪਣੇ ਅਸਲੀ ਰੂਪ ਵਿਚ ਆ ਕੇ ਰਾਹੂ ਦੀ ਧੌਣ ਵੱਢ ਦਿੱਤੀ ਜਿਸ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਹੋ ਕੇ ਇਸ ਦੇ ਦੋ ਹਿੱਸੇ ਰਾਹੂ ਅਤੇ ਕੇਤੂ ਹੋ ਗਏ। ਪਰ ਇਸ ਸਮੇਂ ਤੱਕ ਇਕ ਘੁੱਟ ਅੰਮ੍ਰਿਤ ਦਾ ਰਾਹੂ ਦੇ ਹਲਕ ਵਿਚ ਜਾ ਚੁੱਕਾ ਸੀ। ਸੋ ਹੁਣ ਇਹ ਰਾਹੂ ਅਤੇ ਕੇਤੂ ਦੇ ਰੂਪ ਵਿਚ ਆਕਾਸ਼ ਵਿਚ ਚੱਕਰ ਲਾਉਣ ਲੱਗ ਪਏ ਅਤੇ ਲਗਾਤਾਰ ਚੰਦ੍ਰਮਾ ਅਤੇ ਸੂਰਜ ਦਾ ਪਿੱਛਾ ਕਰ ਰਹੇ ਹਨ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪੌਰਾਣਿਕ ਗਾਥਾ ਦਾ ਵਰਣਨ ਤਾਂ ਹੈ ਪਰ ਅੰਮ੍ਰਿਤ ਦੇ ਅਰਥ ਅਤੇ ਮਕਸਦ ਪੂਰੀ ਤਰ੍ਹਾਂ ਹੀ ਬਦਲ ਦਿੱਤੇ। ਇਸ ਅਨੁਸਾਰ ਗੁਰੂ ਨੇ ਪਹਾੜ ਰੂਪੀ ਉਚੀ ਸੁਰਤ ਨੂੰ ਮਨ ਰੂਪੀ ਨੇਤ੍ਰੇ ਦੇ ਨਾਲ ਸ਼ਬਦ ਨੂੰ ਰਿੜਕਿਆ (ਘੋਖਿਆ) ਅਤੇ ਇਸ ਤਰ੍ਹਾਂ ਅੰਮ੍ਰਿਤ ਦਾ ਕੁੰਡ ਪ੍ਰਾਪਤ ਹੋਇਆ।




ਮਾਧਾਣਾ ਪਰਬਤੁ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥
(ਅੰਗ ੯੬੭)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਵੰਡ ਦਾ ਜ਼ਿਕਰ ਆਪਣੀ ਪਾਵਨ ਬਾਣੀ ਵਿਚ ਕਰਦੇ ਹਨ,

ਮਹਾ ਮੋਹਨੀ ਰੂਪ ਧਾਰਿਯੋ ਅਪਾਰੰ ॥
ਰਹੈ ਮੋਹਿ ਕੈ ਦਿਤਿ ਆਦਿਤਿਯ ਕੁਮਾਰੰ ॥
ਛਕੇ ਪ੍ਰੇਮ ਜੋਗੰ ਰਹੇ ਰੀਝ ਸਰਬੰ ॥
ਤਜੈ ਸਸਤ੍ਰ ਅਸਤ੍ਰੰ ਦੀਯੋ ਛੋਰ ਗਰਬੰ ॥
(ਚੌਬੀਸ ਅਵਤਾਰ ਮੋਹਣੀ)

ਇਸ ਗਾਥਾ ਦਾ ਭਾਵ ਸਪਸ਼ਟ ਅਤੇ ਗੰਭੀਰ ਹੈ ਕਿ ਜਪ ਤਪ ਕਰ ਕੇ ਸਿੱਖ ਨੂੰ ਗੁਰੂ ਦੀ ਰਹਿਮਤ ਨਾਲ ਅੰਮ੍ਰਿਤ ਤਾਂ ਪ੍ਰਾਪਤ ਹੋ ਸਕਦਾ ਹੈ ਪਰ ਬੱਜਰ ਕੁਰਹਿਤਾਂ ਰੂਪੀ 'ਮਹਾਮੋਹਨੀ' ਇਸ ਦਾਤ ਨੂੰ ਗਲਤਾਨ ਕਰਨ ਦੀ ਸਮਰੱਥਾ ਰੱਖਦੀ ਹੈ।

ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭)

ਵਿਆਖਿਆ

ਅੰਮ੍ਰਿਤ ਦੀ ਦਾਤ ਰਾਹੀਂ ਸਿੱਖ ਨੂੰ ਨਵਾਂ ਜਨਮ ਪ੍ਰਾਪਤ ਹੋਣਾ ਹੈ। ਇਸ ਵਿਚ ਗੁਰੂ ਵਲੋਂ ਅੰਮ੍ਰਿਤ ਦੀ ਬਖਸ਼ਿਸ਼ ਅਤੇ ਦਾਤ ਪ੍ਰਾਪਤ ਲਈ ਗੁਰੂ ਨਾਲ ਪ੍ਰਣ ਅਤੇ ਵਚਨ ਸ਼ਾਮਲ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਅਸਥਾਨ ਆਵਾ ਜਾਵੀ ਤੋਂ ਰਹਿਤ ਅਤੇ ਨਿਵੇਕਲਾ ਹੋਵੇ ਤਾਂ ਕਿ ਇਸ ਵਿਚ ਖਲਲ ਨਾ ਪਵੇ।

ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆਂ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ਚਲਦਾ)

# 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੇ ਭਾਰਤੀ ਨੌਜਵਾਨ ਹੋਇਆ ਗ੍ਰਿਫ਼ਤਾਰ !

ਨਿਊਯਾਰਕ (ਰਾਜ ਗੋਗਨਾ) : ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ ਦਾ ਨੌਜਵਾਨ ਬਿੱਟੂ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ ਅਤੇ ਹੁਣ ਪਿਛਲੇ 6 ਮਹੀਨਿਆਂ ਤੋਂ ਅਮਰੀਕੀ ਜੇਲ੍ਹ 'ਚ ਬੰਦ ਹੈ। ਉਸ ਦੀ ਗ੍ਰਿਫ਼ਤਾਰੀ ਫਰਵਰੀ 2025 ਵਿੱਚ ਹੋਈ ਸੀ ਜਦੋਂ ਉਹ ਸ਼ਰਾਬ ਪੀ ਕੇ ਕਾਰ ਚਲਾ ਰਿਹਾ ਸੀ ਅਤੇ ਇਸ ਦੌਰਾਨ ਉਸ ਦੀ ਕਾਰ ਨਾਲ ਇਕ ਹਾਦਸਾ ਵਾਪਰ ਗਿਆ ਸੀ।

2015 ਤੋਂ ਬਿੱਟੂ ਅਮਰੀਕਾ 'ਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿ ਰਿਹਾ ਸੀ। ਉਸ ਦੇ ਖ਼ਿਲਾਫ਼ ਪਹਿਲਾਂ ਹੀ ਡਿਪੋਰਟੇਸ਼ਨ ਲੈਟਰ ਜਾਰੀ ਹੋ ਚੁੱਕਾ ਸੀ, ਪਰ ਉਹ ਲੁਕ-ਛਿਪ ਕੇ ਆਪਣਾ ਜੀਵਨ ਬਿਤਾ ਰਿਹਾ ਸੀ। ਹਾਦਸੇ ਦੇ ਸਮੇਂ ਉਸ ਦੀ ਕਾਰ ਦਾ ਬੀਮਾ ਨਹੀਂ ਸੀ, ਜਿਸ ਕਾਰਨ ਉਸ 'ਤੇ ਹੋਰ ਗੰਭੀਰ ਦੋਸ਼ ਲੱਗ ਗਏ।

ਬਿੱਟੂ ਦੀ ਗ੍ਰਿਫ਼ਤਾਰੀ ਵੇਲੇ ਉਸ ਦੀ ਪਤਨੀ ਪਿੰਕੀ 8ਵੇਂ ਮਹੀਨੇ ਦੀ ਗਰਭਵਤੀ ਸੀ। ਬੀਤੇ ਮਾਰਚ ਮਹੀਨੇ ਉਸ ਨੇ ਇਕ ਧੀ ਨੂੰ ਜਨਮ ਦਿੱਤਾ। ਗ੍ਰਿਫ਼ਤਾਰੀ ਕਾਰਨ ਅੱਜ ਤੱਕ ਬਿੱਟੂ ਨੂੰ ਆਪਣੀ ਧੀ ਨੂੰ ਗੋਦੀ 'ਚ ਚੁੱਕਣ ਤੱਕ ਦਾ ਵੀ ਮੌਕਾ ਨਹੀਂ ਮਿਲਿਆ।

ਪਿੰਕੀ ਇਸ ਵੇਲੇ ਅਲਾਬਾਮਾ 'ਚ ਇਕੱਲੀ ਰਹਿ ਰਹੀ ਹੈ। ਪਤੀ ਦੀ ਗੈਰਹਾਜ਼ਰੀ ਕਾਰਨ ਉਹ ਆਪਣਾ ਤੇ ਆਪਣੀ ਧੀ ਦਾ ਢਿੱਡ ਭਰਨ ਲਈ ਬਿਨਾਂ ਤਨਖਾਹ ਦੇ ਤੇ ਸਿਰਫ਼ ਛੋਟੀ-ਮੋਟੀ ਮਦਦ ਲਈ ਘਰੇਲੂ ਕੰਮਕਾਜ ਕਰਦੀ ਹੈ। ਉਹ ਖ਼ੁਦ ਵੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਹੈ ਅਤੇ ਨਵਜੰਮੀ ਧੀ ਨੂੰ ਪਾਲਣ ਲਈ ਉਸ ਕੋਲ ਕੋਈ ਸਾਧਨ ਨਹੀਂ ਹੈ।

ਬਿੱਟੂ 'ਤੇ DUI (Driving Under Influence), ਬੀਮੇ ਤੋਂ ਬਿਨਾਂ ਵਾਹਨ ਚਲਾਉਣਾ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਹੁਣ ਉਸ ਦਾ ਭਵਿੱਖ ਅਮਰੀਕੀ ਜੇਲ੍ਹ ਅਤੇ ਭਾਰਤ ਵਾਪਸੀ (ਡਿਪੋਰਟੇਸ਼ਨ) ਵਿਚਕਾਰ ਫਸਿਆ ਹੋਇਆ ਹੈ।

ਇਹ ਮਾਮਲਾ ਇਕ ਵਾਰ ਫਿਰ ਦਰਸਾਉਂਦਾ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਪਰਿਵਾਰ ਕਿਹੜੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਪਿੰਕੀ ਵਰਗੀਆਂ ਔਰਤਾਂ ਲਈ ਨਾ ਸਿਰਫ਼ ਰੋਜ਼ਾਨਾ ਦੀ ਜ਼ਿੰਦਗੀ ਮੁਸ਼ਕਲ ਹੋ ਜਾਂਦੀ ਹੈ, ਬਲਕਿ ਨਵਜਨਮੀ ਬੱਚਿਆਂ ਦਾ ਭਵਿੱਖ ਵੀ ਹਨੇਰੇ ਵੱਲ ਚਲਾ ਜਾਂਦਾ ਹੈ।

# 605 ਫੁੱਟ ਉੱਚੇ ਸਪੇਸ ਨੀਡਲ ਤੇ ਤਿਰੰਗਾ ! ਪਹਿਲੀ ਵਾਰ ਲਹਿਰਾਇਆ ਗਿਆ ਕੋਈ ਵਿਦੇਸ਼ੀ ਝੰਡਾ

15 ਅਗਸਤ ਨੂੰ ਭਾਰਤ ਦਾ 79ਵਾਂ ਆਜ਼ਾਦੀ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਭਾਰਤ ਹੀ ਨਹੀਂ, ਵਿਦੇਸ਼ਾਂ 'ਚ ਵੀ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਅਮਰੀਕਾ 'ਚ ਵੀ ਭਾਰਤੀ ਭਾਈਚਾਰੇ ਨੇ ਪੂਰੀ ਸ਼ਾਨ ਤੇ ਉਤਸ਼ਾਹ ਨਾਲ ਭਾਰਤ ਦਾ ਆਜ਼ਾਦੀ ਦਿਹਾੜਾ ਮਨਾਇਆ।

ਇਸ ਦੌਰਾਨ ਸੀਏਟਲ ਵਿੱਚ 605 ਫੁੱਟ ਉੱਚੇ ਸਪੇਸ ਨੀਡਲ 'ਤੇ ਭਾਰਤੀ ਤਿਰੰਗਾ ਲਹਿਰਾਇਆ ਗਿਆ। ਇਹ ਪਹਿਲੀ ਵਾਰ ਹੈ ਜਦੋਂ ਇਸ ਪ੍ਰਸਿੱਧ ਅਮਰੀਕੀ ਸਥਾਨ 'ਤੇ ਕਿਸੇ ਹੋਰ ਦੇਸ਼ ਦਾ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਹੈ। ਸੀਏਟਲ ਵਿੱਚ ਭਾਰਤ ਦੇ ਕੌਂਸਲ ਜਨਰਲ ਪ੍ਰਕਾਸ਼ ਗੁਪਤਾ, ਸੀਏਟਲ ਦੇ ਮੇਅਰ ਬਰੂਸ ਹੈਰਲ ਅਤੇ ਸੀਏਟਲ ਸ਼ਹਿਰ ਦੇ ਵੱਖ-ਵੱਖ ਪਤਵੰਤਿਆਂ ਨੇ ਇਸ ਇਤਿਹਾਸਕ ਮੌਕੇ 'ਤੇ ਸ਼ਿਰਕਤ ਕੀਤੀ।

ਪ੍ਰਕਾਸ਼ ਗੁਪਤਾ ਨੇ ਸਪੇਸ ਨੀਡਲ 'ਤੇ ਤਿਰੰਗਾ ਲਹਿਰਾਉਣ ਸਮੇਂ ਕਿਹਾ ਕਿ ਇਸ ਤੋਂ ਵੱਡਾ ਕੋਈ ਸਨਮਾਨ ਨਹੀਂ ਹੈ। ਬਾਅਦ



ਵਿੱਚ ਭਾਰਤੀ ਕੌਂਸਲੇਟ ਜਨਰਲ ਨੇ ਕੇਰੀ ਪਾਰਕ ਵਿਖੇ ਇੱਕ ਕਮਿਊਨਿਟੀ ਰਿਸੈਪਸ਼ਨ ਦੀ ਮੇਜ਼ਬਾਨੀ ਕੀਤੀ ਜਿਸ ਵਿੱਚ ਸਪੇਸ ਨੀਡਲ ਦੇ ਉੱਪਰ ਭਾਰਤੀ ਝੰਡਾ ਲਹਿਰਾਇਆ ਗਿਆ। ਕੌਂਸਲੇਟ ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਭਾਰਤੀ-ਅਮਰੀਕੀ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਮੈਂਬਰ ਇਤਿਹਾਸਕ ਦ੍ਰਿਸ਼ ਦੇਖਣ ਲਈ ਮੌਜੂਦ ਸਨ।

# BASRA
## Heating & Air Conditioning

CA LIC #969870

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

Jai Mata Di

Jai Mata Di

# Hindu Temple & Community Center, Sunnyvale

(A Non Profit, Tax Exempt Religious Organization)

Invites all devotees to

# Vishal Bhagwati Jagran



Performed by

**Lakhbir Singh Lakha**

Devotional Singer from India

**Aug. 29, 2025**

**Friday from 7:30 PM**

450 Persian Drive
Sunnyvale, CA 94089

**Priti Bhoj Served 5:30 PM**



**For Sponsorship Information:**

**Balwant Birla**
(510) 750-8640

**Raj Bhanot**
(408) 687-1955

**Supporting Organizations:**

- Maa Durga Parivar
- Hindu Swayamsevak Sangh
- Dadi Pariwar USA
- Association of Indo-Americans

# ਪੰਜਾਬੀ ਕਲਚਰਲ ਐਸੋਸੀਏਸ਼ਨ ਨੇ ਕਰਵਾਇਆ ਕੰਵਰ ਗਰੇਵਾਲ ਦਾ ਸ਼ਾਨਦਾਰ ਸ਼ੋਅ





ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ) : ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਵੱਲੋਂ ਰਾਤੀਂ ਸੈਂਟਰਲ ਹਾਈ ਸਕੂਲ ਦੇ ਆਡੀਟੋਰੀਅਮ ਵਿੱਚ ਮਸ਼ਹੂਰ ਪੰਜਾਬੀ ਗਾਇਕ ਕੰਵਰ ਗਰੇਵਾਲ ਦਾ ਸ਼ਾਨਦਾਰ ਸ਼ੋਅ ਕਰਵਾਇਆ ਗਿਆ, ਜਿਸਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਹਾਲ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ ਅਤੇ ਤਿੰਨ ਘੰਟਿਆਂ ਤੋਂ ਵੱਧ ਚੱਲੇ ਇਸ ਪ੍ਰੋਗਰਾਮ ਨੇ ਲੋਕਾਂ ਨੂੰ ਰੂਹਾਨੀ ਸੰਗੀਤਕ ਯਾਤਰਾ ਕਰਵਾ ਦਿੱਤੀ। ਇਸ ਮੌਕੇ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਸਟੇਜ ਸੰਚਾਲਨ ਜੋਤ ਰਣਜੀਤ ਕੌਰ ਨੇ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪੀਸੀਏ ਫਰਿਜ਼ਨੋ ਦੇ ਮੋਢੀ ਮੈਂਬਰ ਸੁਖਬੀਰ ਸਿੰਘ ਭੰਡਾਲ ਨੇ ਆਏ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਪੀਸੀਏ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਪਿਛਲੇ ਡੇਢ ਦਹਾਕੇ ਤੋਂ ਪੀਸੀਏ ਲੋਕ ਸੇਵਾ ਦੇ ਕੰਮਾਂ ਵਿੱਚ ਅੱਗੇ ਰਹੀ ਹੈ, ਜਿਸ ਵਿੱਚ ਲਾਸ ਏਂਜਲਸ ਫਾਇਰ ਦੌਰਾਨ 10 ਹਜ਼ਾਰ ਡਾਲਰ ਦਾ ਦਾਨ ਦੇਣਾ ਅਤੇ ਸਹਾਇਤਾ, ਜੈਕਾਰਾ ਵਰਗੀਆਂ ਸੰਸਥਾਵਾਂ ਨੂੰ ਸਮਰਥਨ ਦੇਣਾ ਸ਼ਾਮਲ ਹੈ।

ਸ਼ੋਅ ਦੀ ਸ਼ੁਰੂਆਤ ਓਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਦੇ ਭੰਗੜੇ ਨਾਲ ਹੋਈ, ਜਿਸਨੇ ਦਰਸ਼ਕਾਂ ਤੋਂ ਖੂਬ ਵਾਹ-ਵਾਹ ਖੱਟੀ। ਇਸ ਤੋਂ ਬਾਅਦ ਉੱਭਰਦੇ ਗਾਇਕ ਅਨਮੋਲ ਵਿਰਕ ਨੇ ਆਪਣੇ ਸੁਰੀਲੇ ਗੀਤ "ਵੀਰ ਮੇਰਿਆ ਜੁਗਨੀ ਜੀ" ਨਾਲ ਸੰਗੀਤਕ ਮਾਹੌਲ ਬਣਾਇਆ।

ਫਿਰ ਮੰਚ 'ਤੇ ਆਏ ਹਰਮਨ ਪਿਆਰੇ ਗਾਇਕ ਕੰਵਰ ਗਰੇਵਾਲ, ਜਿਨ੍ਹਾਂ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਤਾੜੀਆਂ ਮਾਰਦੇ ਝੂਮਣ ਲਈ ਮਜਬੂਰ ਹੋ ਗਏ। ਉਹ ਦਰਸ਼ਕਾਂ ਦੇ ਵਿਚਕਾਰ ਆ ਕੇ ਗਾਉਂਦੇ ਰਹੇ, ਜਿਸ ਨਾਲ ਪੂਰਾ ਮਾਹੌਲ ਸੰਗੀਤਕ ਸਤਿਸੰਗ ਵਿੱਚ ਤਬਦੀਲ ਹੋ ਗਿਆ।

ਖ਼ਾਸ ਕਰਕੇ ਤੂੰਬੇ ਦੀਆਂ ਤਰਜ਼ਾਂ ਨੇ ਲੋਕਾਂ ਨੂੰ ਰੂਹਾਨੀ ਅਨੁਭਵ ਨਾਲ ਜੋੜਿਆ। ਲਗਾਤਾਰ ਢਾਈ ਤੋਂ ਤਿੰਨ ਘੰਟਿਆਂ ਤੱਕ ਕੰਵਰ ਗਰੇਵਾਲ ਨੇ ਗਾਇਕੀ ਦਾ ਜਾਦੂ ਵਿਖੇਰਿਆ ਅਤੇ ਅਖੀਰ ਵਿੱਚ ਇਹ ਪ੍ਰੋਗਰਾਮ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡਦਾ ਹੋਇਆ ਕਾਮਯਾਬੀ ਨਾਲ ਸਮਾਪਤ ਹੋ ਗਿਆ।

# ਰਤਨਾ ਤੇ ਸ਼ਿਵਾਨੀ ਨੂੰ ਮਿਲਿਆ ਟਾਪ 25 ਕੈਨੇਡੀਅਨ ਇੰਮੀਗਰਾਂਟ ਪੁਰਸਕਾਰ



ਰਤਨਾ ਮਾਲਾ ਬੱਗਾ, ਸ਼ਿਵਾਨੀ ਗੁਪਤਾ

ਐਬਟਸਫੋਰਡ : ਕੈਨੇਡਾ ਦੇ ਨਾਮਵਰ ਅੰਗਰੇਜ਼ੀ ਮੀਡੀਆ ਅਦਾਰੇ ਕੈਨੇਡੀਅਨ ਇੰਮੀਗਰਾਂਟ ਵਲੋਂ ਟਾਪ 25 ਕੈਨੇਡੀਅਨ ਇੰਮੀਗਰਾਂਟ ਅਵਾਰਡ 2025 ਦੇ ਜੇਤੂ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਕਾਰੀ ਸਨਮਾਨ ਵਾਸਤੇ ਭਾਰਤੀ ਮੂਲ ਦੀ ਉੱਘੀ ਸਮਾਜ ਸੇਵਿਕਾ ਵੈਨਕੂਵਰ ਨਿਵਾਸੀ ਰਤਨਾ ਮਾਲਾ ਬੱਗਾ ਤੇ ਸ਼ਿਵਾਨੀ ਗੁਪਤਾ ਨੂੰ ਵੀ ਚੁਣਿਆ ਹੈ। ਕੈਨੇਡੀਅਨ ਇੰਮੀਗਰਾਂਟ ਅਦਾਰੇ ਵਲੋਂ ਇਸ ਸਨਮਾਨ ਵਾਸਤੇ ਹਰ ਸਾਲ ਉਨ੍ਹਾਂ 25 ਵਿਅਕਤੀਆਂ ਨੂੰ ਚੁਣਿਆ ਜਾਂਦਾ ਹੈ ਜਿਹੜੇ ਵੱਖ-ਵੱਖ ਦੇਸ਼ਾਂ ਤੋਂ ਪ੍ਰਵਾਸ ਕਰ ਕੇ ਕੈਨੇਡਾ ਆਉਂਦੇ ਹਨ ਤੇ ਕੈਨੇਡਾ ਆ ਕੇ ਸਖ਼ਤ ਮਿਹਨਤ ਕਰ ਕੇ ਆਪੋ ਆਪਣੇ ਖੇਤਰ ਵਿਚ ਸਫਲ ਹੁੰਦੇ ਹਨ। ਭਾਰਤ 'ਚ ਕਾਲਜ ਲੈਕਚਰਾਰ ਰਹੀ ਰਤਨਾ ਬੱਗਾ ਸੰਨ 1969 ਵਿਚ ਕੈਨੇਡਾ ਆਈ ਸੀ ਤੇ ਉਹ ਉੱਤਰੀ ਅਮਰੀਕਾ ਦੀ ਪ੍ਰਮੁੱਖ ਆਰਗੈਨਿਕ ਫੂਡ ਕੰਪਨੀ ਨੇਚਰਜ਼ ਪਾਥ ਦੀ ਸਹਿ ਸੰਸਥਾਪਕ ਹੈ। ਰਤਨਾ ਤੇ ਉਸ ਦੇ ਪਤੀ ਐਰਨ ਸਟੀਫਨ ਫੂਡ ਬੈਂਕਾ ਤੇ ਹਸਪਤਾਲ ਨੂੰ 60 ਮਿਲੀਅਨ ਡਾਲਰ ਦਾਨ ਦੇ ਚੁੱਕੇ ਹਨ ਜਦ ਕਿ 13 ਸਾਲ ਦੀ ਉਮਰ 'ਚ ਭਾਰਤ ਤੋਂ ਕੈਨੇਡਾ ਆਈ ਸ਼ਿਵਾਨੀ ਗੁਪਤਾ ਕਰਾਊਨ ਗਰੁੱਪ ਆਫ਼ ਹੋਟਲਜ਼ ਕੰਪਨੀ ਦੀ ਡਾਇਰੈਕਟਰ ਤੇ ਸਫਲ ਕਾਰੋਬਾਰੀ ਹੈ। ਅਦਾਰੇ ਵਲੋਂ ਰਤਨਾ ਨੂੰ ਨੈਚੁਰਲ ਲੀਡਰ ਅਤੇ ਸ਼ਿਵਾਨੀ ਨੂੰ ਕਰਾਉਨਿੰਗ ਅਚੀਵਮੈਂਟਸ ਦਾ ਸਨਮਾਨ ਦਿੱਤਾ ਹੈ।

# ਏਅਰ ਕੈਨੇਡਾ ਦੀਆਂ ਸਾਰੀਆਂ ਉਡਾਣਾਂ ਰੱਦ




ਟੋਰਾਂਟੋ ਵਿਖੇ ਆਪਣੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਏਅਰ ਕੈਨੇਡਾ ਦੇ ਮੁਲਾਜ਼ਮ।

ਟੋਰਾਂਟੋ : ਏਅਰ ਕੈਨੇਡਾ ਦੇ 10,000 ਦੇ ਕਰੀਬ ਏਅਰ ਹੋਸਟੈਸ (ਕੈਬਿਨ ਕਰਿਊ) ਮੁਲਾਜ਼ਮਾਂ ਵਲੋਂ ਵੱਧ ਤਨਖਾਹਾਂ, ਭੱਤੇ ਅਤੇ ਕੰਮ ਦਾ ਬੋਝ ਘੱਟ ਕਰਨ ਲਈ ਗੱਲਬਾਤ ਬੀਤੇ ਦਿਨ ਕਿਸੇ ਸਿਰੇ ਨਾ ਲੱਗਣ ਕਰਕੇ ਮੁਕੰਮਲ ਹੜਤਾਲ ਸ਼ੁਰੂ ਕਰ ਦਿੱਤੀ ਗਈ। ਇਸ ਦੇ ਜਵਾਬ 'ਚ ਏਅਰ ਕੈਨੇਡਾ ਦੇ ਅਧਿਕਾਰੀਆਂ ਨੇ ਦੇਸ਼ ਅਤੇ ਵਿਦੇਸ਼ਾਂ 'ਚ ਕੰਪਨੀ ਦੀਆਂ ਸਾਰੀਆਂ ਉਡਾਣਾਂ ਰੱਦ ਕਰਨ ਦਾ ਐਲਾਨ ਕੀਤਾ। ਹੜਤਾਲੀ ਮੁਲਾਜ਼ਮਾਂ ਵਲੋਂ ਦੇਸ਼ ਦੇ ਹਵਾਈ ਅੱਡਿਆਂ ਨੇੜੇ ਜਾ ਕੇ ਸ਼ਾਂਤਮਈ ਰੋਸ ਮੁਜ਼ਾਹਰਿਆਂ 'ਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਹੜਤਾਲ ਇਕਦਮ ਖ਼ਤਮ ਹੋ ਜਾਣ ਦੇ ਅਸਾਰ ਨਜ਼ਰ ਨਹੀਂ ਆ ਰਹੇ ਕਿਉਂਕਿ ਹੜਤਾਲ ਦੇ ਜਵਾਬ 'ਚ ਏਅਰ ਕੈਨੇਡਾ ਦੇ ਅਧਿਕਾਰੀਆਂ ਨੇ ਮੁਲਾਜ਼ਮਾਂ ਦੇ ਕੰਪਨੀ 'ਚ ਵੜਨ 'ਤੇ ਪਾਬੰਦੀ ਲਗਾ ਦਿੱਤੀ। ਜਾਣਕਾਰੀ ਅਨੁਸਾਰ ਇਸਦੇ ਚੱਲਦੇ ਦਿੱਲੀ ਤੋਂ ਅਤੇ ਭਾਰਤ ਦੇ ਹੋਰ ਸ਼ਹਿਰਾਂ ਤੋਂ ਕੈਨੇਡਾ ਨੂੰ ਸਿੱਧੀਆਂ ਜਾਣ ਤੇ ਆਉਣ ਵਾਲੀਆਂ ਉਡਾਣਾਂ ਬੀਤੇ ਸ਼ੁੱਕਰਵਾਰ ਤੋਂ ਹੀ ਰੱਦ ਹੋ ਰਹੀਆਂ ਹਨ ਜਿਸ ਨਾਲ ਭਾਰਤ 'ਚ ਬਹੁਤ ਸਾਰੇ ਪਰਿਵਾਰ ਤੇ ਕਾਰੋਬਾਰ ਪ੍ਰਭਾਵਿਤ ਹੋ ਰਹੇ ਹਨ। ਏਅਰ ਕੈਨੇਡਾ ਦੇ ਜਹਾਜ਼ ਦੁਨੀਆਂ ਦੇ 6 ਮਹਾਂਦੀਪਾਂ 'ਚ 175 ਤੋਂ ਵੱਧ ਹਵਾਈ ਅੱਡਿਆਂ ਨੂੰ ਰੋਜ਼ਾਨਾ ਆਉਂਦੇ ਤੇ ਜਾਂਦੇ ਹਨ। ਜਿਨ੍ਹਾਂ 'ਚ ਦਿੱਲੀ ਸਮੇਤ ਭਾਰਤ ਦੇ ਹੋਰ ਸ਼ਹਿਰ ਵੀ ਸ਼ਾਮਿਲ ਹਨ।

# ਚਰਨਜੀਤ ਸਿੰਘ ਪੰਨੂ ਦੇ ਕਹਾਣੀ ਸੰਗ੍ਰਹਿ 'ਸਤਨਾਜਾ' ਉੱਪਰ ਵਿਚਾਰ ਚਰਚਾ 24 ਅਗਸਤ ਨੂੰ

## ਵਿਪਸਾਅ ਵੱਲੋਂ ਹੇਵਰਡ ਵਿੱਚ ਸਮਾਗਮ ਲਈ ਸੱਦਾ




ਹੇਵਰਡ: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 24 ਅਗਸਤ ਦਿਨ ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਨਾਮਵਰ ਪੰਜਾਬੀ ਲੇਖਕ ਚਰਨਜੀਤ ਸਿੰਘ ਪੰਨੂ ਦੇ ਕਹਾਣੀ ਸੰਗ੍ਰਹਿ 'ਸਤਨਾਜਾ' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 Santa Clara St, Hayward, California ਵਿੱਚ ਐਤਵਾਰ ਨੂੰ 12 ਵਜੇ ਦੁਪਹਿਰੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤ ਗੋਸ਼ਟੀ ਦਾ ਆਰੰਭ ਹੋਏਗਾ। ਚਰਨਜੀਤ ਸਿੰਘ ਪੰਨੂ ਪੰਜਾਬੀ ਦਾ ਬਹੁ-ਵਿਧਾਵੀ ਲੇਖਕ ਹੈ ਜੋ 10 ਕਹਾਣੀ ਸੰਗ੍ਰਹਿ, 13 ਸਫ਼ਰਨਾਮੇ, 5 ਕਾਵਿ ਸੰਗ੍ਰਹਿ ਅਤੇ ਇੱਕ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। 'ਸਤਨਾਜਾ' ਪੰਨੂ ਦਾ ਸੱਜਰਾ ਕਹਾਣੀ ਸੰਗ੍ਰਹਿ ਹੈ। ਵਿਪਸਾਅ ਇਸ ਕਿਤਾਬ ਉੱਪਰ ਸਾਹਿਤਕ ਗੋਸ਼ਟੀ ਲਈ ਬੇਅ ਏਰੀਆ ਅਤੇ ਕੈਲੀਫ਼ੋਰਨੀਆ ਵੱਸਦੇ ਸਮੂੰਹ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਖੁੱਲਾ ਸੱਦਾ ਦਿੰਦੀ ਹੈ। ਬੈਠਕ ਵਿੱਚ ਪੰਨੂ ਦੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਅਤੇ ਸੇਲ ਵੀ ਲੱਗੇਗੀ। ਬੈਠਕ ਦੇ ਅੰਤ ਵਿੱਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿੱਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।

**ਜਗਜੀਤ ਨੌਸ਼ਹਿਰਵੀ 510-676-1565**
**ਜਰਨਲ ਸਕੱਤਰ**
**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ**
**ਕੈਲੀਫ਼ੋਰਨੀਆ (ਵਿਪਸਾਅ)**

# ਸ਼ਹੀਦ ਊਧਮ ਸਿੰਘ ਯਾਦਗਾਰੀ ਸਮਾਗਮ 'ਚ ਬੱਚਿਆਂ ਤੋਂ ਕਰਵਾਏ ਗਏ ਭਾਸ਼ਣ ਮੁਕਾਬਲੇ



ਫਰਿਜ਼ਨੋ/ਕੈਲੇਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ, ਕੈਲੇਫੋਰਨੀਆ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਉੱਚ ਪੱਧਰੀ ਸ਼ਹੀਦੀ ਸਮਾਗਮ ਕਰਵਾਉਂਦੇ ਹੋਏ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਮਾਗਮ ਦੀ ਸ਼ੁਰੂਆਤ ਕਰਦਿਆਂ ਹਰਜਿੰਦਰ ਢੇਸੀ ਦੇ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਨਾਲ ਹੋਈ। ਉਪਰੰਤ ਸਮਾਗਮ ਦੀ ਸ਼ੁਰੂਆਤ ਰਾਜ ਬਰਾੜ ਦੇ ਇਕ ਗੀਤ ਨਾਲ ਹੋਈ। ਇਸ ਭਾਸ਼ਣ ਮੁਕਾਬਲੇ 'ਚ ਹਿੱਸਾ ਲੈਣ ਲਈ ਬਹੁ-ਗਿਣਤੀ 'ਚ ਬੱਚੇ ਪਹੁੰਚੇ ਹੋਏ ਸਨ। ਇਹ ਇਹ ਭਾਸ਼ਣ ਮੁਕਾਬਲੇ ਨੂੰ ਵੱਖ-ਵੱਖ ਚਾਰ ਭਾਗਾਂ ਵਿਚ ਵੰਡਿਆ ਗਿਆ ਸੀ। ਪਹਿਲੇ ਭਾਗ-ਏ ਵਿੱਚ ਪ੍ਰੀ ਸਕੂਲ ਤੋਂ ਐਲੀਮੈਂਟਰੀ ਸਕੂਲ ਦੇ ਬੱਚੇ, ਦੂਜੇ ਭਾਗ-ਬੀ ਵਿਚ ਮਿਡਲ ਸਕੂਲ ਦੇ ਬੱਚੇ, ਤੀਜੇ ਭਾਗ-ਸੀ ਵਿਚ ਹਾਈ ਸਕੂਲ ਦੇ ਬੱਚੇ ਅਤੇ ਚੌਥੇ ਭਾਗ-ਡੀ ਵਿਚ ਕਾਲਜ ਦੇ ਵਿਦਿਆਰਥੀ ਸ਼ਾਮਲ ਸਨ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦਿੱਤੇ ਗਏ। ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਯਾਦਗਾਰੀ ਚਿੰਨ੍ਹ ਦਿੱਤੇ ਗਏ। ਇਸ ਮੌਕੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਜੀ. ਐਚ. ਜੀ. ਅਕੈਡਮੀ ਦੇ ਬੱਚਿਆਂ ਨੇ ਭੰਗੜੇ ਦੀ ਪੇਸ਼ਕਾਰੀ ਕੀਤੀ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਸਿੰਘ ਢੇਸੀ ਨੇ ਬਾਖ਼ੂਬੀ ਨਿਭਾਈ। ਜਦ ਕਿ ਸ਼ਰਨ ਕੌਰ ਧਾਲੀਵਾਲ ਨੇ ਸਟੇਜ ਸੰਚਾਲਨ 'ਚ ਉਨ੍ਹਾਂ ਦਾ ਸਾਥ ਨਿਭਾਇਆ। ਇਸ ਪ੍ਰੋਗਰਾਮ 'ਚ ਸ਼ਾਮਲ ਹੋਏ ਸਮੁੱਚੇ ਭਾਈਚਾਰੇ ਲਈ ਚਾਹ ਪਕੌੜਿਆਂ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਸਮੁੱਚੇ ਤੌਰ ਤੇ ਇਹ ਸਮਾਗਮ ਸਫਲ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ। ਅਗਲੇ ਸਮਾਗਮ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਪ੍ਰਬੰਧਕਾਂ ਵਲੋਂ ਸਮਾਗਮ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।


CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
SAN RAMON
San Ramon
URGENT CARE & CLINIC
LATHROP
Lathrop
URGENT CARE
MAIN STREET
Main Street
URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਆਪ ਨੇ ਕਿਹਾ ਕਿ ਹਿੰਦ-ਸਥਾਨ ਹਿੰਦੂ ਧਰਮ ਤੇ ਹਿੰਦੂ ਸਭਿਅਤਾ ਦਾ ਸਥਾਨ ਹੈਉਂ ਇਥੇ ਰਹਿਣ ਵਾਲੀਆਂ ਘੱਟ ਗਿਣਤੀਆਂ ਕੋਈ ਅਜਿਹਾ ਹੱਕ ਨਹੀਂ ਮੰਗ ਸਕਦੀ ਜੋ ਕਿ ਬਹੁਗਿਣਤੀ (ਹਿੰਦੂ) ਸਮਾਜ ਦੇ ਹੱਕਾਂ ਦੇ ਉਲਟ ਹੋਵੇ।

ਅਛੂਤਾਂ ਲਈ ਫ਼ਤਵਾ : ਡਾਕਟਰ ਕੁਰਤਾਕੋਟੀ ਜੀ ਦੇ ਭਾਸ਼ਣ ਵਿਚ ਅਛੂਤ ਹਿੰਦੂਆਂ ਦੇ ਧਰਮ ਬਦਲਣ ਦਾ ਜ਼ਿਕਰ ਸੀ। ਹਿੰਦੂ ਮੁਖੀਆਂ ਵਲੋਂ ਆਪ ਨੂੰ ਆਪਣੇ ਐਡਰੈੱਸ ਵਿਚੋਂ ਕੁਝ ਹਿੱਸਾ ਬਦਲਣ ਲਈ ਕਿਹਾ ਗਿਆ। ਪਰ ਆਪ ਨੇ ਇਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨੋਂ ਨਾਂਹ ਕਰ ਦਿੱਤੀ ਤੇ ਮਰਦਾਂ ਵਾਂਗ ਨਿਰਭੈ ਹੋ ਕੇ ਆਪਣੇ ਖ਼ਿਆਲ ਸੁਤੰਤਰਤਾ ਨਾਲ ਸੁਣਾਏ।

ਅੰਬੇਡਕਰ ਦਾ ਧੰਨਵਾਦ : ਸ਼ੰਕਰਾਚਾਰੀਆ ਜੀ ਨੇ ਕਿਹਾ ਲੋਕ ਕਹਿੰਦੇ ਹਨ ਕਿ ਡਾਕਟਰ ਅੰਬੇਡਕਰ ਆਪਣੀਆਂ ਤਕਰੀਰਾਂ ਨਾਲ ਖਾਹਮਖਾਹ ਘ੍ਰਿਣਾ ਫੈਲਾ ਰਹੇ ਹਨ। ਮੈਂ ਤਾਂ ਇਹ ਕਹਾਂਗਾ ਕਿ ਸਾਨੂੰ ਇਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਆਪਣੀਆਂ ਤਕਰੀਰਾਂ ਤੇ ਬਹਾਦਰਾਨਾ ਕੋਸ਼ਿਸ਼ਾਂ ਨਾਲ ਅਛੂਤਾਂ ਨੂੰ ਜਗਾ ਦਿੱਤਾ ਹੈ ਤੇ ਇਨ੍ਹਾਂ ਅੰਦਰ ਇਹ ਜਾਗ੍ਰਿਤ ਆ ਗਈ ਏ ਕਿ ਉਨ੍ਹਾਂ ਨਾਲ ਹੱਤੱਕ ਭਰਿਆ ਸਲੂਕ ਹੋ ਰਿਹਾ ਹੈ। ਡਾਕਟਰ ਅੰਬੇਡਕਰ ਨੇ ਉਨ੍ਹਾਂ ਨੂੰ ਇਹ ਧੱਬਾ ਧੋ ਦੇਣ ਲਈ ਤਿਆਰ ਕਰ ਦਿੱਤਾ ਹੈ ਜਿਹੜਾ ਹੁਣ ਤੱਕ ਇਨ੍ਹਾਂ 'ਤੇ ਲਗਾਇਆ ਜਾ ਰਿਹਾ ਹੈ।




ਸਿੱਖ ਧਰਮ ਤੇ ਅਛੂਤ

ਮੈਂ ਹੁਣ ਅਛੂਤਾਂ ਦੇ ਸਿੱਖ ਧਰਮ ਕਬੂਲ ਕਰਨ ਦੀ ਗੱਲ ਵੱਲ ਆਉਂਦਾ ਹਾਂ। ਮੇਰੀ ਇਹ ਜ਼ੋਰਦਾਰ ਰਾਏ ਹੈ ਕਿ ਜਿਹੜੇ ਅਛੂਤ ਸਿੱਖ ਧਰਮ ਕਬੂਲ ਕਰਨਾ ਚਾਹੁਣ ਉਨ੍ਹਾਂ ਨੂੰ ਪੂਰੀ ਅਜ਼ਾਦੀ ਹੋਣੀ ਚਾਹੀਦੀ ਹੈ। ਇਹ ਜ਼ਰੂਰੀ ਨਹੀਂ ਕਿ ਸਾਰੇ ਅਛੂਤ ਸਿੱਖ ਧਰਮ ਧਾਰਨ ਕਰ ਲੈਣ। ਸਿੱਖ ਧਰਮ ਕਬੂਲ ਕਰਨ ਦਾ ਭਾਵ ਇਹ ਹੈ ਕਿ ਜਿਹੜੇ ਲੋਕ ਆਪਣੇ ਨਾਲ ਹੋ ਰਹੇ ਘ੍ਰਿਣਤ ਸਲੂਕ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਆਪਣੀ ਹਾਲਤ ਸੁਧਾਰਨ ਦਾ ਮੌਕਾ ਦਿੱਤਾ ਜਾਏ। ਜੋ ਬਹੁਤੇ ਬੇਸਬਰੇ ਨਹੀਂ ਅਤੇ ਅਛੂਤ ਉਧਾਰ ਦੀ ਉਸ ਚਾਲ ਨੂੰ ਜੋ ਵੱਡੀਆਂ ਜਾਤਾਂ ਦੇ ਹਿੰਦੂ ਚੱਲ ਰਹੇ ਹਨ, ਤਸੱਲੀ ਵਿਚ ਉਹ ਸਾਡੇ ਨਾਲ ਰਹਿਣ। ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਐਮ.ਸੀ. ਰਾਜਾ ਨੇ ਅੰਬੇਡਕਰ ਮੂੰਜੇ ਅਸੂਲ ਨੂੰ ਰੱਦ ਕਰਨ ਵਾਸਤੇ ਇਕ ਕਾਰਨ ਇਹ ਵੀ ਦੱਸਿਆ ਹੈ ਕਿ ਮੁਸਲਮਾਨ ਅਛੂਤਾਂ ਦੇ ਵਿਰੁੱਧ ਹੋ ਜਾਣਗੇ ਇਹ ਜੋ ਕੁਝ ਕਿਹਾ ਹੈ ਮੁਸਲਮਾਨਾਂ ਤੋਂ ਡਰ ਕੇ ਕਿਹਾ ਗਿਆ ਹੈ। ਮੈਂ ਸਿੱਖ ਧਰਮ ਕਬੂਲ ਕਰਨ ਦਾ ਮਸ਼ਵਰਾ ਇਸ ਵਾਸਤੇ ਦਿੰਦਾ ਹਾਂ ਕਿ ਕਿਸੇ ਹਿੰਦੂ ਦਾ ਸਿੱਖ ਬਣ ਜਾਣਾ ਮਜ਼੍ਹਬ ਦਾ ਤਬਦੀਲ ਕਰਨਾ ਨਹੀਂ ਅਖਵਾ ਸਕਦਾ। ਮਜ਼੍ਹਬ ਦੀ ਤਬਦੀਲੀ ਦਾ ਮਤਲਬ ਕਿਸੇ ਦੂਜੇ ਮਤ ਵਿਚ ਜਾਣ ਤੋਂ ਹੈ। ਇਸ ਤੋਂ ਵਧੀਕ ਹਾਸੇ ਦੀ ਕੋਈ ਗੱਲ ਨਹੀਂ ਹੋ ਸਕਦੀ ਕਿ ਅਸੀਂ ਇਹ ਆਖੀਏ ਕਿ ਹਿੰਦੂ ਤੇ ਸਿੱਖ ਅੱਡ-ਅੱਡ ਹਨ।

ਅਸਤੀਫ਼ੇ ਦੇ ਦਿੱਤੇ : ਡਾਕਟਰ ਕੁਰਤਾਕੋਟੀ ਜੀ ਦੇ ਹਿੰਦੂ ਅਛੂਤਾਂ ਨੂੰ ਜਿਹੜੇ ਮਜ਼੍ਹਬ ਤਬਦੀਲ ਕਰਨਾ ਚਾਹੁਣ ਸਿੱਖ ਬਣਨ ਦੇ ਮਸ਼ਵਰੇ ਨੂੰ ਕੁਛ ਸਨਾਤਨ ਧਰਮੀ ਮੁਖੀਆਂ ਨੇ ਹਿੰਦੂ ਸਭਾ ਦੇ ਨਿਯਮਾਂ ਵਿਰੁੱਧ ਦੱਸਿਆ ਹੈ, ਉਹ ਕਹਿੰਦੇ ਹਨ ਕਿ ਸਿੱਖ ਹਿੰਦੂ ਹਨ ਪਰ ਹਿੰਦੂਆਂ ਦੇ ਕਿਸੇ ਇਕ ਫ਼ਿਰਕੇ ਨੂੰ ਦੂਜੇ ਫਿਰਕੇ ਵਿਚ ਸ਼ਾਮਲ ਹੋਣ ਦੀ ਹਿੰਦੂ ਮਹਾਂ ਸਭਾ ਦੇ ਪਲੇਟਫਾਰਮ ਅਤੇ ਫਿਰ ਉਹਦੇ ਪ੍ਰਧਾਨ ਦੇ ਐਡਰੈੱਸ ਵਿਚ ਪ੍ਰੇਰਨਾ ਨਾ ਕਦੇ ਹੋਈ ਤੇ ਨਾ ਹੋਣੀ ਚਾਹੀਦੀ ਹੈ।

ਰੋਸ ਤੇ ਮਤੇ : ਡਾਕਟਰ ਕੁਰਤਾਕੋਟੀ ਜੀ ਦੇ ਭਾਸ਼ਣ ਤੋਂ ਹਿੰਦੂ ਸਭਾ ਦੇ ਕੁਝ ਮੁਖੀਆਂ ਨੇ ਅਸਤੀਫ਼ੇ ਦੇ ਦਿੱਤੇ ਤੇ ਇਨ੍ਹਾਂ ਦੇ ਵਿਰੁੱਧ ਮਤੇ ਪਾਸ ਕੀਤੇ ਸਨ। ਹਿੰਦੂ ਸਭਾ ਦੀ ਇਸ ਕਾਰਵਾਈ ਨੂੰ ਆਮ ਹਿੰਦੂ ਜਨਤਾ ਨੇ ਪਸੰਦ ਨਹੀਂ ਕੀਤਾ, ਹਿੰਦੂ ਮਹਾਂ ਸਭਾ ਦੇ ਮੰਡਪ ਵਿਚ 26 ਅਕਤੂਬਰ ਨੂੰ ਖੁੱਲ੍ਹੇ ਇਜਲਾਸ ਵਿਚ ਡਾਕਟਰ ਕੁਰਤਾਕੋਟੀ ਜੀ ਤੇ ਪੂਰਨ ਵਿਸ਼ਵਾਸ ਦਾ ਮਤਾ ਪਾਸ ਕੀਤਾ ਗਿਆ ਹੈ।

ਕੁਝ ਕੁ ਹਿੰਦੂਆਂ ਦੇ ਜ਼ੋਰ ਦੇਣ ਤੇ ਸ਼ੰਕਰਾਚਾਰੀਆ ਜੀ ਨੇ ਆਪਣੇ ਐਡਰੈੱਸ ਵਿਚੋਂ ਸਨਾਤਨ ਧਰਮੀਆਂ ਬਾਬਤ ਕੁਝ ਪ੍ਰਗਟ ਕੀਤੇ ਖ਼ਿਆਲਾਂ ਵਾਲਾ ਹਿੱਸਾ ਵਾਪਸ ਲੈਣ ਦਾ ਐਲਾਨ ਕੀਤਾ।

(ਚਲਦਾ)

## ਵੱਡਾ ਹਾਦਸਾ - ਸੀਸੀਟੀਵੀ ਫੁਟੇਜ ਸਾਹਮਣੇ ਆਈ

# 4 ਸ਼ਰਧਾਲੂਆਂ ਦੀ ਮੌਤ, ਕਈ ਜ਼ਖ਼ਮੀ








15 ਅਗਸਤ ਦੀ ਸਵੇਰ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਭਾਗੀਕੇ ਵਿੱਚ ਸੋਗ ਦਾ ਮਾਹੌਲ ਸੀ ਜਦੋਂ ਪਿੰਡ ਵਾਸੀਆਂ ਨੂੰ ਪਤਾ ਲੱਗਾ ਕਿ ਇੱਕ ਵੱਡਾ ਹਾਦਸਾ ਵਾਪਰ ਗਿਆ ਹੈ। ਚਾਮੁੰਡਾ ਦੇਵੀ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਨਾਲ ਭਰੀ ਇੱਕ ਗੱਡੀ ਇੱਕ ਤੇਜ਼ ਮੋੜ 'ਤੇ ਕੰਟਰੋਲ ਗੁਆ ਬੈਠੀ ਅਤੇ ਖੱਡ ਵਿੱਚ ਡਿੱਗ ਗਈ।

ਇਸ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ। 13 ਲੋਕ ਗੰਭੀਰ ਜ਼ਖਮੀ ਹੋਏ ਅਤੇ ਲਗਭਗ 10 ਲੋਕ ਮਾਮੂਲੀ ਜ਼ਖਮੀ ਹੋਏ।

ਇਹ ਹਾਦਸਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਿਆ।

ਜ਼ਖਮੀਆਂ ਨੂੰ ਪਹਿਲਾਂ ਨੇੜਲੇ ਚਾਮੁੰਡਾ ਦੇਵੀ ਹਸਪਤਾਲ ਅਤੇ ਬਾਅਦ ਵਿੱਚ ਮੋਗਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਤਬਦੀਲ ਕੀਤਾ ਗਿਆ।

ਪਿੰਡ ਦੇ ਸਰਪੰਚ ਸੁਖਦੀਪ ਸਿੰਘ ਨੇ ਕਿਹਾ ਕਿ ਮ੍ਰਿਤਕਾਂ ਦੀਆਂ ਲਾਸ਼ਾਂ ਪਿੰਡ ਲਿਆਂਦੀਆਂ ਜਾਣਗੀਆਂ ਅਤੇ ਉਨ੍ਹਾਂ ਦਾ ਸਸਕਾਰ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਯਾਤਰਾ ਦੌਰਾਨ ਸਾਵਧਾਨ ਰਹਿਣ ਅਤੇ ਲਾਲਚ ਤੋਂ ਬਚਣ ਦੀ ਅਪੀਲ ਕੀਤੀ।




ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਕੰਨ ਵਿੱਚ ਕੀਟ-ਪਤੰਗੇ ਫਸਣਾ**

1. ਕੰਨ ਵਿੱਚ ਰੋਸ਼ਨੀ (ਫ਼ਲੈਸ਼ ਲਾਈਟ) ਨਾਲ ਦੇਖੋ, ਕੀਟ-ਪਤੰਗੇ ਰੋਸ਼ਨੀ ਵੱਲ ਆਕਰਸ਼ਕ ਹੁੰਦੇ ਹਨ ਅਤੇ ਬਾਹਰ ਆ ਜਾਂਦੇ ਹਨ।
2. ਜੇਕਰ ਕੀਟ-ਪਤੰਗਾ ਰੋਸ਼ਨੀ ਨਾਲ ਬਾਹਰ ਨਹੀਂ ਆਉਂਦਾ, ਤਾਂ ਕੰਨ ਵਿੱਚ ਕੋਸਾ ਤੇਲ ਪਾਵੋ, ਕੀਟ-ਪਤੰਗਾ ਤੈਰ ਕੇ ਬਾਹਰ ਆ ਜਾਵੇਗਾ।
3. ਜੇਕਰ ਕੰਨ ਵਿੱਚ ਦਰਦ ਜਾਂ ਸੁਣਨ ਵਿੱਚ ਤਕਲੀਫ਼ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ।

**ਬਦਬੂਦਾਰ ਸਾਹ**

ਆਮ ਤੌਰ 'ਤੇ ਜਿਨ੍ਹਾਂ ਲੋਕਾਂ ਦਾ ਸਾਹ ਬਦਬੂਦਾਰ ਹੁੰਦਾ ਹੈ, ਉਹ ਆਪ ਖ਼ੁਦ ਇਸ ਬਾਬਤ ਨਹੀਂ ਜਾਣਦੇ।

**ਕਾਰਨ :**

1. ਕਈ ਖਾਣੇ, ਜਿਵੇਂ ਲਸਣ, ਪਿਆਜ਼, ਸ਼ਰਾਬ ਅਤੇ ਕੁਝ ਮਸਾਲੇ।
2. **ਖ਼ੁਸ਼ਕ ਮੂੰਹ :** ਖ਼ੁਸ਼ਕ ਮੂੰਹ ਵਿੱਚ ਜੀਵਾਣੂ (ਬੈਕਟੀਰੀਆ) ਪੈਦਾ ਹੁੰਦੇ ਹਨ ਅਤੇ ਸਾਹ ਨੂੰ ਬਦਬੂਦਾਰ ਕਰਦੇ ਹਨ।
3. ਮਸੂੜੇ ਅਤੇ ਦੰਦਾਂ ਦੀਆਂ ਬਿਮਾਰੀਆਂ।
4. ਸਾਈਨਸ ਦਾ ਇਨਫ਼ੈਕਸ਼ਨ।
5. ਖਾਣੇ ਦਾ ਸਹੀ ਪਾਚਣ ਨਾ ਹੋਣਾ।
6. ਸਿਗਰਟ ਪੀਣਾ।
7. ਸ਼ੂਗਰ ਰੋਗ।
8. ਫੇਫੜੇ, ਜਿਗਰ ਅਤੇ ਗੁਰਦਿਆਂ ਦੀਆਂ ਬਿਮਾਰੀਆਂ।

**ਰੋਕਥਾਮ/ਬਚਾਅ :**

1. ਵੱਧ ਤੋਂ ਵੱਧ ਪਾਣੀ ਪੀਓ।
2. ਉਹ ਖਾਣੇ ਨਾ ਖਾਓ ਜਿਨ੍ਹਾਂ ਨਾਲ ਸਾਹ ਵਿੱਚ ਬਦਬੂ ਆਉਂਦੀ ਹੈ।




3. ਆਪਣੇ ਦੰਦ ਰੋਜ਼ਾਨਾ ਬੁਰਸ਼ ਨਾਲ ਸਾਫ਼ ਕਰੋ।
4. ਸਿਗਰਟ ਪੀਣਾ ਛੱਡੋ।
5. ਆਪਣੀ ਜੀਭ ਨੂੰ ਬੁਰਸ਼ ਨਾਲ ਹਰ ਰੋਜ਼ ਸਾਫ਼ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਡਾ ਮੂੰਹ ਖ਼ੁਸ਼ਕ ਹੈ ਜਾਂ ਮਸੂੜੇ ਵਿੱਚ ਤਕਲੀਫ਼ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ।
2. ਜੇਕਰ ਪਾਚਣ ਕਿਰਿਆ ਠੀਕ ਨਹੀਂ ਹੈ ਜਾਂ ਫੇਫੜੇ, ਜਿਗਰ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਹਨ, ਤਾਂ ਡਾਕਟਰ ਦੀ ਸਲਾਹ ਲਵੋ।

**ਨਕਸੀਰ**

**(ਨੱਕ ਵਿੱਚੋਂ ਖ਼ੂਨ ਵਗਣਾ)**

**ਕਾਰਨ :**

1. ਨੱਕ ਵਿੱਚ ਸੱਟ ਲੱਗਣਾ।
2. ਨੱਕ ਵਿੱਚ ਖ਼ੁਸ਼ਕੀ।
3. ਐਲਰਜੀ।
4. ਬਹੁਤ ਜ਼ੋਰ ਨਾਲ ਛਿੱਕ ਮਾਰਨੀ।
5. ਬਹੁਤ ਜ਼ਿਆਦਾ ਬਲੱਡ ਪ੍ਰੈਸ਼ਰ (ਖ਼ੂਨ ਦਾ ਦਬਾਓ)।

**ਰੋਕਥਾਮ/ਬਚਾਅ :**

1. ਜੇਕਰ ਨੱਕ ਵਿੱਚ ਖ਼ੁਸ਼ਕੀ ਹੈ, ਤਾਂ ਸਲਾਈਨ ਨੇਜਲ ਸਪ੍ਰੇਅ (ਨਮਕ ਵਾਲੇ ਪਾਣੀ ਦੀ ਦਵਾਈ) ਜਾਂ ਨੱਕ ਦੇ ਅੰਦਰ ਵੈਸਲੀਨ ਲਗਾਓ।
2. ਬਹੁਤ ਜ਼ਿਆਦਾ ਜ਼ੋਰ ਨਾਲ ਛਿੱਕ ਨਾ ਮਾਰੋ।
3. ਐਲਰਜੀ ਦਾ ਇਲਾਜ ਕਰਵਾਓ।
4. ਐਸਪੀਰਿਨ ਦੀ ਦਵਾਈ ਨਾ ਲਵੋ।
5. ਆਪਣੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖੋ।

**ਘਰੇਲੂ ਇਲਾਜ :**

1. ਸਿੱਧਾ ਬੈਠੋ ਅਤੇ ਆਪਣੇ ਸਿਰ ਨੂੰ ਹੌਲੀ ਹੌਲੀ ਅੱਗੇ ਨੂੰ ਝੁਕਾਓ।
2. ਤਕਰੀਬਨ 10 ਮਿੰਟਾਂ ਲਈ ਆਪਣੇ ਅੰਗੂਠੇ ਅਤੇ ਉਂਗਲੀ ਨਾਲ ਨੱਕ ਨੂੰ ਜ਼ੋਰ ਨਾਲ ਬੰਦ ਕਰੋ, ਇਸ ਤੋਂ ਬਾਅਦ ਵੀ ਜੇਕਰ ਖ਼ੂਨ ਬੰਦ ਨਹੀਂ ਹੁੰਦਾ ਤਾਂ ਨੱਕ ਨੂੰ ਦੁਬਾਰਾ 10 ਮਿੰਟ ਲਈ ਫਿਰ ਦਬਾਓ।
3. ਖ਼ੂਨ ਦਾ ਵਗਣਾ ਤਕਰੀਬਨ 10-30 ਮਿੰਟਾਂ ਵਿੱਚ ਬੰਦ ਹੋ ਜਾਂਦਾ ਹੈ।
4. ਖ਼ੂਨ ਦੇ ਬੰਦ ਹੋਣ ਤੋਂ ਬਾਅਦ ਤਕਰੀਬਨ 12 ਘੰਟੇ ਤੱਕ ਨੱਕ ਨੂੰ ਜ਼ੋਰ ਨਾਲ ਸਾਫ਼ ਨਾ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਨੱਕ ਵਿੱਚੋਂ ਖ਼ੂਨ ਦਾ ਵਗਣਾ 30 ਮਿੰਟਾਂ ਤੋਂ ਬਾਅਦ ਵੀ ਨਾ ਰੁਕੇ।
2. ਜੇਕਰ ਨੱਕ ਵਿੱਚੋਂ ਖ਼ੂਨ ਵਾਰ ਵਾਰ ਵਹਿੰਦਾ ਹੈ।
3. ਜੇਕਰ ਨੱਕ ਦੀ ਹੱਡੀ ਦੇ ਟੁੱਟਣ ਕਾਰਨ ਖ਼ੂਨ ਵਗ ਰਿਹਾ ਹੈ।

**ਘੁਰਾੜੇ (ਸਨੋਰਿੰਗ)**

ਲੋਕ ਘੁਰਾੜੇ ਕਿਉਂ ਮਾਰਦੇ ਹਨ?

ਜਦੋਂ ਤੁਸੀਂ ਸੌਂ ਰਹੇ ਹੋਵੋ ਤਾਂ ਹਵਾ ਤੁਹਾਡੇ ਗਲੇ ਦੀਆਂ ਮਾਸਪੇਸ਼ੀਆਂ ਅਤੇ ਮੂੰਹ ਦੇ ਪਿੱਛੇ ਤੋਂ ਹੋ ਕੇ ਜਾ ਰਹੀ ਹੁੰਦੀ ਹੈ, ਜੇਕਰ ਇਹ ਮਾਸਪੇਸ਼ੀਆਂ ਬਹੁਤ ਜ਼ਿਆਦਾ ਵੱਡੀਆਂ ਹਨ ਜਾਂ ਆਰਾਮ ਦੀ ਸਥਿਤੀ ਵਿੱਚ ਹਨ, ਤਾਂ ਇਨ੍ਹਾਂ ਦੇ ਕੰਬਣ ਨਾਲ ਘੁਰਾੜੇ ਵਾਲੀ ਆਵਾਜ਼ ਪੈਦਾ ਹੁੰਦੀ ਹੈ।

ਘੁਰਾੜੇ ਆਪਣੇ ਆਪ ਵਿੱਚ ਨੁਕਸਾਨਦਾਇਕ ਨਹੀਂ ਹਨ। ਇਹ ਦੂਸਰੇ ਲੋਕਾਂ ਦੇ ਸੌਣ ਵਿੱਚ ਦਿੱਕਤ ਜ਼ਰੂਰ ਪਾਉਂਦੇ ਹਨ। ਜੇਕਰ ਸੌਣ ਸਮੇਂ, ਘੁਰਾੜੇ ਮਾਰਨ ਦੇ ਨਾਲ ਨਾਲ ਕੁਝ ਦੇਰ ਲਈ ਤੁਹਾਡਾ ਸਾਹ ਰੁਕਦਾ ਹੈ ਤਾਂ ਇਹ ਇੱਕ ਗੰਭੀਰ ਬਿਮਾਰੀ ਹੋ ਸਕਦੀ ਹੈ, ਜਿਸ ਨੂੰ 'ਸਲੀਪ ਐਪਨੀਆ' ਕਿਹਾ ਜਾਂਦਾ ਹੈ।

ਕਾਰਨ :

1. ਮੋਟਾਪਾ।
2. ਟੌਂਸਿਲ (ਗਲੇ ਦੇ ਅੰਦਰ ਇੱਕ ਗ੍ਰੰਥੀ) ਦਾ ਵਧੇ ਹੋਣਾ।
3. ਯੂਵਿਓਲਾ ਦਾ ਵਧੇ ਹੋਣਾ (ਗਲੇ ਦੇ ਪਿਛਲੇ ਪਾਸੇ ਮੌਜੂਦ ਇੱਕ ਗ੍ਰੰਥੀ)।
4. ਬਹੁਤ ਜ਼ਿਆਦਾ ਥਕਾਵਟ।
5. ਐਲਰਜੀ ਨਾਲ ਨੱਕ ਵਿੱਚੋਂ ਬਹੁਤ ਗਾੜ੍ਹਾ ਜ਼ੁਕਾਮ ਆਉਣਾ।
6. ਸ਼ਰਾਬ ਅਤੇ ਸਿਗਰਟ ਪੀਣਾ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

## ਗੈਂਗਸਟਰ ਪ੍ਰਭ ਦਾਸੂਵਾਲ ਦਾ ਸਾਥੀ ਅੰਮ੍ਰਿਤਸਰ 'ਚ ਪੁਲਿਸ ਝੜਪ ਦੌਰਾਨ ਜ਼ਖ਼ਮੀ

ਅੰਮ੍ਰਿਤਸਰ/ ਸੁਲਤਾਨਵਿੰਡ : ਅੰਮ੍ਰਿਤਸਰ 'ਚ ਫ਼ਿਰੌਤੀ ਲਈ ਇਕ ਵਪਾਰੀ ਦੇ ਘਰ ਦੇ ਬਾਹਰ ਗੋਲੀਆਂ ਚਲਾਉਣ ਦੇ ਮਾਮਲੇ 'ਚ ਲੋੜੀਂਦੇ ਇਕ ਗੈਂਗਸਟਰ ਵਾਰਦਾਤ 'ਚ ਵਰਤੇ ਗਏ ਪਿਸਤੌਲ ਦੀ ਬਰਾਮਦਗੀ ਵੇਲੇ ਹੋਈ ਪੁਲਿਸ ਝੜਪ 'ਚ ਜ਼ਖ਼ਮੀ ਹੋ ਗਿਆ। ਜਿਸ ਨੂੰ ਇਲਾਜ਼ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਉਸ ਪਾਸੋਂ ਇਕ ਪਿਸਤੌਲ ਵੀ ਬਰਾਮਦ ਕਰ ਲਿਆ ਗਿਆ ਹੈ। ਇਹ ਪ੍ਰਗਟਾਵਾ ਅੱਜ ਇਥੇ ਨਿਊ ਅੰਮ੍ਰਿਤਸਰ ਦੇ ਨੇੜੇ ਵਾਰਦਾਤ ਵਾਲੀ ਥਾਂ ਦਾ ਜਾਇਜ਼ਾ ਲੈਣ ਪੁੱਜੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕੀਤਾ। ਪੁਲਿਸ ਦੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਮੁਲਜ਼ਮ ਦੀ ਸ਼ਨਾਖਤ ਰਵੀ (25) ਵਾਸੀ ਮੁਹੱਲਾ ਨਾਨਕਸਰ ਤਰਨ ਤਾਰਨ ਵਜੋਂ ਹੋਈ ਹੈ। ਉਸਦ ਦੂਜਾ ਸਾਥੀ ਜੋਬਨ (24) ਵੀ ਤਰਨ ਤਾਰਨ ਦਾ ਹੀ ਰਹਿਣ ਵਾਲਾ ਹੈ। ਉਨ੍ਹਾਂ ਦੱਸਿਆ ਕਿ ਥਾਣਾ ਬੀ. ਡਵੀਜ਼ਨ ਦੇ ਖੇਤਰ 'ਚ ਰਹਿੰਦੇ ਇਕ ਵਪਾਰੀ ਪਾਸੋਂ ਗੈਂਗਸਟਰ ਪ੍ਰਭ ਦਾਸੂਵਾਲ ਨੇ ਫਿਰੌਤੀ ਮੰਗੀ ਸੀ ਤੇ ਉਸ ਦੇ ਘਰ ਦੇ ਬਾਹਰ ਅਣਪਛਾਤੇ ਵਿਅਕਤੀਆਂ ਗੋਲੀ ਚਲਾਈ। ਭਾਵੇਂ ਕਿ ਵਪਾਰੀ ਨੇ ਡਰਦੇ ਮਾਰੇ ਪੁਲਿਸ ਨੂੰ ਸ਼ਿਕਾਇਤ ਨਹੀਂ ਕੀਤੀ ਪਰ ਪੁਲਿਸ ਨੂੰ ਇਸ ਮਾਮਲੇ ਦੀ ਇਤਲਾਹ ਮਿਲਣ 'ਤੇ ਪੁਲਿਸ ਨੇ ਪਰਚਾ ਦਰਜ ਕੀਤਾ ਸੀ ਤੇ ਮੁਕੱਦਮੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਪੁਲਿਸ ਵਲੋਂ ਕੀਤੀ ਜਾਂਚ ਉਪਰੰਤ ਦੋਵਾਂ ਨੂੰ ਕਾਬੂ ਕਰ ਲਿਆ। ਪੁਲਿਸ ਪਾਰਟੀ ਵਲੋਂ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਫੜੇ ਗਏ ਮੁਲਜ਼ਮ ਰਵੀ ਅਤੇ ਜੋਬਨ ਜੋ ਆਪਸ ਵਿਚ ਦੋਸਤ ਹਨ। ਇਹ ਗੈਂਗਸਟਰ ਪ੍ਰਭ ਦਾਸੂਵਾਲ ਦੇ ਸਾਥੀ ਹਨ। ਪੁਲਿਸ ਰਿਮਾਂਡ ਦੌਰਾਨ ਪੁੱਛ-ਗਿੱਛ ਕਰਨ 'ਤੇ, ਫੜੇ ਗਏ ਮੁਲਜ਼ਮ ਰਵੀ ਨੇ ਖੁਲਾਸਾ ਕੀਤਾ ਕਿ ਉਸਨੇ ਵਾਰਦਾਤ ਸਮੇਂ ਵਰਤਿਆ ਪਿਸਤੌਲ ਨਿਊ ਅੰਮ੍ਰਿਤਸਰ ਤੋਂ ਪਿੰਡ ਖਾਨਕੋਟ ਨੂੰ ਜਾਣ ਵਾਲੀ ਇਕ ਕੱਚੀ ਸੜਕ 'ਤੇ ਲੁਕਾਇਆ ਸੀ। ਪੁਲਿਸ ਪਾਰਟੀ ਵਲੋਂ ਮੁਲਜ਼ਮ ਰਵੀ ਨੂੰ ਪਿਸਤੌਲ ਬਰਾਮਦ ਲਈ ਮੌਕੇ 'ਤੇ ਲਿਜਾਇਆ ਗਿਆ। ਬਰਾਮਦਗੀ ਸਮੇਂ ਰਵੀ ਨੇ ਆਪਣੇ ਹੱਥਾਂ ਨਾਲ ਛੁਪਿਆ ਹੋਇਆ ਪਿਸਤੌਲ ਜੋ ਪਹਿਲਾਂ ਹੀ ਲੋਡ ਸੀ, ਨੂੰ ਫੜ ਕੇ ਪੁਲਿਸ ਪਾਰਟੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਪਾਰਟੀ ਨੇ ਤੁਰੰਤ ਉਸਨੂੰ ਕਾਬੂ ਕਰਨ ਤੇ ਦੌਰਾਨ ਝੜਪ ਦੌਰਾਨ ਮੁਲਜ਼ਮ ਦੇ ਪਿਸਤੌਲ 'ਚੋਂ ਇਕ ਗੋਲੀ ਨਿਕਲ ਗਈ ਜੋ ਗੋਲੀ ਮੁਲਜ਼ਮ ਰਵੀ ਦੀ ਲੱਤ 'ਤੇ ਲੱਗੀ ਤੇ ਉਹ ਜ਼ਖ਼ਮੀ ਹੋ ਗਿਆ। ਇਸ ਮੌਕੇ ਰਵਿੰਦਰ ਪਾਲ ਸਿੰਘ ਡੀ.ਸੀ.ਪੀ. ਜਸਰੂਪ ਕੌਰ, ਏ.ਡੀ.ਸੀ.ਪੀ. ਸਿਟੀ-3, ਏ.ਸੀ.ਪੀ. ਈਸਟ ਸ਼ੀਤਲ ਸਿੰਘ ਆਦਿ ਹਾਜ਼ਰ ਸਨ।



## ਸ਼ਤਾਬਦੀਆਂ ਨੂੰ ਸਮਰਪਿਤ ਬੁੱਢਾ ਦਲ ਵੱਲੋਂ ਮਹਾਰਾਸ਼ਟਰ ਦੇ ਸ਼ਹਿਰ ਪੂਣੇ ਵਿੱਚ ਵਿਸ਼ੇਸ਼ ਨਗਰ ਕੀਰਤਨ ਅਯੋਜਿਤ



ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਖਾਲਸਾ ਪੰਥ ਵੱਲੋਂ ਸਿੱਖ ਧਰਮ ਦੇ ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਅਤੇ ਦਸਮ ਪਾਤਸ਼ਾਹ ਦਾ ਗੁਰਤਾਗੱਦੀ 350 ਸਾਲਾ ਦਿਵਸ ਸ਼ਤਾਬਦੀਆਂ ਨੂੰ ਸਮਰਪਿਤ ਬੁੱਢਾ ਦਲ ਵੱਲੋਂ ਮਹਾਰਾਸਟਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਨਗਰ ਕੀਰਤਨ ਅੱਜ ਗੁਰਦੁਆਰਾ ਗੁਰੂ ਨਾਨਕ ਦਰਬਾਰ ਕੈਂਪ ਤੋਂ ਪੂਰੇ ਖਾਲਸਾਈ ਸ਼ਾਨੋ ਸ਼ੌਕਤ, ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿੱਚ ਬੁੱਢਾ ਦਲ ਅਤੇ ਸਥਾਨਕ ਰਾਗੀ ਜਥਿਆਂ ਨੇ ਗੁਰਬਾਣੀ ਦਾ ਰਸ ਭਿੰਨਾ ਮਨੋਹਰ ਕੀਰਤਨ ਕੀਤਾ। ਪ੍ਰਸਿੱਧ ਕਥਾਵਾਚਕ ਭਾਈ ਸੁਖਜੀਤ ਸਿੰਘ ਕਨੱਈਆ ਨੇ ਗੁਰੂ ਸ਼ਬਦ ਦੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਬੁੱਢਾ ਦਲ ਦੇ 14ਵੇਂ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀ ਸਾਰੇ ਵਡਭਾਗੇ ਹਾਂ ਕਿ ਸਾਡੇ ਜੀਵਨ ਕਾਲ ਵਿਚ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਹਨ ਅਤੇ ਅਸੀਂ ਕਿਸੇ ਨਾ ਕਿਸੇ ਦਿਸ਼ਾ ਵਿੱਚ ਇਨ੍ਹਾਂ ਦੇ ਭਾਗੀਦਾਰ ਹਾਂ। ਉਨ੍ਹਾਂ ਕਿਹਾ ਕਿ ਮੌਜੂਦਾ ਸਮਾਜ ਅੰਦਰ ਬਹੁਤ ਵੱਡੀਆ ਚਣੌਤੀਆਂ ਸਾਡੇ ਸਨਮੁੱਖ ਹਨ ਜਿਨ੍ਹਾਂ ਦਾ ਸਰਲੀਕਰਨ ਕੇਵਲ ਤੇ ਕੇਵਲ ਗੁਰੂ ਦੇ ਲੜ ਲੱਗ ਕੇ ਹੀ ਹੋ ਸਕਦਾ ਹੈ। ਉਨ੍ਹਾਂ ਸਮੁੱਚੀ ਨੌਜਵਾਨ ਪੀੜੀ ਅਤੇ ਹਰ ਉਸ ਵਿਅਕਤੀ ਨੂੰ ਅਪੀਲ ਕੀਤੀ ਜੋ ਦਸਮ ਪਿਤਾ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਸਕਿਆ, ਉਹ ਗੁਰੂ ਜੀ ਦੀ ਬਖਸ਼ਿਸ਼ ਅੰਮ੍ਰਿਤ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਨਣ, ਬਾਣੀ ਅਤੇ ਬਾਣੇ ਵਿੱਚ ਪ੍ਰਪੱਕ ਹੋਣ।

ਸ. ਬੇਦੀ ਨੇ ਦਸਿਆ ਕਿ ਇਹ ਨਗਰ ਕੀਰਤਨ ਗੁ: ਨਾਨਕ ਦਰਬਾਰ ਕੈਂਪ ਸਸ਼ਬਾਜੀ ਨਗਰ, ਔਰੰਗਾਬਾਦ, ਅਹਿਮਦਨਗਰ ਤੋਂ ਹੁੰਦਾ ਹੋਇਆ ਮੁੜ ਗੁ: ਨਾਨਕ ਦਰਬਾਰ ਵਿਖੇ ਪੁਜੇਗਾ। ਇਸ ਅਲੌਕਿਕ ਨਗਰ ਕੀਰਤਨ ਵਿਚ ਲੋਕਲ ਕਮੇਟੀਆਂ ਦੇ ਮੁਖੀ ਸਾਹਿਬਾਨ ਅਤੇ ਆਹੁਦੇਦਾਰ, ਸ਼ਹਿਰ ਦੀਆਂ ਸਮੂਹ ਅਤੇ ਸਥਾਨਕ ਪ੍ਰਮੁੱਖ ਸਿੱਖ ਸਖਸ਼ੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਈਆਂ ਹਨ। ਇਸ ਸਮੇਂ ਸ. ਇੰਦਰਪਾਲ ਸਿੰਘ ਫੌਜੀ, ਬਾਬਾ ਗੁਰਮੀਤ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਸ਼ਿੰਦਾ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਕਰਮ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਲਖਵੀਰ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਗੁਰਪਾਲ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਤਨਾਮ ਸਿੰਘ, ਬਾਬਾ ਜਸਬੀਰ ਸਿੰਘ, ਦਲਜੀਤ ਸਿੰਘ, ਬਾਬਾ ਗਗਨਦੀਪ ਸਿੰਘ ਨੇ ਸਮੂਲੀਅਤ ਕੀਤੀ।

# ਚਿੱਟੀਸਿੰਘਪੁਰਾ 'ਚ ਸ਼ਹੀਦ ਹੋਏ 35 ਸਿੱਖਾਂ ਦੇ ਪਰਿਵਾਰ ਅੱਜ ਵੀ ਇਨਸਾਫ਼ ਦੀ ਉਡੀਕ 'ਚ: ਗਿਆਨੀ ਕੁਲਦੀਪ ਸਿੰਘ ਗੜਗੱਜ

## ਕਸ਼ਮੀਰ ਦੌਰੇ ਦੌਰਾਨ ਪਿੰਡ ਚਿੱਟੀਸਿੰਘਪੁਰਾ ਪੁੱਜੇ ਜਥੇਦਾਰ ਗੜਗੱਜ; ਪਿੰਡ 'ਚ 20 ਮਾਰਚ, 2000 ਨੂੰ ਕਤਲ ਕੀਤੇ ਗਏ 35 ਸਿੱਖਾਂ ਨੂੰ ਦਿੱਤੀ ਸ਼ਰਧਾਂਜਲੀ





ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਕਸ਼ਮੀਰ ਵਾਦੀ ਦੇ ਅਨੰਤਨਾਗ ਜ਼ਿਲ੍ਹੇ ਦੇ ਪਿੰਡ ਚਿੱਟੀਸਿੰਘਪੁਰਾ ਵਿੱਚ ਮਾਰੇ ਗਏ 35 ਸਿੱਖਾਂ ਦੇ ਪਰਿਵਾਰਾਂ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ ਹੈ ਅਤੇ ਉਹ ਅੱਜ ਵੀ ਇਨਸਾਫ ਦੀ ਉਡੀਕ ਕਰ ਰਹੇ ਹਨ। ਉਹ ਕਸ਼ਮੀਰ ਦੌਰੇ ਦੌਰਾਨ ਪਿੰਡ ਚਿੱਟੀ ਸਿੰਘਪੁਰਾ ਵਿਖੇ ਵੀ ਗਏ ਹਨ ਅਤੇ ਉੱਥੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਹੈ।

ਇਸ ਮੌਕੇ ਉਨ੍ਹਾਂ ਨੇ ਇਸ ਪਿੰਡ ਵਿੱਚ 20 ਮਾਰਚ, 2000 ਨੂੰ ਕਤਲ ਕੀਤੇ ਗਏ 35 ਨਿਰਦੋਸ਼ ਸਿੱਖਾਂ ਦੀ ਸੰਗਤ ਵੱਲੋਂ ਬਣਾਈ ਗਈ ਯਾਦਗਾਰ ਤੇ ਤਸਵੀਰਾਂ ਵੀ ਦੇਖੀਆਂ ਅਤੇ ਉਹ ਕੰਧ ਵੀ ਦੇਖੀ ਜਿਸ ਨਾਲ ਖੜ੍ਹੇ ਕਰਕੇ ਕਿ ਇਨ੍ਹਾਂ ਸਿੱਖਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ ਸੀ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਦੁਖਦਾਈ ਹਾਦਸੇ ਨੇ ਨਾ ਸਿਰਫ਼ ਕਸ਼ਮੀਰ ਦੇ ਸਿੱਖਾਂ ਨੂੰ, ਸਗੋਂ ਪੂਰੀ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ।

ਉਨ੍ਹਾਂ ਕਿਹਾ ਕਿ ਸ਼ਹੀਦ ਕੀਤੇ ਗਏ ਸਿੱਖਾਂ ਦੇ ਪਰਿਵਾਰ ਅੱਜ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਅਤੇ ਇਸ ਘਟਨਾ ਦਾ ਸੱਚ ਅੱਜ ਤੱਕ ਸਾਹਮਣੇ ਨਹੀਂ ਆਇਆ ਹੈ, ਜੋ ਕਿ ਸਰਕਾਰ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੁਖ ਦੀ ਗੱਲ ਹੈ ਕਿ ਅੱਜ ਤੱਕ ਇਸ ਕਤਲੇਆਮ ਦੇ ਦੋਸ਼ੀ ਬੇਨਕਾਬ ਨਹੀਂ ਕੀਤੇ ਗਏ ਅਤੇ ਨਾ ਹੀ ਸਜ਼ਾ ਮਿਲੀ ਹੈ।

ਉਨ੍ਹਾਂ ਕਿਹਾ ਕਿ ਗੋਲੀਆਂ ਦੇ ਨਿਸ਼ਾਨ ਅੱਜ ਵੀ ਗਵਾਹੀ ਦੇ ਰਹੇ ਹਨ ਕਿ ਸਿੱਖ ਕੌਮ ਘੱਟ ਗਿਣਤੀ ਵਿੱਚ ਹੋਣ ਕਰਕੇ ਹੀ ਇਸ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਸਿੱਖਾਂ ਨੇ ਇੰਨਾ ਤਸ਼ੱਦਦ ਝੱਲਣ ਦੇ ਬਾਵਜੂਦ ਆਪਣੀ ਜ਼ਮੀਨ ਨਹੀਂ ਛੱਡੀ ਅਤੇ ਅੱਜ ਵੀ ਸਿੱਖ ਇਸ ਧਰਤੀ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਓਟ ਆਸਰੇ ਨਾਲ ਚੜ੍ਹਦੀ ਕਲਾ ਨਾਲ ਰਹਿ ਰਹੇ ਹਨ, ਲੇਕਿਨ ਸਰਕਾਰ ਇਨ੍ਹਾਂ ਦੇ ਹੱਕ-ਹਕੂਕ ਦੱਬ ਰਹੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਚਿੱਟੀਸਿੰਘਪੁਰਾ ਦੀ ਘਟਨਾ ਇਹ ਸਿੱਖਿਆ ਦਿੰਦੀ ਹੈ ਕਿ ਜੇ ਸਿੱਖ ਕੌਮ ਇੱਕਜੁੱਟ ਹੋਵੇ ਤਾਂ ਕਿਸੇ ਵੀ ਚੁਣੌਤੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਇਸ ਦੌਰਾਨ ਪਿੰਡ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਜਥੇਦਾਰ ਨੇ ਗੁਰਬਾਣੀ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਵਿਸ਼ੇਸ਼ ਤੌਰ 'ਤੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਮਿਲ ਕੇ ਉਨ੍ਹਾਂ ਦਾ ਦੁੱਖ-ਦਰਦ ਸਾਂਝਾ ਕੀਤਾ। ਜਥੇਦਾਰ ਗੜਗੱਜ ਨੇ ਸ਼ਹੀਦਾਂ ਦੀ ਯਾਦ ਸੰਭਾਲਣ ਲਈ ਪਿੰਡ ਵਾਸੀ ਸਰਕਾਰੀ ਅਧਿਆਪਕ ਗਿਆਨੀ ਰਜਿੰਦਰ ਸਿੰਘ ਅਤੇ ਨੌਜਵਾਨ ਸਭਾ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

# ਡਾ. ਮਨਮੋਹਨ ਸਿੰਘ ਨੂੰ ਵੱਡਾ ਸਨਮਾਨ

## ਕਰਨਾਟਕ 'ਚ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਰੱਖਿਆ ਯੂਨੀਵਰਸਿਟੀ ਦਾ ਨਾਮ



ਨਵੀਂ ਦਿੱਲੀ : ਕਰਨਾਟਕ ਵਿਧਾਨ ਸਭਾ ਨੇ ਬੰਗਲੁਰੂ ਸਿਟੀ ਯੂਨੀਵਰਸਿਟੀ ਦਾ ਨਾਮ ਬਦਲ ਕੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਬੰਗਲੁਰੂ ਸਿਟੀ ਯੂਨੀਵਰਸਿਟੀ ਕਰਨ ਲਈ ਇੱਕ ਬਿੱਲ ਪਾਸ ਕੀਤਾ ਹੈ। ਬਿੱਲ ਅਨੁਸਾਰ, ਕਰਨਾਟਕ ਸਟੇਟ ਯੂਨੀਵਰਸਿਟੀਜ਼ ਐਕਟ, 2000 (ਕਰਨਾਟਕ ਐਕਟ 29 ਆਫ 2001) ਵਿੱਚ ਸੋਧ ਨੂੰ ਮਨਮੋਹਨ ਸਿੰਘ ਦੀ ਵਿਰਾਸਤ ਦਾ ਸਨਮਾਨ ਕਰਨ ਲਈ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਉਹ ਇੱਕ ਪ੍ਰਸਿੱਧ ਅਰਥ ਸ਼ਾਸਤਰੀ, ਸਿੱਖਿਆ ਮਾਹਿਰ, ਅਧਿਕਾਰੀ ਅਤੇ ਰਾਜਨੇਤਾ ਸਨ, ਜਿਨ੍ਹਾਂ ਨੇ ਦੇਸ਼ ਵਿੱਚ ਆਰਥਿਕ ਸੁਧਾਰਾਂ ਦੀ ਅਗਵਾਈ ਕੀਤੀ ਅਤੇ ਲਗਾਤਾਰ ਦੋ ਵਾਰ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਸੂਬੇ ਦੇ ਮੰਤਰੀ ਮੰਡਲ ਨੇ ਜੁਲਾਈ ਵਿੱਚ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਸੀ ਅਤੇ ਯੂਨੀਵਰਸਿਟੀ ਦਾ ਨਾਮ ਬਦਲਣ ਦਾ ਸਭ ਤੋਂ ਪਹਿਲਾਂ ਐਲਾਨ 7 ਮਾਰਚ ਨੂੰ ਕਰਨਾਟਕ ਬਜਟ ਭਾਸ਼ਣ ਦੌਰਾਨ ਕੀਤਾ ਗਿਆ ਸੀ। ਇਸ ਕਦਮ ਨਾਲ ਇਹ ਦੇਸ਼ ਦੀ ਪਹਿਲੀ ਅਜਿਹੀ ਯੂਨੀਵਰਸਿਟੀ ਬਣ ਗਈ ਹੈ ਜਿਸ ਦਾ ਨਾਮ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਬੰਗਲੁਰੂ ਦੇ ਬੁਨਿਆਦੀ ਢਾਂਚੇ ਦੇ ਕਈ ਪ੍ਰਾਜੈਕਟਾਂ ਨੂੰ ਪੂਰਾ ਕਰਨ ਵਿੱਚ ਅਹਿਮ ਯੋਗਦਾਨ ਰਿਹਾ। 2008 ਵਿੱਚ, ਉਨ੍ਹਾਂ ਨੇ ਸ਼ਹਿਰ ਦੇ ਨਵੇਂ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ ਕੀਤਾ ਜੋ ਕਿ ਹੁਣ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡਾ ਹੈ। ਇਸ ਹਵਾਈ ਅੱਡੇ ਨੇ ਬੰਗਲੁਰੂ ਨੂੰ ਇੱਕ ਆਧੁਨਿਕ ਪਛਾਣ ਦਿੱਤੀ ਜੋ ਕਿ ਤੇਜ਼ੀ ਨਾਲ ਦੱਖਣੀ ਭਾਰਤ ਲਈ ਇੱਕ ਪ੍ਰਮੁੱਖ ਹੱਬ ਬਣ ਗਿਆ। ਤਿੰਨ ਸਾਲਾਂ ਬਾਅਦ, ਉਨ੍ਹਾਂ ਨੇ ਨੰਮਾ ਮੈਟਰੋ ਦੇ ਪਹਿਲੇ ਹਿੱਸੇ ਦੀ ਸ਼ੁਰੂਆਤ ਕੀਤੀ। ਉਨ੍ਹਾਂ ਬੈਯੱਪਨਹੱਲੀ ਅਤੇ ਐਮਜੀ ਰੋਡ ਵਿਚਾਲੇ ਪਹਿਲੀ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਇਸ ਸ਼ੁਰੂਆਤ ਨੇ ਇੱਕ ਜਨਤਕ ਆਵਾਜਾਈ ਨੈੱਟਵਰਕ ਲਈ ਇੱਕ ਮਾਡਲ ਤਿਆਰ ਕੀਤਾ ਹੈ ਜਿਸ ਨੇ ਉਦੋਂ ਤੋਂ ਪੂਰੇ ਸ਼ਹਿਰ ਵਿੱਚ ਰੋਜ਼ਾਨਾ ਆਉਣ-ਜਾਣ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਜ਼ਿਕਰਯੋਗ ਹੈ ਸ਼੍ਰੋਮਣੀ ਕਮੇਟੀ ਨੇ ਡਾ. ਮਨਮੋਹਨ ਸਿੰਘ ਦੀ ਫੋਟੋ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਐਲਾਨ ਕੀਤਾ ਸੀ। ਪਰ ਕੁਝ ਦਿਨਾਂ ਬਾਅਦ ਹੀ ਇਸ ਫੈਸਲੇ ਵਾਪਸ ਲੈ ਲਿਆ ਗਿਆ।

**ਸ਼੍ਰੋਮਣੀ ਕਮੇਟੀ ਨੇ ਲਿਆ ਸੀ ਸਿੱਖ ਅਜਾਇਬ ਘਰ 'ਚ ਫੋਟੋ ਨਾ ਲਾਉਣ ਦਾ ਫੈਸਲਾ**

# ਅੰਮ੍ਰਿਤਧਾਰੀ ਸਰਪੰਚ ਨੂੰ ਕਿਰਪਾਨ ਕਾਰਨ ਲਾਲ ਕਿਲ੍ਹੇ 'ਤੇ ਜਾਣ ਤੋਂ ਰੋਕਣ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਨਿੰਦਾ



ਅੰਮ੍ਰਿਤਸਰ : 15 ਅਗਸਤ ਨੂੰ ਲਾਲ ਕਿਲ੍ਹੇ 'ਤੇ ਹੋ ਰਹੇ ਸਮਾਗਮ 'ਚ ਵਿਸ਼ੇਸ਼ ਸੱਦੇ 'ਤੇ ਗਏ ਨਾਭਾ ਨੇੜਲੇ ਪਿੰਡ ਦੇ ਅੰਮ੍ਰਿਤਧਾਰੀ ਗੁਰਸਿੱਖ ਸਰਪੰਚ ਗੁਰਧਿਆਨ ਸਿੰਘ ਨੂੰ ਕਿਰਪਾਨ ਕਾਰਨ ਦਾਖ਼ਲ ਹੋਣ ਤੋਂ ਰੋਕਣ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਕ ਬਿਆਨ ਰਾਹੀਂ ਕਿ ਗੁਰਧਿਆਨ ਸਿੰਘ ਵਿਸ਼ੇਸ਼ ਸੱਦੇ 'ਤੇ ਬੁਲਾਇਆ ਹੋਣ ਦੇ ਬਾਵਜੂਦ ਵੀ ਧਾਰਮਿਕ ਚਿੰਨ੍ਹ ਕਿਰਪਾਨ ਕਾਰਨ ਅੰਦਰ ਜਾਣ ਤੋਂ ਰੋਕਣਾ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਵਾਲਾ ਵਿਹਾਰ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਘਟਨਾ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਹਰਕਤ ਨਾ ਕਰੇ।

# ਇਹ ਦੋ ਫੋਟੋ ਹਨ : ਪਹਿਲੀ ਫੋਟੋ ਆਉਸ਼ਵਿਟਸ - ਡੈੱਥ ਕੈਂਪਸ





ਕਨਸਰਟਪੇਸ਼ਨ ਕੈਂਪਸ ਪੋਲੈਂਡ ਦੀ ਹੈ ਜਿੱਥੇ ਯਹੂਦੀ ਮਾਰੇ ਗਏ ਸਨ ਨਾਜ਼ੀ ਜਰਮਨਾਂ ਦੁਆਰਾ ਇਹ ਓਹਨਾਂ ਮਾਰੇ ਗਏ ਲੋਕਾਂ ਦੀਆਂ ਜੁੱਤੀਆਂ ਦੀ ਹੈ ਤੇ ਦੂਜੀ ਹਮਾਸ ਦੁਆਰਾ ਅਕਤੂਬਰ 7 ਪਿਛਲੇ ਸਾਲ ਜਦੋਂ ਇਸਰਾਈਲ ਦੇ ਇੱਕ ਮਿਉਜ਼ਕ ਮੇਲੇ ਦੌਰਾਨ ਹਮਲਾ ਕਰਕੇ ਮਾਰੇ ਸਰੋਤਿਆ ਦੀ ਹੈ ਇਹ ਤਸਵੀਰਾਂ ਮਾਸ ਕਿਲਿੰਗਜ ਦੀ ਤਸਵੀਰ ਪੇਸ਼ ਕਰਦੀਆਂ ਹਨ ਕਿ ਕਿਵੇਂ ਇੱਕ ਕੌਮ ਗ੍ਰੀਕਾਂ, ਰੋਮਨਾਂ, ਨਾਜ਼ੀਆਂ ਤੇ ਮੁਸਲਮਾਨਾਂ ਦੇ ਜ਼ੁਲਮ ਨੂੰ ਸਹਿੰਦੀ ਹੋਈ ਚੋਵੀ ਸੌ ਸਾਲ ਦੀ ਗੁਲਾਮੀ ਕੱਟਦੀ ਹੋਈ ਜਲਾਵਤਨੀ ਵਿੱਚ ਰਹਿੰਦੀ ਹੋਈ ਅਖੀਰ ਆਪਣੇ ਘਰ ਵਾਪਿਸ ਪਰਤੀ ਤੇ ਵਾਪਿਸ ਪਰਤਣ ਸਾਰ ਗੁਆਂਢੀਆਂ ਵੱਲੋਂ ਕੀਤੇ ਹੋਏ ਓਸ ਪ੍ਰਣ ਕਿ ਅਸੀ ਇਸਰਾਈਲ ਨੂੰ ਨੇਸਤੋ ਨਬੂਤ ਕਰਨਾਂ (Full destruction of state of Israel) ਦੇ ਹਮੇਸ਼ਾ ਬਣੇ ਡਰ ਥੱਲੇ ਆਪਣੀ ਜ਼ਮੀਨ ਤੇ ਆਪਣੇ ਲੋਕਾਂ ਦੀ ਰਾਖੀ ਲਈ ਬਚਨਵੱਧ ਹੈ

ਇਸ ਸਾਰੇ ਸਮੇਂ ਵਿੱਚ ਇਸਰਾਈਲ ਤੇ ਬੜੇ ਮਿੱਤਰ ਤੇ ਬੜੇ ਦੁਸ਼ਮਣ ਬਣੇ ਕਈ ਵਾਅਦੇ ਕਰਕੇ ਮੁੱਕਰੇ ਤੇ ਕਈ ਬਿਨਾਂ ਵਾਅਦਿਆਂ ਤੋਂ ਹੀ ਚੰਗੇ ਮਿੱਤਰ ਵਾਲੇ ਕੰਮ ਕਰਗੇ। ਮੌਜੂਦਾ ਮਿਡਲ ਈਸਟ ਸਮੇਤ ਇਸਰਾਈਲ ਜਦੋਂ ਓਟੋਮਨ Empire ਦੇ ਕਬਜ਼ੇ ਵਿੱਚ ਸੀ ਤਾਂ ਯਹੂਦੀਆਂ ਨੂੰ ਮੁਲਕ ਬਣਾ ਕਿ ਦੇਣ ਦੀ ਗੱਲ ਚੱਲੀ ਕਾਮਰੇਡਾਂ ਤੋਂ ਪਹਿਲਾਂ ਵਾਲੇ ਰੂਸ ਵਿੱਚ ਵੀ ਕਾਨਫਰੰਸਾਂ ਹੋਈਆਂ ਤੇ ਇੰਗਲੈਂਡ ਨੇ ਵੀ ਵਾਅਦੇ ਕੀਤੇ ਅਖੀਰ ਪਹਿਲੀ ਸੰਸਾਰ ਜੰਗ ਬਾਅਦ ਸਦੀਆ ਪੁਰਾਣਾ ਤੁਰਕਾਂ ਦਾ ਰਾਜ ਖਤਮ ਹੋ ਗਿਆ ਤੇ ਓਹਦੇ ਅਧੀਨ ਇਲਾਕਿਆਂ ਦਾ ਕੰਟਰੋਲ ਇੰਗਲੈਂਡ ਕੋਲ ਚਲਾ ਗਿਆ ਇੰਗਲੈਂਡ ਯਹੂਦੀਆਂ ਨਾਲ ਕੀਤੇ ਵਾਅਦੇ ਤੋਂ ਓਵੇ ਮੁਕਰਿਆ ਜਿਵੇ ਨਹਿਰੂ ਗਾਂਧੀ ਸਿੱਖਾਂ ਨੂੰ ਇੱਕ ਵੱਖਰਾ ਖਿੱਤਾ ਦੇਣ ਜਿੱਥੇ ਸਿੱਖ ਗਲੋ ਆਫ ਫਰੀਡਮ ਮਾਣ ਸਕਣਗੇ ਦੇ ਵਾਅਦੇ ਤੋਂ ਮੁੱਕਰੇ ਸਨ ਇੰਗਲੈਂਡ ਯਹੂਦੀਆਂ ਨੂੰ ਇੱਕ ਮੁਲਕ ਬਣਾ ਕਿ ਦੇਣ ਵਾਲੇ ਵਾਅਦੇ ਤੋਂ ਮੁੱਕਰ ਕਿ ਇਹ ਕਹਿਣ ਲੱਗ ਪਿਆ ਕਿ ਮੁਲਕ ਫ਼ਲਸਤੀਨ ਹੀ ਰਹੇ ਤੇ ਸਰਕਾਰ ਸਾਂਝੀ ਹੋਵੇ ਅਰਬ ਤੇ ਯਹੂਦੀ ਬਰਾਬਰ ਦੇ ਭਾਈਵਾਲ ਹੋਣ ਚਲੋ ਇਹ ਪਰਪੋਜਲ ਨਾ ਅਰਬ ਮੰਨੇ ਤੇ ਨਾ ਯਹੂਦੀ ਕਿਉਂਕਿ ਯਹੂਦੀ ਮੁਲਕ ਮੰਗਦੇ ਸਨ ਤੇ ਅਰਬ ਆਪਣਾ ਪੂਰਨ ਕੰਟਰੋਲ ਰੱਖਣਾ ਚਾਹੁੰਦੇ ਸਨ ਅਖੀਰ ਇੰਗਲੈਂਡ ਇਹ ਕੰਮ ਨਵੇਂ ਬਣੇ ਯੂਨਾਈਟਿਡ ਨੇਸ਼ਨ ਸਿਰ ਮੜ੍ਹ ਕਿ ਚਲਾਕ ਲੂੰਬੜੀ ਵਾਂਗੂੰ ਵਿੱਚੋਂ ਨਿਕਲ ਗਿਆ ਤੇ ਯਹੂਦੀਆਂ ਨੂੰ ਫੋਕੇ ਵਾਅਦੇ ਕਰ ਕਿ ਬਿਨਾ ਸਿਰੇ ਲਾਏ ਛੱਡ ਗਿਆ।

ਐਨ ਓਸ ਸਮੇਂ ਪਹਿਲੀ ਤੇ ਦੂਜੀ ਸੰਸਾਰ ਜੰਗ ਦੇ ਵਿਚਕਾਰੋਂ ਇੱਕ ਸ਼ਕਤੀਸ਼ਾਲੀ ਮੁਲਕ ਬਣ ਕਿ ਨਿਕਲਿਆ। ਮੁਲਕ ਅਮਰੀਕਾ ਜਿਸ ਕੋਲ ਹੁਣ ਮਾਇਆ ਵੀ ਸੀ ਫ਼ੌਜ ਵੀ ਸੀ ਤੇ ਹਥਿਆਰ ਵੀ ਸਨ ਜਿਸ ਨੇ ਕਦੇ ਕੋਈ ਵਾਅਦਾ ਨੀ ਸੀ ਕੀਤਾ ਯਹੂਦੀਆਂ ਨਾਲ ਪਰ ਆ ਖੜ੍ਹਾ ਹੋਇਆ ਤੇ ਚੁੱਪਚਾਪ ਯਹੂਦੀਆਂ ਦੀ ਵਾਪਸੀ ਕਰਵਾਉਣ ਵਿੱਚ ਲੱਗ ਗਿਆ। ਯਹੂਦੀਆਂ ਨੇ ਵਾਪਸ ਜਾ ਕਿ ਮੁਸਲਮਾਨਾਂ ਤੋਂ ਉਹ ਜ਼ਮੀਨਾਂ ਵਾਪਸ ਖ਼ਰੀਦੀਆਂ ਜਿਹੜੀਆਂ 14 ਸੌ ਸਾਲ ਤੋਂ ਉਨ੍ਹਾਂ ਦੇ ਵਡੇਰਿਆਂ ਤੋਂ ਮੁਸਲਮਾਨਾਂ ਨੇ ਖੋਹੀਆਂ ਸਨ ਤੇ ਅਖੀਰ ਮਈ 14-1948 ਨੂੰ 2400 ਸਾਲ ਦੀ ਜਲਾਵਤਨੀ, ਦਰ-ਦਰ ਧੱਕੇ ਖਾਣ ਤੇ ਜਲਾਲਤ ਦਾ ਅੰਤ ਹੋਇਆ ਤੇ ਇੱਕ ਨਵਾਂ ਮੁਲਕ ਇਸਰਾਈਲ ਬਣਿਆ ਤੇ ਅਮਰੀਕਾ ਪਹਿਲਾ ਮੁਲਕ ਬਣਿਆ ਮਾਨਤਾ ਦੇਣ ਵਾਲਾ।

ਇੰਗਲੈਂਡ ਸਮੇਤ ਯੂਰਪ ਜਿਸਨੂੰ ਜਰਮਨਾਂ ਤੋਂ ਅਜੇ ਕੱਲ ਅਮਰੀਕਾ ਨੇ ਬਚਾਇਆ ਸੀ ਆਪਣੇ ਆਪ ਨੂੰ ਹੀਣੇ ਸਮਝਣ ਲੱਗ ਪਏ ਕਿ ਸਾਡੀ ਸਰਪੰਚੀ ਅਮਰੀਕਾ ਲੈ ਗਿਆ ਇਹ ਹੀਣਤਾ ਫਰਾਂਸ ਜਰਮਨ ਦੇ ਮਨਾਂ ਵਿੱਚੋਂ ਕਦੇ ਗਈ ਨਹੀ ਪਰ ਕਰਨ ਜੋਗੇ ਕੁੱਝ ਨੀ ਰਹੇ।

ਯੂਰਪੀਅਨ ਪਿੱਛਲੇ ਛੇ ਦਹਾਕਿਆਂ ਤੋਂ ਦੋਗਲੀਆਂ ਖੇਡਾਂ ਖੇਡਦੇ ਆ ਰਹੇ ਸਨ ਤੇ ਅਖੀਰ ਏਸ ਹਫ਼ਤੇ ਫਰਾਂਸ ਨੇ ਐਲਾਨ ਕਰਤਾ ਕਿ ਯੂਨਾਈਟਡ ਨੇਸ਼ਨ ਦੇ ਸੁਤੰਬਰ ਸੈਸ਼ਨ ਵਿੱਚ ਅਸੀ ਅਜ਼ਾਦ ਫ਼ਲਸਤੀਨ ਮੁਲਕ (ਜਿਸਦੀ ਕਮਾਂਡ ਹਮਾਸ ਵਰਗਾ ਅੱਤਵਾਦੀ ਧੜਾ ਕਰ ਰਿਹਾ) ਦੇ ਤੌਰ 'ਤੇ ਮਾਨਤਾ ਦੇਵਾਂਗੇ ਫਰਾਂਸ ਦੇ ਮੈਕਰੋਨ ਦੇ ਐਲਾਨ ਤੋਂ ਬਾਅਦ ਇੰਗਲੈਂਡ ਦੇ ਸਟਾਰਮਰ ਨੇ ਤੇ ਕਨੇਡਾ ਦੇ ਸੈਂਟਰਿਸਟ ਲੀਡਰ ਕਾਰਨੀ ਨੇ ਵੀ ਐਲਾਨ ਕਰਤਾ ਕਿ ਅਸੀਂ ਮਾਨਤਾ ਦੇਵਾਂਗੇ।

ਯਾਦ ਰਹੇ ਇਹ ਓਹ ਮੁਲਕ ਹਨ ਜਿਹੜੇ ਯਹੂਦੀਆਂ ਨੂੰ ਮੁਲਕ ਦੇਣ ਤੋਂ ਤਾਂ ਮੁੱਕਰੇ ਸਨ ਪਰ ਅੱਜ ਇਹਨਾਂ ਮੁਲਕਾਂ ਦੇ ਨਵੇਂ ਲੀਡਰ ਦਹਾਕਿਆਂ ਬਾਅਦ ਇਸਲਾਮ ਦੇ ਅੱਤਵਾਦੀਆਂ ਨੂੰ ਕਿਸੇ ਦੀ ਧੱਕੇ ਨਾਲ ਦੱਬੀ ਜ਼ਮੀਨ ਦੀ ਮਾਲਕੀਅਤ ਦੇਣ ਚੱਲੇ ਹਨ।

ਪਰ ਇਸਰਾਈਲ ਦੇ ਮਿੱਤਰ ਅਮਰੀਕਾ ਨੇ ਇੱਕ ਵਾਰ ਫੇਰ ਸ਼ੇਰ ਦਹਾੜ ਵਿੱਚ ਕਿਹਾ ਹੈ ਕਿ ਅਸੀਂ ਇਨ੍ਹਾਂ ਦੇ ਪ੍ਰੋਪੋਜ਼ਡ ਏਜੰਡੇ ਦਾ ਵਿਰੋਧ ਕਰਦੇ ਹਾਂ ਤੇ ਇਸਰਾਈਲ ਦੇ ਨਾਲ ਹਿੱਕ ਤਾਣ ਕਿ ਖੜ੍ਹੇ ਹਾਂ।

ਹਰ ਓਹ ਫੈਸਲੇ ਦੀ ਹਮਾਇਤ ਕਰਾਂਗੇ ਜਿਹੜਾ ਫੈਸਲਾ ਇਸਰਾਈਲ ਨੂੰ ਵਿੱਚ ਲੈ ਕਿ ਕੀਤਾ ਗਿਆ

**ਸ. ਪ੍ਰੀਤਮ ਸਿੰਘ ਜੋਗਨੰਗਲ ਸੀਨੀਅਰ ਨੌਜਵਾਨ ਆਗੂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ**

# ਕਿਸ਼ਤਵਾੜ-ਕਠੂਆ ਤ੍ਰਾਸਦੀ : ਪੀੜਤਾਂ ਦੀ ਯਾਦ 'ਚ ਵਿਦਿਆਰਥੀਆਂ ਨੇ ਕੱਢਿਆ ਸ਼ੋਕ ਮਾਰਚ

## ਬੱਦਲ ਫਟਣ ਨਾਲ ਭਾਰੀ ਤਬਾਹੀ- ਅਨੇਕਾਂ ਮੌਤਾਂ, ਕਈ ਘਰ ਰੁੜ੍ਹੇ














ਜੰਮੂ : ਬੀਤੇ ਦਿਨੀ ਜੰਮੂ ਵਿੱਚ ਵਿਦਿਆਰਥੀਆਂ ਨੇ ਕਿਸ਼ਤਵਾੜ ਅਤੇ ਕਠੂਆ ਵਿੱਚ ਬੱਦਲ ਫਟਣ ਦੀ ਤ੍ਰਾਸਦੀ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਸ਼ੋਕ ਮਾਰਚ ਕੱਢਿਆ। ਇਸ ਮੌਕੇ ਵਿਦਿਆਰਥੀਆਂ ਨੇ ਇਸ ਕੁਦਰਤੀ ਆਫ਼ਤ ਵਿੱਚ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ 'ਚ ਬੱਦਲ ਫਟਣ ਅਤੇ ਜ਼ਮੀਨ ਖਿਸਕਣ ਦੀਆਂ ਦੋ ਵੱਖ-ਵੱਖ ਘਟਨਾਵਾਂ 'ਚ 5 ਬੱਚਿਆਂ ਸਮੇਤ ਚਾਰ ਪਰਿਵਾਰਾਂ ਦੇ 7 ਮੈਂਬਰਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ 'ਚ ਰਾਤ ਭਰ ਪਏ ਭਾਰੀ ਮੀਂਹ ਦੌਰਾਨ ਰਾਜਬਾਗ ਦੇ ਜੋਧ ਘਾਟੀ ਪਿੰਡ ਅਤੇ ਜੰਗਲੋਟ ਦੇ ਬਗਰਾ ਪਿੰਡ 'ਚ ਇਹ ਘਟਨਾਵਾਂ ਵਾਪਰੀਆਂ, ਜਿਸ ਕਾਰਨ ਪਾਣੀ ਦੇ ਪੱਧਰ 'ਚ ਵਾਧਾ ਹੋਇਆ ਅਤੇ ਕਈ ਨੀਵੇਂ ਖੇਤਰ ਡੁੱਬ ਗਏ। ਕਠੂਆ 'ਚ ਬੱਦਲ ਫਟਣ ਦੀ ਘਟਨਾ 14 ਅਗਸਤ ਨੂੰ ਕਿਸ਼ਤਵਾੜ ਜ਼ਿਲ੍ਹੇ ਦੇ ਚਸੋਤੀ ਪਿੰਡ 'ਚ ਬੱਦਲ ਫਟਣ ਕਾਰਨ ਆਏ ਅਚਾਨਕ ਹੜ੍ਹਾਂ ਤੋਂ ਤਿੰਨ ਦਿਨ ਬਾਅਦ ਵਾਪਰੀ ਹੈ, ਜਿਸ 'ਚ 60 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖਮੀ ਹੋ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਬੱਦਲ ਫਟਣ ਨਾਲ ਜੋਧ ਘਾਟੀ 'ਚ ਇਕ ਆਦਮੀ ਅਤੇ ਉਸ ਦੇ ਦੋ ਨਾਬਾਲਗ ਪੁੱਤਰਾਂ ਸਮੇਤ ਪੰਜ ਵਿਅਕਤੀਆਂ ਦੀ ਜਾਨ ਚਲੀ ਗਈ, ਪਿੰਡ ਤੱਕ ਪਹੁੰਚ ਕਰਨ 'ਚ ਮੁਸ਼ਕਿਲਾਂ ਆਈਆਂ ਅਤੇ ਕਈ ਕੱਚੇ ਘਰਾਂ ਨੂੰ ਨੁਕਸਾਨ ਪਹੁੰਚਿਆ, ਉਥੇ ਹੀ ਜੰਗਲੋਟ ਦੇ ਬਗਰਾ ਪਿੰਡ 'ਚ ਮੀਂਹ ਕਾਰਨ ਜ਼ਮੀਨ ਖਿਸਕਣ ਨਾਲ ਇਕ ਮਾਂ-ਧੀ ਦੀ ਜਾਨ ਚਲੀ ਗਈ। ਫੌਜ ਨੇ 6 ਜ਼ਖਮੀਆਂ ਨੂੰ ਜੋਧ ਘਾਟੀ ਤੋਂ ਹਸਪਤਾਲ ਪਹੁੰਚਾਇਆ ਹੈ। ਰਾਈਜ਼ਿੰਗ ਸਟਾਰ ਕੋਰ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਕਠੂਆ 'ਚ ਫ਼ੌਜ ਦੇ ਜਵਾਨ ਬਚਾਅ ਕਾਰਜ ਕਰ ਰਹੇ ਹਨ ਅਤੇ ਲੋਕਾਂ ਨੂੰ ਭੋਜਨ ਤੇ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਵਾ ਰਹੇ ਹਨ।

# ਪਾਕਿ 'ਚ ਭਾਰੀ ਬਾਰਸ਼ ਤੇ ਹੜ੍ਹ ਨਾਲ ਹੁਣ ਤਕ 750 ਲੋਕਾਂ ਦੀ ਮੌਤ

## ਬਚਾਅ ਕਾਰਜਾਂ 'ਚ ਆ ਰਹੀ ਰੁਕਾਵਟ, ਮਲਬੇ 'ਚੋਂ ਲਾਸ਼ਾਂ ਕੱਢਣੀਆਂ ਮੁਸ਼ਕਿਲ

ਅੰਮ੍ਰਿਤਸਰ : ਪਾਕਿਸਤਾਨ ਵਿਚ ਬਾਰਸ਼ ਨਾਲ ਜੁੜੀਆਂ ਘਟਨਾਵਾਂ ਅਤੇ ਹੜ੍ਹ ਦੇ ਕਾਰਨ ਮਰਨ ਵਾਲਿਆਂ ਦੀ ਗਿਣਤੀ 750 ਤਕ ਪਹੁੰਚ ਗਈ ਹੈ। ਫ਼ੌਜ ਨੇ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਾਰਜਾਂ ਨੂੰ ਤੇਜ਼ ਕਰ ਦਿਤਾ ਹੈ। ਰਾਸ਼ਟਰੀ ਆਫ਼ਤ ਮੈਨੇਜਮੈਂਟ ਅਥਾਰਟੀ (ਐਨਡੀਐਮਏ) ਨੇ ਜਾਣਕਾਰੀ ਦਿਤੀ ਹੈ ਕਿ ਪਿਛਲੇ 24 ਘੰਟਿਆਂ ਵਿਚ 43 ਹੋਰ ਲੋਕਾਂ ਦੀ ਮੌਤ ਹੋ ਗਈ, ਜਿਸ ਨਾਲ 26 ਜੂਨ ਤੋਂ ਹੁਣ ਤਕ ਮਰਨ ਵਾਲਿਆਂ ਦੀ ਗਿਣਤੀ 750 ਹੋ ਗਈ ਹੈ। ਇਸ ਦੌਰਾਨ ਜ਼ਖ਼ਮੀਆਂ ਦੀ ਗਿਣਤੀ 965 ਤਕ ਪਹੁੰਚ ਗਈ ਹੈ।

ਐਨਡੀਐਮਏ ਨੇ ਦਸਿਆ ਕਿ ਖ਼ੈਬਰ-ਪਖ਼ਤੂਨਖਵਾ ਸੱਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਜਿੱਥੇ ਹੁਣ ਤਕ 427 ਲੋਕ ਮਾਰੇ ਗਏ ਹਨ। ਇਸ ਤੋਂ ਬਾਅਦ ਪੰਜਾਬ ਵਿਚ 164, ਸਿੰਧ ਵਿਚ 29, ਬਲੋਚਿਸਤਾਨ ਵਿਚ 22, ਮਕਬੂਜ਼ਾ ਜੰਮੂ-ਕਸ਼ਮੀਰ ਵਿਚ 56 ਅਤੇ ਇਸਲਾਮਾਬਾਦ ਖੇਤਰ ਵਿਚ 8 ਲੋਕਾਂ ਦੀ ਮੌਤ ਹੋਈ ਹੈ। ਇਸ ਦੌਰਾਨ ਫ਼ੌਜ ਦੇ ਬੁਲਾਰੇ ਲੈਫ਼ਟੀਨੈਂਟ ਜਨਰਲ ਅਹਮਦ ਸ਼ਰੀਫ਼ ਚੌਧਰੀ ਨੇ ਕਿਹਾ ਕਿ ਫ਼ੌਜ ਨੇ ਰਾਹਤ ਕਾਰਜਾਂ ਨੂੰ ਤੇਜ਼ ਕਰ ਦਿਤਾ ਹੈ, ਜਿਸ ਦੌਰਾਨ 6903 ਲੋਕਾਂ ਨੂੰ ਬਚਾਇਆ ਗਿਆ ਹੈ ਅਤੇ ਖ਼ੈਬਰ-ਪਖ਼ਤੂਨਖਵਾ ਵਿਚ ਨੌਂ ਕੈਂਪਾਂ ਰਾਹੀਂ ਮੈਡੀਕਲ



ਪਾਕਿਸਤਾਨ 'ਚ ਹੜ੍ਹਾਂ ਤੇ ਭਾਰੀ ਮੀਂਹ ਨਾਲ ਹੋਈ ਤਬਾਹੀ ਦਾ ਦ੍ਰਿਸ਼।




ਪਾਕਿਸਤਾਨ ਦੇ ਬੁਨੇਰ ਜ਼ਿਲ੍ਹੇ 'ਚ ਹੜ੍ਹਾਂ ਕਾਰਨ ਮਲਬੇ ਤੇ ਗਾਰੇ ਨੂੰ ਹਟਾਉਂਦੇ ਹੋਏ ਸਥਾਨਕ ਲੋਕ।

ਸਹਾਇਤਾ ਪ੍ਰਦਾਨ ਕੀਤੀ ਗਈ ਹੈ।

ਉਨ੍ਹਾਂ ਨੇ ਦਸਿਆ ਕਿ ਰਾਹਤ ਕਾਰਜਾਂ ਵਿਚ ਫ਼ੌਜ ਦੀਆਂ ਅੱਠ ਇਕਾਈਆਂ ਸ਼ਾਮਲ ਹਨ, ਜਦਕਿ ਬੁਨੇਰ ਵਿਚ ਦੋ ਬਟਾਲੀਅਨਾਂ ਕੰਮ ਕਰ ਰਹੀਆਂ ਹਨ। ਫ਼ੌਜੀ ਹਵਾਈ ਸੇਵਾਵਾਂ ਵੀ ਬਚਾਅ ਅਤੇ ਸਪਲਾਈ ਕਾਰਜਾਂ ਵਿਚ ਸਹਾਇਤਾ ਕਰ ਰਹੀਆਂ ਹਨ। ਪਾਕਿਸਤਾਨ ਦੇ ਸੰਘੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਤਾਉੱਲਾਹ ਤਰਾਰ ਨੇ ਕਿਹਾ ਕਿ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਾਰਜਾਂ ਨੂੰ ਤੇਜ਼ ਕੀਤਾ ਗਿਆ ਹੈ ਅਤੇ ਐਨਡੀਐਮਏ, ਪਾਕਿਸਤਾਨੀ ਫ਼ੌਜ, ਸੰਘੀ ਅਤੇ ਸੂਬਾਈ ਸਰਕਾਰਾਂ ਵਿਚਕਾਰ ਸਹਿਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਹੁਣ ਤਕ 25,000 ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਜਾ ਚੁੱਕਾ ਹੈ।

# ਕੁੱਲੂ: ਬੱਦਲ ਫਟਣ ਕਾਰਨ ਪੁਲ ਤੇ ਤਿੰਨ ਦੁਕਾਨਾਂ ਰੁੜ੍ਹੀਆਂ

ਸ਼ਿਮਲਾ : ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਦੇ ਕਾਨੋਂਨ ਪਿੰਡ ਵਿੱਚ ਰਾਤ ਨੂੰ ਬੱਦਲ ਫਟਣ ਕਾਰਨ ਆਇਆ ਹੜ੍ਹ ਪੁਲ ਅਤੇ ਤਿੰਨ ਦੁਕਾਨਾਂ ਵਹਾ ਕੇ ਲੈ ਗਿਆ। ਲਗਾਤਾਰ ਮੀਂਹ ਕਰਕੇ ਕਈ ਇਲਾਕਿਆਂ ਵਿੱਚ ਢਿੱਗਾਂ ਡਿੱਗਣ ਕਾਰਨ ਪ੍ਰਸ਼ਾਸਨ ਨੇ ਅੱਜ ਕੁੱਲੂ ਅਤੇ ਬੰਜਾਰ ਸਬ-ਡਿਵੀਜ਼ਨਾਂ ਵਿੱਚ ਸਕੂਲ, ਕਾਲਜ ਅਤੇ ਆਂਗਣਵਾੜੀ ਕੇਂਦਰਾਂ ਸਮੇਤ ਸਾਰੇ ਵਿਦਿਅਕ ਅਦਾਰੇ ਬੰਦ ਕਰ ਦਿੱਤੇ। ਸ਼ਿਮਲਾ ਵਿੱਚ ਰਾਮਚੰਦਰ ਚੌਕ ਨੇੜੇ ਢਿੱਗਾਂ ਡਿੱਗਣ ਮਗਰੋਂ ਮੰਤਰੀ, ਵਿਧਾਇਕ, ਉਨ੍ਹਾਂ ਦੇ ਸਟਾਫ਼ ਅਤੇ ਹੋਰ ਸਰਕਾਰੀ ਕਰਮਚਾਰੀਆਂ ਸਮੇਤ ਲਗਪਗ 40 ਵਿਅਕਤੀਆਂ ਨੂੰ ਬਚਾਅ ਕੇ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਗਿਆ। ਟਾਊਨ ਐਂਡ ਕੰਟਰੀ ਪਲੈਨਿੰਗ ਤੇ ਤਕਨੀਕੀ ਸਿੱਖਿਆ ਮੰਤਰੀ ਰਾਜੇਸ਼ ਧਰਮਾਣੀ, ਕਾਂਗਰਸ ਵਿਧਾਇਕ ਰਾਮਕੁਮਾਰ ਚੌਧਰੀ ਤੇ ਆਸ਼ੀਸ਼ ਬੁਟੈਲ ਨੇ ਢਿੱਗਾਂ ਡਿੱਗਣ ਤੋਂ ਬਾਅਦ ਸ਼ਿਮਲਾ ਵਿੱਚ ਆਪੋ-ਆਪਣੀਆਂ ਸਰਕਾਰੀ ਰਿਹਾਇਸ਼ਾਂ ਖਾਲੀ ਕਰਵਾ ਲਈਆਂ ਹਨ। ਇਸ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਛੋਟਾ ਸ਼ਿਮਲਾ ਖੇਤਰ ਵਿੱਚ ਇਮਾਰਤ ਦੀ ਛੱਤ ਨੂੰ ਨੁਕਸਾਨ ਪਹੁੰਚਿਆ ਅਤੇ ਦਰੱਖਤ ਉੱਖੜ ਗਏ ਹਨ। ਕੁੱਲੂ ਅਤੇ ਬੰਜਾਰ ਦੇ ਸਬ-ਡਿਵੀਜ਼ਨਲ ਅਧਿਕਾਰੀਆਂ ਨੇ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਬੱਦਲ ਫਟਣ, ਅਚਾਨਕ ਹੜ੍ਹ ਅਤੇ ਢਿੱਗਾਂ ਡਿੱਗਣ ਦੀ ਰਿਪੋਰਟ ਦਿੱਤੀ।



# ਹੜ੍ਹਾਂ ਦੀ ਮਾਰ: ਭਾਖੜਾ ਡੈਮ ਦੇ ਚਾਰ ਫਲੱਡ ਗੇਟ ਖੋਲ੍ਹੇ

## ਸੈਂਕੜੇ ਏਕੜ ਫ਼ਸਲ ਪਾਣੀ ਦੀ ਮਾਰ ਹੇਠ; ਕਈ ਘਰਾਂ ਵਿੱਚ ਵੜਿਆ ਪਾਣੀ; ਲੋਕਾਂ ਵੱਲੋਂ ਰਾਹਤ ਨਾ ਮਿਲਣ ਦਾ ਦੋਸ਼





ਚੰਡੀਗੜ੍ਹ : ਪਹਾੜਾਂ 'ਚ ਮੁੜ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫ਼ਿਕਰ ਵਧਾ ਦਿੱਤੇ ਹਨ। ਮੌਸਮ ਵਿਭਾਗ ਨੇ 24-25 ਅਗਸਤ ਨੂੰ ਸ਼ਿਮਲਾ ਖ਼ਿੱਤੇ ਤੋਂ ਇਲਾਵਾ ਕੁੱਲੂ ਤੇ ਮੰਡੀ ਖੇਤਰ 'ਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਬੀਬੀਐੱਮਬੀ ਨੇ ਮੌਸਮ ਵਿਭਾਗ ਦੀ ਚਿਤਾਵਨੀ ਦੇ ਮੱਦੇਨਜ਼ਰ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਮੇਨਟੇਨ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਪਹਾੜਾਂ 'ਚੋਂ ਆਉਣ ਵਾਲੇ ਸੰਭਾਵੀ ਪਾਣੀ ਨੂੰ ਆਉਂਦੇ ਦਿਨਾਂ 'ਚ ਡੈਮ 'ਚ ਸੰਭਾਲਿਆ ਜਾ ਸਕੇ। ਇਸ ਤਹਿਤ ਅੱਜ ਬੀਬੀਐੱਮਬੀ ਨੇ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਦੋ-ਦੋ ਫੁੱਟ ਖੋਲ੍ਹ ਦਿੱਤੇ ਹਨ।

ਵੇਰਵਿਆਂ ਅਨੁਸਾਰ ਭਾਖੜਾ ਡੈਮ 'ਚ ਪਹਾੜਾਂ 'ਚੋਂ ਪਾਣੀ ਦੀ ਸੰਭਾਵੀ ਆਮਦ ਵਜੋਂ ਜਗ੍ਹਾ ਬਣਾਈ ਜਾ ਰਹੀ ਹੈ। ਅੱਜ ਸਵੇਰੇ ਭਾਖੜਾ ਡੈਮ ਵਿੱਚ ਪਹਾੜਾਂ 'ਚੋਂ 80 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਸੀ, ਜੋ ਸ਼ਾਮ ਛੇ ਵਜੇ 62 ਹਜ਼ਾਰ ਕਿਊਸਿਕ ਰਹਿ ਗਿਆ। ਭਾਖੜਾ ਡੈਮ 'ਚੋਂ ਅੱਜ 43,300 ਕਿਊਸਿਕ ਪਾਣੀ ਛੱਡਿਆ ਗਿਆ ਹੈ, ਜਿਸ 'ਚੋਂ ਕਰੀਬ 23 ਹਜ਼ਾਰ ਕਿਊਸਿਕ ਸਤਲੁਜ ਦਰਿਆ ਵਿੱਚ ਛੱਡਿਆ ਗਿਆ ਹੈ। ਭਾਖੜਾ ਡੈਮ ਦਾ ਸ਼ਾਮ ਛੇ ਵਜੇ ਪਾਣੀ ਦਾ ਪੱਧਰ 1665.49 ਫੁੱਟ ਹੋ ਗਿਆ ਹੈ। ਬੀਬੀਐੱਮਬੀ ਅਨੁਸਾਰ ਅੱਜ ਦੇ ਦਿਨ ਤੱਕ ਭਾਖੜਾ ਡੈਮ ਦੇ ਪਾਣੀ ਦਾ ਪੱਧਰ 1662 ਫੁੱਟ ਹੋਣਾ ਚਾਹੀਦਾ ਸੀ। ਬਿਆਸ ਦਰਿਆ ਤੋਂ ਇਲਾਵਾ ਹੁਣ ਸਤਲੁਜ ਦਾ ਕਹਿਰ ਵੀ ਸਰਹੱਦੀ ਪਿੰਡਾਂ 'ਤੇ ਹੋਰ ਮਾਰ ਕਰ ਸਕਦਾ ਹੈ। ਇਸ ਤੋਂ ਇਲਾਵਾ 24-25 ਅਗਸਤ ਨੂੰ ਸਤਲੁਜ ਦੇ ਆਸ-ਪਾਸ ਦੇ ਖੇਤਰ 'ਚ ਭਾਰੀ ਮੀਂਹ ਪੈਣ ਬਾਰੇ ਮੌਸਮ ਵਿਭਾਗ ਨੇ ਪਹਿਲਾਂ ਹੀ ਪੇਸ਼ੀਨਗੋਈ ਕੀਤੀ ਹੋਈ ਹੈ।

ਪੌਂਗ ਡੈਮ ਵਿੱਚ ਐਤਕੀਂ ਪਹਾੜਾਂ 'ਚੋਂ ਆ ਰਹੇ ਪਾਣੀ ਦੀ ਆਮਦ ਹੈਰਾਨ ਕਰਨ ਵਾਲੀ ਰਹੀ ਹੈ। ਆਮ ਤੌਰ 'ਤੇ ਹਰ ਸੀਜ਼ਨ ਵਿੱਚ ਪੌਂਗ ਡੈਮ ਵਿੱਚ ਪਾਣੀ ਦੀ ਆਮਦ ਔਸਤ 40 ਹਜ਼ਾਰ ਕਿਊਸਿਕ ਦੀ ਰਹਿੰਦੀ ਹੈ ਪਰ ਐਤਕੀਂ ਡੇਢ ਮਹੀਨੇ ਤੋਂ ਇਹ ਔਸਤ 70 ਤੋਂ 80 ਹਜ਼ਾਰ ਕਿਊਸਿਕ ਰਹੀ ਹੈ।

ਇਸ ਵੇਲੇ ਪੌਂਗ ਡੈਮ ਵਿੱਚ 60 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਹੈ ਅਤੇ ਏਨਾ ਪਾਣੀ ਹੀ ਬਿਆਸ ਦਰਿਆ ਵਿੱਚ ਛੱਡਿਆ ਜਾ ਰਿਹਾ ਹੈ। ਪੌਂਗ ਡੈਮ ਵਿੱਚ ਅੱਜ ਸ਼ਾਮ ਛੇ ਵਜੇ ਪਾਣੀ ਦਾ ਪੱਧਰ 1383.12 ਫੁੱਟ 'ਤੇ ਪਹੁੰਚ ਗਿਆ ਹੈ।



ਫ਼ਾਜ਼ਿਲਕਾ : ਸਰਹੱਦੀ ਇਲਾਕੇ ਵਿੱਚ ਵਗਦੇ ਸਤਲੁਜ ਦਰਿਆ ਵਿੱਚ ਆਏ ਹੜ੍ਹ ਨੇ ਹੋਰ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਇੱਥੇ ਦਰਜਨ ਭਰ ਤੋਂ ਵੱਧ ਪਿੰਡਾਂ ਦੀ ਸੈਂਕੜੇ ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਚੁੱਕੀ ਹੈ। ਇਸ ਤੋਂ ਇਲਾਵਾ ਪਿੰਡਾਂ ਦੀਆਂ ਢਾਣੀਆਂ ਵਿੱਚ ਰਹਿੰਦੇ ਲੋਕਾਂ ਦੇ ਘਰ ਪਾਣੀ ਦੀ ਲਪੇਟ ਵਿੱਚ ਆ ਗਏ ਹਨ। ਸਰਹੱਦੀ ਪਿੰਡ ਝੰਗੜ ਭੈਣੀ, ਰਾਮ ਸਿੰਘ ਭੈਣੀ, ਰੇਤੇ ਵਾਲੀ ਭੈਣੀ, ਵਾਲ੍ਹੇ ਸ਼ਾਹ ਹਿਥਾੜ, ਢਾਣੀ ਸੱਦਾ ਸਿੰਘ, ਮੁਹਾਰ ਜਮਸ਼ੇਰ, ਦੋਨਾਂ ਨਾਨਕਾ, ਤੇਜਾ ਰੁਹੇਲਾ, ਚੱਕ ਰੁਹੇਲਾ, ਮੁਹਾਰ ਜਮਸ਼ੇਰ, ਗੁੱਦੜ ਭੈਣੀ, ਘੁਰਕਾ ਅਤੇ ਹੋਰ ਪਿੰਡਾਂ ਦੀ ਸੈਂਕੜੇ ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਗਈ ਹੈ। ਪ੍ਰਭਾਵਿਤ ਲੋਕਾਂ ਅਨੁਸਾਰ ਹੁਣ ਤੱਕ ਇਨ੍ਹਾਂ ਪਿੰਡਾਂ ਦੀ ਕਰੀਬ 3000 ਏਕੜ ਤੋਂ ਵੱਧ ਫ਼ਸਲ ਹੜ੍ਹ ਦੀ ਮਾਰ ਹੇਠ ਆ ਗਈ ਹੈ।

ਪਿੰਡ ਝੰਗੜ ਭੈਣੀ ਵਾਸੀ ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਕਰੀਬ 300 ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਗਈ ਹੈ। ਪਿੰਡ ਰਾਮ ਸਿੰਘ ਵਾਲੀ ਭੈਣੀ ਵਾਸੀ ਓਮ ਸਿੰਘ, ਸੁਖਵਿੰਦਰ ਸਿੰਘ ਅਤੇ ਹੋਰਨਾਂ ਨੇ ਦੱਸਿਆ ਹੜ੍ਹ ਕਾਰਨ ਉਨ੍ਹਾਂ ਦੇ ਪਿੰਡ ਦੀ ਕਰੀਬ 250 ਏਕੜ ਤੋਂ ਜ਼ਿਆਦਾ ਫ਼ਸਲ ਨੁਕਸਾਨੀ ਗਈ ਹੈ ਅਤੇ ਕੁਝ ਮਕਾਨਾਂ ਨੇੜੇ ਪਾਣੀ ਪਹੁੰਚ ਚੁੱਕਿਆ ਹੈ। ਪਿੰਡ ਰੇਤੇ ਵਾਲੀ ਭੈਣੀ ਵਾਸੀ ਬਚਨ ਸਿੰਘ, ਭਗਵਾਨ ਸਿੰਘ ਅਤੇ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਕਰੀਬ 500 ਤੋਂ 600 ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਗਈ ਹੈ। ਇਸ ਤੋਂ ਇਲਾਵਾ ਢਾਣੀਆਂ ਵਿੱਚ ਰਹਿੰਦੇ ਬਹੁਤ ਸਾਰੇ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ ਹੈ। ਪਿੰਡ ਵਾਲ੍ਹੇ ਸ਼ਾਹ ਹਿਥਾੜ ਅਤੇ ਢਾਣੀ ਸੱਦਾ ਸਿੰਘ ਵੀ ਹੜ੍ਹ ਦੀ ਮਾਰ ਹੇਠ ਆ ਗਏ ਹਨ। ਇਨ੍ਹਾਂ ਪਿੰਡਾਂ ਦੀ ਕਰੀਬ 600 ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਚੁੱਕੀ ਹੈ। ਢਾਣੀ ਸੱਦਾ ਸਿੰਘ ਵਾਸੀ ਸੋਨਾ ਸਿੰਘ ਤੇ ਸ਼ਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਦੀ ਕਰੀਬ 400 ਏਕੜ ਫ਼ਸਲ ਹੜ੍ਹ ਦੀ ਮਾਰ ਹੇਠ ਆ ਗਈ ਹੈ। ਪਿੰਡ ਦੋਨਾਂ ਨਾਨਕਾ, ਤੇਜਾ ਰੁਹੇਲਾ, ਚੱਕ ਰੁਹੇਲਾ, ਮੁਹਾਰ ਜਮਸ਼ੇਰ, ਗੁੱਦੜ ਭੈਣੀ ਅਤੇ ਹੋਰ ਨੇੜਲੇ ਪਿੰਡਾਂ ਦਾ ਵੀ ਇਹੀ ਹਾਲ ਹੈ। ਸੱਤਾ ਧਿਰ ਦੇ ਵਿਧਾਇਕਾਂ ਅਤੇ ਪ੍ਰਸ਼ਾਸਨ ਵੱਲੋਂ ਪਿੰਡਾਂ ਦੇ ਗੇੜੇ ਮਾਰੇ ਜਾ ਰਹੇ ਹਨ। ਉਧਰ, ਲੋਕਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਰਾਹਤ ਦੇਣ ਦੀ ਥਾਂ ਸਿਰਫ਼ ਉਨ੍ਹਾਂ ਦਾ ਹਾਲ ਜਾਣ ਕੇ ਹਰ ਕੋਈ ਵਾਪਸ ਤੁਰਦਾ ਬਣਦਾ ਹੈ।

## ਰਾਵੀ ਦਰਿਆ ਵਿਚ 1.50 ਲੱਖ ਕਿਊਸਿਕ ਤੋਂ ਵੱਧ ਪਾਣੀ ਛੱਡਿਆ



ਅਜਨਾਲਾ : ਜੰਮੂ ਕਸ਼ਮੀਰ ਵਿਚ ਹੋ ਰਹੀਆਂ ਭਾਰੀ ਬਾਰਿਸ਼ਾਂ ਤੇ ਕਠੂਆ ਵਿਚ ਬੱਦਲ ਫਟਣ ਤੋਂ ਬਾਅਦ ਦਰਿਆ ਵਿਚੋਂ ਰਾਵੀ ਦਰਿਆ ਵਿਚ 1.50 ਲੱਖ ਕਿਊਸਿਕ ਤੋਂ ਵਧੇਰੇ ਪਾਣੀ ਛੱਡੇ ਜਾਣ 'ਤੇ ਸੰਭਾਵਤ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਤੇ ਹੜ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ਨਜ਼ਦੀਕ ਰਾਵੀ ਦਰਿਆ ਦੇ ਕੰਢੇ 'ਤੇ ਪੈਂਦੀ ਚੰਡੀਗੜ੍ਹ ਪੋਸਟ ਨੇੜੇ ਕਮਾਲਪੁਰ ਜੰਗਲ 'ਤੇ ਪੁੱਜੇ, ਜਿੱਥੇ ਉਨ੍ਹਾਂ ਸੰਬੰਧਿਤ ਅਧਿਕਾਰੀਆਂ ਨੂੰ ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਥੇ ਉਨ੍ਹਾਂ ਰਾਵੀ ਦਰਿਆ ਤੋਂ ਪਾਰ ਗਏ ਲੋਕਾਂ ਨੂੰ ਤੁਰੰਤ ਵਾਪਸ ਆਪਣੇ ਘਰਾਂ 'ਚ ਆਉਣ ਦੀ ਵੀ ਅਪੀਲ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਧਾਲੀਵਾਲ ਨੇ ਦੱਸਿਆ ਕਿ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਵਲੋਂ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਦਰਿਆ ਪਾਰ ਖੇਤਾਂ ਵਿਚ ਨਾ ਜਾਣ। ਉਨ੍ਹਾਂ ਕਿਹਾ ਕਿ ਜਦੋਂ ਵੀ ਇਸ ਹਲਕੇ ਦੇ ਦਰਿਆ ਵਿਚ 1 ਲੱਖ ਕਿਊਸਿਕ ਤੋਂ ਜ਼ਿਆਦਾ ਪਾਣੀ ਹੋ ਜਾਂਦਾ ਹੈ ਤਾਂ ਉਹ ਫ਼ਸਲਾਂ ਨੂੰ ਕਾਫੀ ਖ਼ਰਾਬ ਕਰਦਾ ਹੈ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਸੁਚੇਤ ਕਰਨ ਤੇ ਹਰ ਸੰਭਵ ਸਹਾਇਤਾ ਲੋਕਾਂ ਨੂੰ ਮੁਹਈਆ ਕਰਵਾਈ ਜਾਵੇ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਐੱਸ. ਡੀ. ਓ. ਸੰਦੀਪ ਗਰੇਵਰ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਪ੍ਰਧਾਨ ਹਰਪਾਲ ਸਿੰਘ ਸਿੱਧੀ, ਪ੍ਰਧਾਨ ਅਮਿਤ ਔਲ, ਇੰਸਪੈਕਟਰ ਹਰਚੰਦ ਸਿੰਘ ਸੰਧੂ, ਸਾਬਕਾ ਸਰਪੰਚ ਪਿ?ਥੀਪਾਲ ਸਿੰਘ ਘੋਹਨੇਵਾਲਾ, ਸਰਪੰਚ ਪੰਜਾਬ ਸਿੰਘ ਪਛੀਆ, ਸਾਬਕਾ ਸਰਪੰਚ ਕਾਬਲ ਸਿੰਘ ਪਛੀਆ, ਬਲਬੀਰ ਸਿੰਘ ਘੋਹਨੇਵਾਲਾ, ਸਰਪੰਚ ਸੰਤੋਖ ਸਿੰਘ ਜੌਹਲ ਤੇ ਸਰਪੰਚ ਗੁਰਦਿਆਲ ਸਿੰਘ ਜੱਟਾ ਆਦਿ ਹਾਜ਼ਰ ਸਨ ।

## ਜ਼ਿਲ੍ਹਾ ਤਰਨ ਤਾਰਨ ਤੇ ਸੁਲਤਾਨਪੁਰ ਲੋਧੀ ਦਾ ਹਜ਼ਾਰਾਂ ਏਕੜ ਵਾਹੀਯੋਗ ਰਕਬਾ ਪਾਣੀ ਦੀ ਮਾਰ ਹੇਠ

ਚੋਹਲਾ ਸਾਹਿਬ : ਪਿਛਲੇ ਕਈ ਦਿਨਾਂ ਤੋਂ ਪਹਾੜੀ ਖੇਤਰ ਵਿਚ ਹੋ ਰਹੀ ਲਗਾਤਾਰ ਬਾਰਿਸ਼ ਤੇ ਪੌਂਗ ਡੈਮ ਤੋਂ ਛੱਡੇ ਗਏ ਵਾਧੂ ਪਾਣੀ ਕਰਕੇ ਜ਼ਿਲ੍ਹਾ ਤਰਨ ਤਾਰਨ ਤੇ ਜ਼ਿਲ੍ਹਾ ਕਪੂਰਥਲਾ ਦੇ ਦਰਜਨਾਂ ਦਾ ਵਾਹੀਯੋਗ ਰਕਬਾ ਤੇ ਰਿਹਾਇਸ਼ੀ ਇਲਾਕਾ ਪਾਣੀ ਦੀ ਲਪੇਟ ਵਿਚ ਆ ਜਾਣ ਕਾਰਨ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। ਸੁਲਤਾਨਪੁਰ ਲੋਧੀ ਇਲਾਕੇ ਦੇ ਪਿੰਡ ਬਾਊਪੁਰ ਜਦੀਦ ਨਜ਼ਦੀਕ ਆਰਜ਼ੀ ਬੰਨ੍ਹ ਟੁੱਟਣ ਕਰਕੇ ਇਸ ਇਲਾਕੇ ਦੇ ਦਰਜਨਾਂ ਪਿੰਡ ਜਿਨ੍ਹਾਂ ਵਿਚ ਬਾਊਪੁਰ ਜਦੀਦ ਸਮੇਤ ਆਹਲੀ ਕਲਾ, ਚੱਕ ਪੱਤੀ ਬਾਲੂ ਬਹਾਦਰ, ਕਿਸ਼ਨਪੁਰ ਕਬੀਰਪੁਰ, ਲੋਧੀ ਵਾਲਾ, ਬਾਊਪੁਰ ਮੰਡ, ਰਾਮਪੁਰ ਗੌਰਾ, ਭੈਣੀ ਕਾਦਰ ਬਖ਼ਸ਼, ਭੈਣੀ ਬਹਾਦਰ, ਮੁਹੰਮਦਾਬਾਦ ਆਦਿ ਪਿੰਡਾਂ ਦੀਆਂ ਫਸਲਾਂ ਬਰਬਾਦ ਹੋਣ ਦੇ ਨਾਲ-ਨਾਲ ਲੋਕਾਂ ਦੇ ਘਰਾਂ ਤੱਕ ਪਾਣੀ ਪਹੁੰਚ ਚੁੱਕਾ ਹੈ, ਜੇਕਰ ਜ਼ਿਲ੍ਹਾ ਤਰਨ ਤਾਰਨ ਦੀ ਗੱਲ ਕੀਤੀ ਜਾਵੇ ਤਾਂ ਸ੍ਰੀ ਗੋਇੰਦਵਾਲ ਸਾਹਿਬ ਤੋਂ ਲੈ ਕੇ ਹਰੀਕੇ ਪੱਤਣ ਤੱਕ ਦਰਜਨਾਂ ਪਿੰਡਾਂ ਦੇ ਮੰਡ ਖੇਤਰ ਦੀ ਜ਼ਮੀਨ ਵੱਖ-ਵੱਖ ਥਾਵਾਂ ਤੋਂ ਆਰਜ਼ੀ ਬੰਨ ਟੁੱਟਣ ਕਾਰਨ ਪਾਣੀ ਦੀ ਲਪੇਟ ਵਿਚ ਆ ਗਈ ਹੈ। ਇਨ੍ਹਾਂ ਖੇਤਾਂ ਵਿਚ ਸਰਕਾਰੀ ਅਧਿਕਾਰੀਆਂ ਵਲੋਂ ਕੋਈ ਵਿਸ਼ੇਸ਼ ਧਿਆਨ ਨਾ ਦਿੱਤੇ ਜਾਣ ਕਰਕੇ ਲੋਕਾਂ ਵਿਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ ਲਗਾਏ ਜਾ ਰਹੇ ਹਨ, ਉਥੇ ਸੰਪਰਦਾਇ ਕਾਰ ਸੇਵਾ ਸਰਹਾਲੀ ਵਲੋਂ ਸੰਪਰਦਾਇ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਦੀ ਰਹਿਨੁਮਾਈ ਹੇਠ ਲਗਾਤਾਰ ਰਾਹਤ ਕਾਰਜ ਕੀਤੇ ਜਾ ਰਹੇ ਹਨ। ਵਰਨਣਯੋਗ ਹੈ ਕਿ 2023 ਵਿਚ ਵੀ ਜਦੋਂ ਪੂਰੇ ਪੰਜਾਬ ਵਿਚ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਸਨ ਤਾਂ ਇਸ ਸੰਪਰਦਾਇ ਵਲੋਂ ਉਦੋਂ ਵੀ ਮੋਹਰੀ ਭੂਮਿਕਾ ਨਿਭਾਅ ਕੇ ਰਾਹਤ ਕਾਰਜ ਕੀਤੇ ਸਨ। ਇਲਾਕਾ ਸੁਲਤਾਨਪੁਰ ਲੋਧੀ ਦੇ ਪਿੰਡ ਬਾਊਪੁਰ ਨਜ਼ਦੀਕ ਪਿਛਲੇ ਦਿਨੀ ਆਰਜ਼ੀ ਬੰਨ ਟੁੱਟ ਜਾਣ ਤੋਂ ਬਾਅਦ ਦਰਜਨਾਂ ਪਿੰਡ ਪਾਣੀ ਦੀ ਲਪੇਟ ਵਿਚ ਆ ਗਏ ਹਨ, ਜਿੱਥੇ ਸੰਪਰਦਾਇ ਕਾਰ ਸੇਵਾ ਸਰਹਾਲੀ ਦੀ ਸੇਵਾਦਾਰਾਂ ਵਲੋਂ ਕਈ ਦਿਨਾਂ ਤੋਂ ਨਿਰੰਤਰ ਰਾਹਤ ਕਾਰਜ ਕਰਦਿਆਂ ਹੋਇਆ ਅਗਨ ਬੋਟ ਤੇ ਹੋਰ ਕਿਸ਼ਤੀਆਂ ਦੀ ਸਹਾਇਤਾ ਨਾਲ ਪ੍ਰਭਾਵਿਤ ਲੋਕਾਂ ਨੂੰ ਰੈਸਕਿਊ ਕਰਕੇ ਸੁਰੱਖਿਆਤ ਥਾਵਾਂ ਵੱਲ ਪਹੁੰਚਾਇਆ ਜਾ ਰਿਹਾ ਹੈ, ਨਾਲ ਦੇ ਨਾਲ ਵੱਖ-ਵੱਖ ਟੀਮਾਂ ਦੇ ਰੂਪ ਵਿਚ ਮਾਲ ਡੰਗਰ ਦੀ ਸਹਾਇਤਾ ਲਈ ਹਰੇ ਚਾਰੇ ਸਮੇਤ ਸੁੱਕੀ ਫੀਡ ਲੋਕਾਂ ਦੇ ਡੇਰਿਆਂ ਤੱਕ ਪਹੁੰਚਾਈ ਜਾ ਰਹੀ ਹੈ। ਲੋਕਾਂ ਦੀ ਸਹਾਇਤਾ ਲਈ ਲੰਗਰ ਸੇਵਾਵਾਂ ਦਿਨ ਰਾਤ ਚਲਾਈਆਂ ਜਾ ਰਹੀਆਂ ਹਨ, ਇਸਦੇ ਨਾਲ-ਨਾਲ ਸੰਗਤ ਦੇ ਸਹਿਯੋਗ ਨਾਲ ਟੁੱਟੇ ਹੋਏ ਆਰਜ਼ੀ ਬੰਨ੍ਹ ਨੂੰ ਬੰਨਣ ਲਈ ਪਹਿਲਾਂ ਹੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜ਼ਿਲ੍ਹਾ ਤਰਨ ਤਰਨ ਨਾਲ ਸੰਬੰਧਿਤ ਮੰਡ ਖੇਤਰ ਵਿਚ ਵੀ ਵੱਖ-ਵੱਖ ਆਰਜ਼ੀ ਬੰਨ੍ਹ ਟੁੱਟਣ ਕਰਕੇ ਲੋਕਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਪਾਣੀ ਦੀ ਲਪੇਟ ਵਿਚ ਆ ਗਈਆਂ ਹਨ। ਇਸ ਬਿਪਤਾ ਦੀ ਘੜੀ ਵਿਚ ਸੰਪਰਦਾਇ ਕਾਰ ਸੇਵਾ ਸਰਹਾਲੀ ਵਲੋਂ ਪੀੜਤ ਲੋਕਾਂ ਦੀ ਸਹਾਇਤਾ ਲਈ ਮੋਢੇ ਨਾਲ ਮੋਢਾ ਜੋੜ ਕੇ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹਾ ਤਰਨ ਤਰਨ ਦੇ ਪਿੰਡ ਸਭਰਾ ਨਜ਼ਦੀਕ ਆਰਜ਼ੀ ਬੰਨ੍ਹ ਨੂੰ ਲੱਗ ਰਹੀ ਢਾਅ ਨੂੰ ਰੋਕਣ ਲਈ ਵੀ ਸੰਪਰਦਾਇ ਵਲੋਂ ਪਿਛਲੇ ਕਈ ਦਿਨਾਂ ਤੋਂ ਦਿਨ ਰਾਤ ਨਿਰੰਤਰ ਸੇਵਾਵਾਂ ਜਾਰੀ ਹਨ, ਇੱਥੇ ਇਲਾਕੇ ਵਿਚੋਂ ਸੰਗਤਾਂ ਵੱਡੀ ਗਿਣਤੀ ਵਿਚ ਸੰਤ ਬਾਬਾ ਸੁੱਖਾ ਸਿੰਘ ਦੀ ਅਗਵਾਈ ਹੇਠ ਦਿਨ ਰਾਤ ਸੇਵਾਵਾਂ ਨਿਭਾਅ ਰਹੀਆਂ ਹਨ।



## ਜਲੰਧਰ 'ਚ ਭਾਰੀ ਮੀਂਹ ਕਾਰਨ ਜਲ-ਥਲ, ਪਾਣੀ ਨਾਲ ਭਰੀ ਸੜਕ ਤੋਂ ਲੰਘਣ ਲਈ ਮਜਬੂਰ ਹੋਏ ਸਕੂਲੀ ਵਿਦਿਆਰਥੀ



ਜਲੰਧਰ : ਬੀਤੇ ਦਿਨ ਹੋਈ ਭਾਰੀ ਬਾਰਿਸ਼ ਤੋਂ ਬਾਅਦ ਜਲੰਧਰ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ, ਜਿਸ ਕਾਰਨ ਆਮ ਜਨਜੀਵਨ ਪ੍ਰਭਾਵਿਤ ਹੋਇਆ। ਇਸ ਦੌਰਾਨ, ਸਕੂਲੋਂ ਛੁੱਟੀ ਹੋਣ 'ਤੇ ਵਿਦਿਆਰਥੀਆਂ ਨੂੰ ਪਾਣੀ ਨਾਲ ਭਰੀ ਸੜਕ ਤੋਂ ਲੰਘਣ ਲਈ ਮਜਬੂਰ ਹੋਣਾ ਪਿਆ। ਤਸਵੀਰਾਂ ਵਿੱਚ ਬੱਚੇ ਗੋਡਿਆਂ ਤੱਕ ਪਾਣੀ ਵਿੱਚੋਂ ਲੰਘ ਕੇ ਆਪਣੇ ਘਰਾਂ ਵੱਲ ਜਾਂਦੇ ਦੇਖੇ ਗਏ, ਜਿਸ ਨਾਲ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

## ਬਦਰਪੁਰ ਵਿੱਚ ਯਮੁਨਾ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਖੇਤ ਅਤੇ ਘਰ ਹੜ੍ਹ ਦੇ ਪਾਣੀ ਨਾਲ ਭਰੇ



ਗਾਜ਼ੀਆਬਾਦ : ਬੀਤੇ ਦਿਨੀਂ ਗਾਜ਼ੀਆਬਾਦ ਦੇ ਬਦਰਪੁਰ ਵਿੱਚ ਯਮੁਨਾ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਖੇਤ ਅਤੇ ਘਰ ਹੜ੍ਹ ਦੇ ਪਾਣੀ ਨਾਲ ਭਰ ਗਏ ਹਨ।

## ਕਾਨਪੁਰ 'ਚ ਗੰਗਾ ਨਦੀ ਦੇ ਪਾਣੀ ਕਾਰਨ ਘਰਾਂ ਵਿੱਚ ਪਾਣੀ ਭਰ ਜਾਣ ਕਾਰਨ ਵਸਨੀਕ ਸੁਰੱਖਿਅਤ ਥਾਵਾਂ 'ਤੇ ਚਲੇ ਗਏ



ਕਾਨਪੁਰ : ਮਾਨਸੂਨ ਦੇ ਮੌਸਮ ਦੌਰਾਨ ਗੰਗਾ ਨਦੀ ਦੇ ਪਾਣੀ ਦੇ ਪੱਧਰ ਵਿੱਚ ਵਾਧੇ ਕਾਰਨ ਘਰਾਂ ਵਿੱਚ ਪਾਣੀ ਭਰ ਜਾਣ ਕਾਰਨ ਲੋਕ ਆਪਣੇ ਸਮਾਨ ਸਮੇਤ ਹੋਰ ਥਾਵਾਂ 'ਤੇ ਜਾਣ ਲੱਗ ਪਏ।

## ਮੁੱਖ ਮੰਤਰੀ ਸੁੱਖੂ ਅਤੇ ਹੋਰਨਾਂ ਨੇ ਸਦਭਾਵਨਾ ਦਿਵਸ ਦੀ ਸਹੁੰ ਚੁੱਕੀ



ਸ਼ਿਮਲਾ : ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਬੁੱਧਵਾਰ ਨੂੰ ਸ਼ਿਮਲਾ ਦੇ ਸਦਭਾਵਨਾ ਚੌਂਕ ਵਿਖੇ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ, ਜਿਸ ਨੂੰ 'ਸਦਭਾਵਨਾ ਦਿਵਸ' ਵਜੋਂ ਮਨਾਇਆ ਜਾਂਦਾ ਹੈ, ਮੁੱਖ ਮੰਤਰੀ ਸੁੱਖੂ ਅਤੇ ਉੱਥੇ ਮੌਜੂਦ ਹੋਰਨਾਂ ਅਧਿਕਾਰੀਆਂ ਅਤੇ ਆਗੂਆਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਲਈ ਪ੍ਰਣ ਲਿਆ।

## ਉਪ-ਰਾਸ਼ਟਰਪਤੀ ਚੋਣ : ਐਨ.ਡੀ.ਏ. ਉਮੀਦਵਾਰ ਰਾਧਾਕ੍ਰਿਸ਼ਨਨ ਵਲੋਂ ਨਾਮਜ਼ਦਗੀ ਦਾਖ਼ਲ



ਨਵੀਂ ਦਿੱਲੀ : ਉਪ ਰਾਸ਼ਟਰਪਤੀ ਅਹੁਦੇ ਲਈ ਰਾਸ਼ਟਰੀ ਜਨਤਾਂਤਰਿਕ ਗੱਠਜੋੜ (ਐਨ.ਡੀ.ਏ.) ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਨਨ ਨੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਮੌਜੂਦ ਰਹੇ ਅਤੇ ਉਹ ਉਨ੍ਹਾਂ ਦੇ ਪਹਿਲੇ ਪ੍ਰਸਤਾਵਕ ਬਣੇ। ਰਿਟਰਨਿੰਗ ਅਧਿਕਾਰੀ ਨੂੰ ਨਾਮਜ਼ਦਗੀ ਪੱਤਰਾਂ ਦੇ 4 ਸੈੱਟ ਜਮ੍ਹਾਂ ਕਰਵਾਏ ਹਨ। ਨਾਮਜ਼ਦਗੀ ਪੱਤਰਾਂ ਦੇ ਇਨ੍ਹਾਂ ਚਾਰ ਸੈੱਟਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਜੇ.ਡੀ.ਯੂ. ਨੇਤਾ ਰਾਜੀਵ ਰੰਜਨ ਸਿੰਘ ਮੁੱਖ ਪ੍ਰਸਤਾਵ ਹਨ। ਇਸ ਦੌਰਾਨ ਭਾਜਪਾ ਅਤੇ ਐਨ.ਡੀ.ਏ. ਦੇ ਕਈ ਸੀਨੀਅਰ ਆਗੂ ਵੀ ਸੰਸਦ ਭਵਨ ਪੁੱਜੇ ਅਤੇ ਰਾਧਾਕ੍ਰਿਸ਼ਨਨ ਦੇ ਨਾਲ ਮੌਜੂਦ ਰਹੇ। ਇਸ ਦੌਰਾਨ ਇਕਜੁੱਟਤਾ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਸੀ.ਪੀ. ਰਾਧਾਕ੍ਰਿਸ਼ਨਨ ਦੇ ਨਾਮਜ਼ਦਗੀ ਪਰਚਾ ਦਾਖਲ ਕਰਾਉਣ ਸਮੇਂ ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇ.ਪੀ. ਨੱਢਾ, ਕੇਂਦਰੀ ਮੰਤਰੀ ਨਿਤਿਨ ਗਡਕਰੀ, ਕੇਂਦਰੀ ਮੰਤਰੀ ਕਿਰਨ ਰਿਜਿਜੂ, ਕੇਂਦਰੀ ਮੰਤਰੀ ਜੀਤਨ ਰਾਮ ਮਾਂਝੀ ਦੇ ਨਾਲ-ਨਾਲ ਭਾਜਪਾ ਅਤੇ ਐਨ.ਡੀ.ਏ. ਦੇ ਕਈ ਨੇਤਾ ਉਨ੍ਹਾਂ ਨਾਲ ਮੌਜੂਦ ਸਨ। ਦੱਸਣਯੋਗ ਹੈ ਕਿ ਤਾਮਿਲਨਾਡੂ ਵਿਚ ਜਨਮੇ ਸੀ.ਪੀ. ਰਾਧਾਕ੍ਰਿਸ਼ਨਨ ਓ.ਬੀ.ਸੀ. ਭਾਈਚਾਰੇ ਨਾਲ ਸੰਬੰਧਿਤ ਹਨ। ਉਹ ਤਾਮਿਲਨਾਡੂ ਤੋਂ ਉਪ ਰਾਸ਼ਟਰਪਤੀ ਬਣਨ ਵਾਲੇ ਤੀਜੇ ਨੇਤਾ ਹੋਣਗੇ। ਉਹ 1998 ਵਿਚ ਪਹਿਲੀ ਵਾਰ ਸੰਸਦ ਮੈਂਬਰ ਚੁਣੇ ਗਏ ਸਨ ਅਤੇ 2023 ਵਿਚ ਝਾਰਖੰਡ ਦੇ ਰਾਜਪਾਲ ਬਣੇ ਸਨ। 67 ਸਾਲਾ ਸੀ.ਪੀ. ਰਾਧਾਕ੍ਰਿਸ਼ਨਨ ਇਸ ਸਮੇਂ ਮਹਾਰਾਸ਼ਟਰ ਦੇ ਰਾਜਪਾਲ ਹਨ। ਝਾਰਖੰਡ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ, ਰਾਧਾਕ੍ਰਿਸ਼ਨਨ ਨੇ ਤੇਲੰਗਾਨਾ ਦੇ ਰਾਜਪਾਲ ਅਤੇ ਪੁਡੂਚੇਰੀ ਦੇ ਉਪ ਰਾਜਪਾਲ ਦਾ ਵਾਧੂ ਚਾਰਜ ਵੀ ਸੰਭਾਲਿਆ। ਸੀ.ਪੀ. ਰਾਧਾਕ੍ਰਿਸ਼ਨਨ ਕੋਲ ਵਪਾਰ ਪ੍ਰਸ਼ਾਸਨ ਵਿਚ ਬੈਚਲਰ ਦੀ ਡਿਗਰੀ ਹੈ।

## ਬੀ. ਸੁਦਰਸ਼ਨ ਰੈਡੀ ਨੇ ਉਪ ਰਾਸ਼ਟਰਪਤੀ ਚੋਣ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ



ਨਵੀਂ ਦਿੱਲੀ : ਬੀ ਸੁਦਰਸ਼ਨ ਰੈੱਡੀ ਨੂੰ ਕਾਂਗਰਸ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੇ ਉਪ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦ ਕੀਤਾ ਹੈ। ਅੱਜ ਉਨ੍ਹਾਂ ਨੇ ਆਪਣੀ ਨਾਮਜ਼ਦਗੀ ਦਾਖਲ ਕੀਤੀ ਹੈ। ਇਸ ਦੌਰਾਨ ਕਾਂਗਰਸ ਦੇ ਕਈ ਵੱਡੇ ਨੇਤਾ ਉਨ੍ਹਾਂ ਨਾਲ ਮੌਜੂਦ ਸਨ। ਅੱਜ ਨਾਮਜ਼ਦਗੀ ਦਾ ਆਖਰੀ ਦਿਨ ਹੈ, ਇਸ ਤੋਂ ਪਹਿਲਾਂ ਸੀਪੀ ਰਾਧਾਕ੍ਰਿਸ਼ਨਨ ਨੇ ਐਨਡੀਏ ਵੱਲੋਂ ਆਪਣੀ ਨਾਮਜ਼ਦਗੀ ਦਾਖਲ ਕੀਤੀ ਹੈ। ਉਪ ਰਾਸ਼ਟਰਪਤੀ ਅਹੁਦੇ ਲਈ ਚੋਣਾਂ 9 ਸਤੰਬਰ ਨੂੰ ਹੋਣੀਆਂ ਹਨ।

ਸੁਦਰਸ਼ਨ ਰੈੱਡੀ ਦੇ ਨਾਮਜ਼ਦਗੀ ਪੱਤਰਾਂ 'ਤੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ, ਡੀਐਮਕੇ ਸੰਸਦ ਮੈਂਬਰ ਤਿਰੂਚੀ ਸਿਵਾ ਅਤੇ ਸਪਾ ਸੰਸਦ ਮੈਂਬਰ ਰਾਮਗੋਪਾਲ ਯਾਦਵ ਸਮੇਤ ਲਗਭਗ 80 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਭਾਰਤ ਗਠਜੋੜ ਦੇ ਉਮੀਦਵਾਰ ਬੀ ਸੁਦਰਸ਼ਨ ਰੈੱਡੀ ਦੀ ਨਾਮਜ਼ਦਗੀ ਮੌਕੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਸ਼ਰਦ ਪਵਾਰ, ਪ੍ਰਿਅੰਕਾ ਗਾਂਧੀ, ਜੈਰਾਮ ਰਮੇਸ਼ ਅਤੇ ਹੋਰ ਕਈ ਵੱਡੇ ਕਾਂਗਰਸੀ ਆਗੂ ਮੌਜੂਦ ਸਨ। ਆਪਣੀ ਨਾਮਜ਼ਦਗੀ ਦਾਖਲ ਕਰਨ ਤੋਂ ਪਹਿਲਾਂ, ਇੰਡੀਆ ਅਲਾਇੰਸ ਦੇ ਉਪ-ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ, ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ ਸੁਦਰਸ਼ਨ ਰੈਡੀ ਨੇ ਕਿਹਾ, "ਨੰਬਰ ਮਾਇਨੇ ਰੱਖਦੇ ਹਨਬੇਸ਼ੱਕ, ਮੈਂ ਉਮੀਦ ਕਰਦਾ ਹਾਂ। ਕਿਉਂਕਿ ਮੈਂ ਕਿਸੇ ਰਾਜਨੀਤਿਕ ਪਾਰਟੀ ਤੋਂ ਨਹੀਂ ਹਾਂ, ਮੈਨੂੰ ਵਿਸ਼ਵਾਸ ਹੈ ਕਿ ਹਰ ਕੋਈ ਮੇਰਾ ਸਮਰਥਨ ਕਰੇਗਾ। ਮੈਂ ਕੱਲ੍ਹ ਇਹ ਸਪੱਸ਼ਟ ਕਰ ਦਿੱਤਾ ਸੀ। ਇਹ ਵਿਚਾਰਧਾਰਾ ਦੀ ਲੜਾਈ ਹੈ।

## ਸੀ.ਪੀ. ਰਾਧਾਕ੍ਰਿਸ਼ਨਨ ਨੇ ਉਪ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਡਾ. ਬੀ.ਆਰ. ਅੰਬੇਡਕਰ ਨੂੰ ਫੁੱਲ ਕੀਤੇ ਭੇਟ

ਨਵੀਂ ਦਿੱਲੀ : ਉਪ ਰਾਸ਼ਟਰਪਤੀ ਅਹੁਦੇ ਲਈ ਐਨਡੀਏ ਉਮੀਦਵਾਰ, ਸੀ.ਪੀ. ਰਾਧਾਕ੍ਰਿਸ਼ਨਨ, ਬੁੱਧਵਾਰ ਨੂੰ ਨਵੀਂ ਦਿੱਲੀ ਦੇ ਸੰਸਦ ਕੰਪਲੈਕਸ ਵਿਖੇ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਡਾ. ਬੀ.ਆਰ. ਅੰਬੇਡਕਰ ਨੂੰ ਫੁੱਲਾਂ ਦੀ ਭੇਟ ਚੜ੍ਹਾਉਣ ਤੋਂ ਬਾਅਦ ਕੇਂਦਰੀ ਮੰਤਰੀਆਂ, ਕਿਰੇਨ ਰਿਜੀਜੂ, ਧਰਮਿੰਦਰ ਪ੍ਰਧਾਨ, ਕਿੰਜਰਾਪੂ ਰਾਮ ਮੋਹਨ ਨਾਇਡੂ, ਪ੍ਰਹਿਲਾਦ ਜੋਸ਼ੀ, ਅਰਜੁਨ ਰਾਮ ਮੇਘਵਾਲ ਅਤੇ ਹੋਰਾਂ ਨਾਲ ਤਸਵੀਰ ਖਿਚਵਾਉਂਦੇ ਹੋਏ।



# ਸਿੱਖ ਗੁਰਦੁਆਰਾ ਸੈਨ ਹੋਜ਼ੇ

SIKH GURDWARA - SAN JOSE

### 7ਵੀਂ ਸਾਲਾਨਾ ਸਮਾਗਮ

## ਭਾਈ ਇੰਦਰਜੀਤ ਸਿੰਘ ਖਾਲਸਾ ਦੀ ਯਾਦ ਵਿੱਚ

# 31 ਰਾਗ ਕੀਰਤਨ ਦਰਬਾਰ

**29 ਤੋਂ 31 ਅਗਸਤ 2025**

**ਪਹੁੰਚ ਰਹੀਆਂ ਉਘੀਆਂ ਸ਼ਖਸੀਅਤਾਂ**



ਡਾ. ਗੁਰਨਾਮ ਸਿੰਘ
ਬੀਬੀ ਗੁਨੀਤ ਕੌਰ

ਭਾਈ ਹਰਬਲਜੀਤ ਸਿੰਘ
ਭਾਈ ਬਲਜੀਤ ਸਿੰਘ ਸੁਰਭੀ

ਭਾਈ ਸਿਮਰਨਜੀਤ ਸਿੰਘ
ਡਾ. ਮਨਪ੍ਰੀਤ ਸਿੰਘ

ਪ੍ਰੋ. ਦਲਬੀਰ ਸਿੰਘ
ਭਾਈ ਤਾਜਵਿੰਦਰ ਸਿੰਘ

# ਸ੍ਰ. ਸੁਰਜੀਤ ਸਿੰਘ ਕੰਵਲ ਦਾ 'ਘੱਟ ਗਿਣਤੀ ਦੇ ਮਹਾਨ ਪੁਰਸਕਾਰ' ਨਾਲ ਸਨਮਾਨ



ਨਨਕਾਣਾ ਸਾਹਿਬ ਦੇ ਪ੍ਰਸਿੱਧ ਸਿੱਖ ਆਗੂ ਅਤੇ ਪਾਕਿਸਤਾਨ ਵਿੱਚ ਸਿੱਖ ਸੇਵਾ ਸੁਸਾਇਟੀ ਦੇ ਚੇਅਰਮੈਨ, ਸਰਦਾਰ ਸੁਰਜੀਤ ਸਿੰਘ ਕੰਵਲ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਦੀਆਂ ਸ਼ਾਨਦਾਰ ਸਮਾਜਿਕ ਸੇਵਾਵਾਂ, ਘੱਟ ਗਿਣਤੀ ਅਧਿਕਾਰਾਂ ਨੂੰ ਹਲ ਕਰਨ, ਅੰਤਰ-ਧਰਮ ਸਦਭਾਵਨਾ ਅਤੇ ਭਲਾਈ ਗਤੀਵਿਧੀਆਂ ਵਿੱਚ ਪ੍ਰਮੁੱਖ ਭੂਮਿਕਾ ਦੇ ਸਨਮਾਨ ਵਿੱਚ 'ਘੱਟ ਗਿਣਤੀ ਦੇ ਮਹਾਨ ਪੁਰਸਕਾਰ' ਨਾਲ ਸਨਮਾਨਿਤ ਕੀਤਾ, ਸੁਰਜੀਤ ਸਿੰਘ ਕੰਵਲ (Surjeet Singh Kanwal) ਤੋਂ ਵੱਖ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਘੱਟ ਗਿਣਤੀਆਂ ਲਈ ਸ਼ਾਨਦਾਰ ਕੰਮ ਕਰਨ ਵਾਲਿਆਂ ਜਿਨ੍ਹਾਂ ਵਿੱਚੋਂ ਵਿੱਚੋ ਇੱਕ ਹਨ।

# ਗੰਭੀਰ ਅਪਰਾਧਾਂ ਲਈ 30 ਦਿਨਾਂ ਦੀ ਹਿਰਾਸਤ 'ਚ ਰਹੇ ਤਾਂ ਪ੍ਰਧਾਨ ਮੰਤਰੀ, ਮੁੱਖ ਮੰਤਰੀ ਤੇ ਮੰਤਰੀਆਂ ਦੀ ਹੋਵੇਗੀ ਛੁੱਟੀ

## ਭਾਰੀ ਹੰਗਾਮੇ ਦਰਮਿਆਨ ਅਮਿਤ ਸ਼ਾਹ ਵਲੋਂ ਬਿੱਲ ਲੋਕ ਸਭਾ 'ਚ ਪੇਸ਼

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਲੋਕ ਸਭਾ 'ਚ ਗੰਭੀਰ ਅਪਰਾਧਿਕ ਦੋਸ਼ਾਂ ਤਹਿਤ ਗ੍ਰਿਫ਼ਤਾਰ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਹਟਾਉਣ ਲਈ ਤਿੰਨ ਬਿੱਲ ਪੇਸ਼ ਕੀਤੇ ਗਏ। ਅਮਿਤ ਸ਼ਾਹ ਵਲੋਂ ਲੋਕ ਸਭਾ 'ਚ ਪੇਸ਼ ਕੀਤੇ 130ਵੇਂ ਸੋਧ ਬਿੱਲ, 2025 ਦਾ ਮਕਸਦ ਸੰਵਿਧਾਨ ਦੀ ਧਾਰਾ 75 'ਚ ਸੋਧ ਕਰਨਾ ਹੈ, ਜਿਸ 'ਚ ਪ੍ਰਧਾਨ ਮੰਤਰੀ ਦੇ ਨਾਲ ਮੁੱਖ ਮੰਤਰੀਆਂ ਅਤੇ ਮੰਤਰੀਆਂ ਦੀ ਨਿਯੁਕਤੀ ਅਤੇ ਜ਼ਿੰਮੇਵਾਰੀ ਤੈਅ ਕਰਨ ਦੀ ਗੱਲ ਹੈ। ਇਸ ਬਿੱਲ 'ਚ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਸਮੇਤ ਕੇਂਦਰ ਤੇ ਰਾਜ ਦੇ ਉਨ੍ਹਾਂ ਮੰਤਰੀਆਂ ਨੂੰ ਹਟਾਉਣ ਦਾ ਪ੍ਰਬੰਧ ਹੈ, ਜੋ ਭ੍ਰਿਸ਼ਟਾਚਾਰ ਜਾਂ ਗੰਭੀਰ ਅਪਰਾਧ ਦੇ ਮਾਮਲੇ 'ਚ ਘੱਟ ਤੋਂ ਘੱਟ 30 ਦਿਨਾਂ ਲਈ ਹਿਰਾਸਤ 'ਚ ਜਾਂ ਗ੍ਰਿਫ਼ਤਾਰ ਕੀਤੇ ਗਏ ਹੋਣ ਅਤੇ ਜੇਕਰ ਲਗਾਤਾਰ 30 ਦਿਨਾਂ ਲਈ ਹਿਰਾਸਤ ਜਾਂ ਗ੍ਰਿਫ਼ਤਾਰ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ 31ਵੇਂ ਦਿਨ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਖਰੜਾ ਬਿੱਲ ਦੇ ਅਨੁਸਾਰ ਜੇਕਰ ਕਿਸੇ ਮੰਤਰੀ ਨੂੰ ਅਹੁਦੇ 'ਤੇ ਰਹਿੰਦੇ ਹੋਏ ਲਗਾਤਾਰ 30 ਦਿਨ ਲਈ ਕਿਸੇ ਕਾਨੂੰਨ ਦੇ ਤਹਿਤ ਅਪਰਾਧ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਜਾਂ ਹਿਰਾਸਤ 'ਚ ਲਿਆ ਜਾਂਦਾ ਹੈ, ਜਿਸ 'ਚ 5 ਸਾਲ ਜਾਂ ਉਸ ਤੋਂ ਵੱਧ ਦੀ ਸਜ਼ਾ ਦਾ ਪ੍ਰਬੰਧ ਹੈ। ਉਸ ਨੂੰ ਰਾਸ਼ਟਰਪਤੀ ਵਲੋਂ ਪ੍ਰਧਾਨ ਮੰਤਰੀ ਦੇ ਸਲਾਹ 'ਤੇ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਅਜਿਹਾ ਹਿਰਾਸਤ 'ਚ ਲਏ ਜਾਣ ਦੇ 31ਵੇਂ ਦਿਨ ਹੋ ਜਾਣਾ ਚਾਹੀਦਾ ਹੈ।

ਬਿੱਲ ਦਾ ਵਿਰੋਧੀ ਧਿਰ ਵਲੋਂ ਤਿੱਖਾ ਵਿਰੋਧ ਕੀਤਾ ਗਿਆ, ਜਿਸ ਉਪਰੰਤ ਸਰਕਾਰ ਵਲੋਂ ਖਰੜਾ ਬਿੱਲ ਨੂੰ ਘੋਖ ਲਈ ਸੰਸਦ ਦੀ ਸਾਂਝੀ



ਕਮੇਟੀ ਨੂੰ ਭੇਜ ਦਿੱਤਾ ਗਿਆ। ਕਮੇਟੀ ਨੂੰ ਅਗਲੇ ਇਜਲਾਸ ਦੇ ਪਹਿਲੇ ਹਫ਼ਤੇ ਦੇ ਆਖਰੀ ਦਿਨ ਤੱਕ ਸਦਨ 'ਚ ਆਪਣੀ ਰਿਪੋਰਟ ਪੇਸ਼ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਸੰਸਦ ਦਾ ਅਗਲਾ ਇਜਲਾਸ (ਸਰਦੀਆਂ ਦਾ ਇਜਲਾਸ) ਨਵੰਬਰ ਦੇ ਤੀਜੇ ਹਫ਼ਤੇ ਬੁਲਾਏ ਜਾਣ ਦੀ ਸੰਭਾਵਨਾ ਹੈ। ਜਿਵੇਂ ਹੀ ਬਿੱਲ ਪੇਸ਼ ਕੀਤੇ ਗਏ, ਵਿਰੋਧੀ ਧਿਰ ਦੇ ਮੈਂਬਰਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਨਾਅਰੇਬਾਜ਼ੀ ਕਰਦਿਆਂ ਕੁਝ ਮੈਂਬਰਾਂ ਨੇ ਸ਼ਾਹ ਦੇ ਸਾਹਮਣੇ ਬਿੱਲਾਂ ਦੀਆਂ ਕਾਪੀਆਂ ਪਾੜ ਦਿੱਤੀਆਂ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ, ਜਿਨ੍ਹਾਂ 'ਚ ਏ.ਆਈ.ਐੱਮ.ਆਈ.ਐੱਮ. ਦੇ ਅਸਦੁਦੀਨ ਓਵੈਸੀ ਅਤੇ ਕਾਂਗਰਸ ਦੇ ਮਨੀਸ਼ ਤਿਵਾੜੀ ਤੇ ਕੇ.ਸੀ. ਵੇਣੂਗੋਪਾਲ ਸ਼ਾਮਿਲ ਸਨ, ਨੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ, ਪ੍ਰਸਤਾਵਿਤ ਕਾਨੂੰਨ ਨੂੰ ਸੰਵਿਧਾਨ ਅਤੇ ਸੰਘਵਾਦ ਦੇ ਵਿਰੁੱਧ ਦੱਸਿਆ, ਜਦੋਂਕਿ ਸ਼ਾਹ ਨੇ ਇਸ ਆਲੋਚਨਾ ਨੂੰ ਰੱਦ ਕਰ ਦਿੱਤਾ ਕਿ ਬਿੱਲ ਜਲਦਬਾਜ਼ੀ 'ਚ ਲਿਆਂਦੇ ਗਏ ਹਨ। ਇਹ ਬਿੱਲ ਤਾਮਿਲਨਾਡੂ ਦੀ ਡੀ.ਐੱਮ.ਕੇ. ਸਰਕਾਰ 'ਚ ਮੰਤਰੀ ਰਹੇ ਸੈਂਥਿਲ ਬਾਲਾਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਪਜੇ ਵਿਵਾਦ ਤੋਂ ਬਾਅਦਾ ਲਿਆਂਦਾ ਗਿਆ ਹੈ। ਹਵਾਲਾ ਰਾਸ਼ੀ ਕੇਸ 'ਚ ਬਾਲਾਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਤਾਮਿਲਨਾਡੂ ਦੇ ਰਾਜਪਾਲ ਆਰ. ਐਨ. ਰਵੀ ਨੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਸੁਪਰੀਮ ਕੋਰਟ ਤੋਂ ਬਾਲਾਜੀ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਉਸ ਨੂੰ ਫਿਰ ਤੋਂ ਮੰਤਰੀ ਬਣਾ ਦਿੱਤਾ ਸੀ। ਬਾਲਾਜੀ ਨੂੰ ਫਿਰ ਤੋਂ ਮੰਤਰੀ ਬਣਾਉਣ ਤੋਂ ਬਾਅਦ ਸੁਪਰੀਮ ਕੋਰਟ ਨੇ ਚਿੰਤਾ ਪ੍ਰਗਟਾਈ ਸੀ। ਇਸ ਤੋਂ ਬਾਅਦ ਬਾਲਾਜੀ ਨੂੰ ਮੰਤਰੀ ਮੰਡਲ 'ਚ ਫੇਰ ਬਦਲ ਤੋਂ ਬਾਅਦ ਹਟਾ ਦਿੱਤਾ ਗਿਆ ਸੀ। ਅਮਿਤ ਸ਼ਾਹ ਨੇ ਲੋਕ ਸਭਾ ਨੂੰ ਮੰਗਲਵਾਰ ਨੂੰ ਸੂਚਿਤ ਕੀਤਾ ਸੀ ਕਿ ਸੰਸਦ ਦੇ ਇਜਲਾਸ 'ਚ ਤਿੰਨ ਬਿੱਲ-130ਵਾਂ ਸੰਵਿਧਾਨ ਸੋਧ ਬਿਲ, 2025; ਜੰਮੂ-ਕਸ਼ਮੀਰ ਪੁਨਰ ਗਠਨ (ਸੋਧ) ਬਿਲ, 2025 ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸਰਕਾਰ (ਸੋਧ) ਬਿੱਲ 2025 ਪੇਸ਼ ਕੀਤੇ ਜਾਣਗੇ।

# ਮੁੱਖ ਮੰਤਰੀ ਭਗਵੰਤ ਮਾਨ ਨੇ ਫਰੀਦਕੋਟ ਵਿੱਚ ਰਾਜ ਪੱਧਰੀ ਸਮਾਗਮ ਵਿੱਚ ਕੌਮੀ ਝੰਡਾ ਲਹਿਰਾਇਆ

ਫ਼ਰੀਦਕੋਟ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਫਰੀਦਕੋਟ ਵਿੱਚ ਰਾਜ ਪੱਧਰੀ ਸਮਾਗਮ ਵਿੱਚ ਕੌਮੀ ਝੰਡਾ ਲਹਿਰਾਇਆ। ਰਾਜ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਪਰੇਡ ਦਾ ਨਿਰੀਖਣ ਕੀਤਾ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਡਾਇਰੈਕਟਰ ਜਨਰਲ ਆਫ ਪੁਲੀਸ ਗੌਰਵ ਯਾਦਵ ਵੀ ਮੌਜੂਦ ਸਨ।

ਮੁੱਖ ਮੰਤਰੀ ਪੰਜਾਬ ਨੇ ਦੇਸ਼ ਵਾਸੀਆਂ ਨੂੰ ਅਤੇ ਖਾਸ ਕਰਕੇ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਪੰਜਾਬੀਆਂ ਨੇ ਆਜ਼ਾਦੀ ਦੀ ਲੜਾਈ ਵਿੱਚ 80 ਫੀਸਦੀ ਹਿੱਸਾ ਪਾਇਆ ਹੈ। ਉਨ੍ਹਾਂ ਕਿਹਾ ਕਿ ਕਿ ਪੰਜਾਬੀ ਦੇ ਪਹਿਲੇ ਮਹਾਨ ਕਵੀ ਅਤੇ ਬਾਰ੍ਹਵੀਂ ਸਦੀ ਦੇ ਮਹਾਨ ਸੂਫੀ ਸੰਤ ਬਾਬਾ ਸ਼ੇਖ ਫ਼ਰੀਦ ਦੀ ਧਰਤੀ ਉੱਪਰ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਚਨਬੱਧ ਹਨ।

ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਵਿੱਚੋਂ ਗੈਂਗਸਟਰ ਅਤੇ ਨਸ਼ਿਆਂ ਵਰਗੀ ਬੁਰਾਈ ਨੂੰ ਹਰ ਹਾਲਤ ਖਤਮ ਕਰੇਗੀ। ਮੁੱਖ ਮੰਤਰੀ ਪੰਜਾਬ ਨੇ ਇਸ ਮੌਕੇ ਸੁਰੱਖਿਆ ਟੁਕੜੀਆਂ ਵੱਲੋਂ ਦਿੱਤੀ ਗਈ ਸਲਾਮੀ ਦਾ ਨਿਰੀਖਣ ਕੀਤਾ। ਪੰਜਾਬ ਭਰ ਦੇ ਸਰਕਾਰੀ ਵਿਭਾਗਾਂ ਵੱਲੋਂ ਸਮਾਗਮ ਦੌਰਾਨ ਆਪਣੀਆਂ ਪ੍ਰਾਪਤੀਆਂ ਅਤੇ ਏਜੰਡਿਆਂ ਬਾਰੇ ਝਾਕੀਆਂ ਕੱਢੀਆਂ ਗਈਆਂ। ਮੁੱਖ ਮੰਤਰੀ ਭਗਵੰਤ ਮਾਨ ਨੇ ਸਮਾਗਮ ਦੌਰਾਨ ਸੈਨਿਕਾਂ, ਪੰਜਾਬ ਪੁਲੀਸ ਦੇ ਜਵਾਨਾਂ ਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਅਤੇ ਆਪਣੇ ਖੇਤਰਾਂ ਵਿੱਚ ਨਾਮਣਾ ਖਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।



79ਵੇਂ ਆਜ਼ਾਦੀ ਦਿਹਾੜੇ ਮੌਕੇ 'ਤੇ ਆਪਣੇ ਸੰਬੋਧਨ ਵਿੱਚ ਮਾਨ ਨੇ ਆਜ਼ਾਦੀ ਘੁਲਾਟੀਆਂ ਭਗਤ ਸਿੰਘ, ਊਧਮ ਸਿੰਘ, ਸੁਖਦੇਵ ਅਤੇ ਲਾਲਾ ਲਾਜਪਤ ਰਾਏ ਸਮੇਤ ਸ਼ਹੀਦਾਂ ਦੇ ਯੋਗਦਾਨ ਨੂੰ ਯਾਦ ਕੀਤਾ। ਆਪਣੀ ਸਰਕਾਰ ਦੇ ਕੰਮਾਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ', ਜੋ 2 ਅਕਤੂਬਰ ਤੋਂ ਸ਼ੁਰੂ ਹੋਵੇਗੀ, ਸੂਬੇ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਪ੍ਰਦਾਨ ਕਰੇਗੀ।

ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਹਸਪਤਾਲਾਂ ਅਤੇ 552 ਨਿੱਜੀ ਹਸਪਤਾਲਾਂ ਨੂੰ ਇਸ ਯੋਜਨਾ ਤਹਿਤ ਸੂਚੀਬੱਧ ਕੀਤਾ ਗਿਆ ਹੈ। ਪੰਜਾਬ ਸਰਕਾਰ ਇਲਾਜ ਦਾ ਡਾਕਟਰੀ ਖਰਚਾ ਚੁੱਕੇਗੀ।

# 103 ਮਿੰਟ ਦੇ ਭਾਸ਼ਨ 'ਚ ਆਪ੍ਰੇਸ਼ਨ ਸੰਧੂਰ, ਜੀ.ਐਸ.ਟੀ. 'ਚ ਸੁਧਾਰ, ਰੁਜ਼ਗਾਰ ਤੇ ਹੋਰ ਮੁੱਦਿਆਂ ਦੀ ਗੱਲ

## 79ਵੇਂ ਆਜ਼ਾਦੀ ਦਿਵਸ ਮੌਕੇ ਮੋਦੀ ਨੇ ਲਾਲ ਕਿਲ੍ਹੇ ਤੋਂ 12ਵੀਂ ਵਾਰ ਲਹਿਰਾਇਆ ਤਿਰੰਗਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 79ਵੇਂ ਆਜ਼ਾਦੀ ਦਿਹਾੜੇ ਮੌਕੇ ਲਾਲ ਕਿਲ੍ਹੇ 'ਤੇ ਲਗਾਤਾਰ 12ਵੀਂ ਵਾਰ ਤਿਰੰਗਾ ਫਹਿਰਾਇਆ। ਇਸ ਦੌਰਾਨ ਉਨ੍ਹਾਂ 103 ਮਿੰਟ ਦਾ ਭਾਸ਼ਨ ਵੀ ਦਿੱਤਾ, ਜੋ ਕਿ ਹੁਣ ਤੱਕ ਕਿਸੇ ਵੀ ਪ੍ਰਧਾਨ ਮੰਤਰੀ ਦਾ ਲਾਲ ਕਿਲ੍ਹੇ ਤੋਂ ਦਿੱਤਾ ਗਿਆ ਸਭ ਤੋਂ ਲੰਬਾ ਭਾਸ਼ਨ ਹੈ। ਮੋਦੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਆਪ੍ਰੇਸ਼ਨ ਸੰਧੂਰ' ਨਾਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਅੱਤਵਾਦ, ਜੀ. ਐੱਸ. ਟੀ., ਰੁਜ਼ਗਾਰ, ਸਿੰਧੂ ਸਮਝੌਤਾ, ਆਤਮ-ਨਿਰਭਰਤਾ, ਮੇਡ ਇਨ ਇੰਡੀਆ, ਆਰ. ਐੱਸ. ਐੱਸ. ਤੇ ਗੈਰ-ਕਾਨੂੰਨੀ ਤੌਰ 'ਤੇ ਦੇਸ਼ 'ਚ ਘੁਸਪੈਠ ਕਰਨ ਵਾਲਿਆਂ ਸਮੇਤ ਹੋਰ ਕਈ ਮੁੱਦਿਆਂ 'ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਮੋਦੀ ਨੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਵੀ ਨਮਨ ਕੀਤਾ। ਮੋਦੀ ਨੇ ਆਪ੍ਰੇਸ਼ਨ ਸੰਧੂਰ ਦੇ ਵੀਰ ਜਾਂਬਾਜ਼ਾਂ ਨੂੰ ਸਲਾਮ ਕਰਦਿਆਂ ਕਿਹਾ ਕਿ ਅਸੀਂ ਫੌਜ ਨੂੰ ਖੁੱਲ੍ਹੀ ਛੋਟ ਦਿੱਤੀ ਸੀ ਤੇ ਫੌਜ ਨੇ ਉਹ ਕਰ ਵਿਖਾਇਆ, ਜੋ ਕਈ ਦਹਾਕਿਆਂ ਤੱਕ ਨਹੀਂ ਭੁਲਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸਾਨੂੰ ਕਿਸੇ ਦੀ ਲਕੀਰ ਛੋਟੀ ਕਰਨ 'ਚ ਮਸ਼ੱਕਤ ਕਰਨ ਦੀ ਲੋੜ ਨਹੀਂ ਬਲਕਿ ਆਪਣੀ ਲਕੀਰ ਲੰਬੀ ਕਰਨੀ ਹੈ। ਮੋਦੀ ਨੇ ਜੀ.ਐਸ.ਟੀ. ਦਾ ਜ਼ਿਕਰ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਇਸ ਵਾਰ ਦਿਵਾਲੀ ਮੌਕੇ ਜੀ.ਐਸ.ਟੀ. ਸੁਧਾਰ ਲਿਆ ਰਹੀ ਹੈ, ਜਿਸ ਨਾਲ ਆਮ ਲੋਕਾਂ ਨੂੰ ਟੈਕਸ 'ਚ ਵੱਡੀ ਰਾਹਤ ਮਿਲੇਗੀ। ਨੌਜਵਾਨਾਂ ਦੇ ਰੁਜ਼ਗਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ 'ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ' ਲਾਗੂ ਕੀਤੀ ਜਾ ਰਹੀ ਹੈ, ਜਿਸ ਤਹਿਤ ਨਿੱਜੀ ਖੇਤਰ 'ਚ ਪਹਿਲੀ ਨੌਕਰੀ ਕਰਨ ਵਾਲਿਆਂ ਨੂੰ ਕੇਂਦਰ ਸਰਕਾਰ 15 ਹਜ਼ਾਰ ਰੁਪਏ ਦੇਵੇਗੀ। ਇਹ ਯੋਜਨਾ ਕਰੀਬ 3.5 ਕਰੋੜ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਬਣਾਏਗੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ 350 ਸਾਲ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਨੇ ਦੇਸ਼ ਦੀਆਂ ਕਦਰਾਂ-ਕੀਮਤਾਂ ਤੇ ਮਨੁੱਖਤਾ ਦੀ ਰਾਖੀ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਕਿਸੇ ਵੀ ਪੀੜੀ ਨੂੰ ਸੰਵਿਧਾਨ ਦੀ ਹੱਤਿਆ ਕਰਨ ਵਾਲੇ ਪਾਪੀਆਂ ਨੂੰ ਭੁੱਲਣਾ ਨਹੀਂ ਚਾਹੀਦਾ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 2014 ਤੋਂ ਲੈ ਕੇ 2025 ਤੱਕ ਅਜ਼ਾਦੀ ਦਿਵਸ ਮੌਕੇ ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾਉਣ ਤੋਂ ਬਾਅਦ ਰਾਸ਼ਟਰ ਨੂੰ ਸੰਬੋਧਨ ਕਰਨ ਸਮੇਂ ਦੀਆਂ ਤਸਵੀਰਾਂ।

# ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਹਮਲਾ-ਹਮਲਾਵਰ ਨੇ ਮੰਗੀ ਸੀ ਤਿਹਾੜ ਜੇਲ੍ਹ ਵਿੱਚ ਬੰਦ ਰਿਸ਼ਤੇਦਾਰ ਦੀ ਰਿਹਾਈ

## ਨਾ ਹੀ ਉਹ ਕਿਸੇ ਹਮਲੇ ਤੋਂ ਡਰਨਗੇ ਅਤੇ ਨਾ ਹੀ ਉਹ ਆਪਣੇ ਨਿਰਧਾਰਿਤ ਕਾਰਜਕ੍ਰਮ ਰੱਦ ਕਰਨਗੇ : ਮੁੱਖ ਮੰਤਰੀ ਰੇਖਾ ਗੁਪਤਾ

ਦਿੱਲੀ (ਸਾਡੇ ਲੋਕ):- ਬੁੱਧਵਾਰ ਸਵੇਰੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਉੱਤੇ ਇੱਕ ਵਿਅਕਤੀ ਨੇ ਹਮਲਾ ਕਰ ਦਿੱਤਾ। ਜਾਣਕਾਰੀ ਅਨੁਸਾਰ, ਗੁਜਰਾਤ ਦੇ ਰਾਜਕੋਟ ਦਾ ਰਹਿਣ ਵਾਲਾ 41 ਸਾਲਾ ਰਾਜੇਸ਼ ਭਾਈ ਖਿਮਜੀ ਭਾਈ ਸਾਕਰੀਆ ਮੁੱਖ ਮੰਤਰੀ ਨਾਲ ਮਿਲਣ ਆਇਆ ਸੀ। ਉਹ ਆਪਣੇ ਇੱਕ ਰਿਸ਼ਤੇਦਾਰ ਦੀ ਤਿਹਾਰ ਜੇਲ੍ਹ ਤੋਂ ਰਿਹਾਈ ਦੀ ਮੰਗ ਕਰ ਰਿਹਾ ਸੀ ਅਤੇ ਆਪਣੇ ਨਾਲ ਅਦਾਲਤੀ ਦਸਤਾਵੇਜ਼ ਵੀ ਲਿਆਂਦਾ ਸੀ।



ਇਹ ਹਾਦਸਾ ਸਿਵਲ ਲਾਈਨਜ਼ ਵਿਖੇ ਮੁੱਖ ਮੰਤਰੀ ਦੇ ਕੈਂਪ ਦਫ਼ਤਰ ਵਿੱਚ ਲਗਾਈ ਗਈ ਜਨ ਸੁਣਵਾਈ ਦੌਰਾਨ ਵਾਪਰਿਆ। ਦਿੱਲੀ ਪੁਲਿਸ ਦੇ ਅਨੁਸਾਰ, ਹਮਲਾਵਰ ਨੇ ਭਾਰੀ ਚੀਜ਼ ਸੁੱਟੀ ਜਿਸ ਕਾਰਨ ਮੁੱਖ ਮੰਤਰੀ ਡਿੱਗ ਪਈ। ਪੁਲਿਸ ਨੇ ਤੁਰੰਤ ਕਾਬੂ ਕਰ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

ਦਿੱਲੀ ਬੀਜੇਪੀ ਪ੍ਰਧਾਨ ਵੀਰਿੰਦਰ ਸਚਦੇਵਾ ਨੇ ਕਿਹਾ ਕਿ ਰੇਖਾ ਗੁਪਤਾ ਹੁਣ ਠੀਕ ਹਨ, ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਨਾ ਤਾਂ ਮੁੱਖ ਮੰਤਰੀ ਨੂੰ ਚਪੇੜ ਮਾਰੀ ਗਈ ਹੈ ਤੇ ਨਾ ਹੀ ਪੱਥਰਬਾਜ਼ੀ ਹੋਈ ਹੈ।

ਇਸ ਘਟਨਾ ਤੋਂ ਬਾਅਦ ਮੁੱਖ ਮੰਤਰੀ ਦੇ ਦਫ਼ਤਰ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਗ੍ਰਹਿ ਮੰਤਰਾਲੇ ਨੂੰ ਵੀ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਨਾ ਹੀ ਉਹ ਕਿਸੇ ਹਮਲੇ ਤੋਂ ਡਰਨਗੇ ਅਤੇ ਨਾ ਹੀ ਉਹ ਆਪਣੇ ਨਿਰਧਾਰਿਤ ਕਾਰਜਕ੍ਰਮ ਰੱਦ ਨਹੀਂ ਕਰਨਗੇ।

# ਸੁਖਬੀਰ ਸਿੰਘ ਬਾਦਲ ਨੇ ਚੋਣ ਕਮਿਸ਼ਨ ਨੂੰ ਮਨੀਸ਼ ਸਿਸੋਦੀਆ ਖ਼ਿਲਾਫ਼ ਕਾਰਵਾਈ ਕਰਨ ਲਈ ਕੀਤੀ ਸ਼ਿਕਾਇਤ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਕਾਰਵਾਈ ਕਰੇ ਜੋ ਪੰਜਾਬ 'ਚ ਵੱਖ-ਵੱਖ ਭਾਈਚਾਰਿਆਂ ਵਿਚਾਲੇ ਹਿੰਸਾ ਭੜਕਾਉਣ ਦਾ ਯਤਨ ਕਰ ਰਹੇ ਹਨ ਤੇ ਉਨ੍ਹਾਂ ਨੇ ਭ੍ਰਿਸ਼ਟਾਚਾਰ ਕੇਸ ਵਿਚ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਉਹ ਲਗਾਤਾਰ ਭੜਕਾਊ ਭਾਸ਼ਣ ਦੇ ਰਹੇ ਹਨ।



ਅਕਾਲੀ ਦਲ ਦੇ ਪ੍ਰਧਾਨ, ਜੋ ਹਾਲ ਹੀ ਵਿਚ ਮਨੀਸ਼ ਸਿਸੋਦੀਆ ਵਲੋਂ ਦਿੱਤੇ ਭਾਸ਼ਣ ਜਿਸਦੀ ਵੀਡੀਓ ਜਨਤਕ ਹੈ ਤੇ ਜਿਸ ਵਿਚ ਉਹ 'ਆਪ' ਵਰਕਰਾਂ ਨੂੰ ਝੂਠ ਬੋਲਣ, ਝੂਠੇ ਵਾਅਦੇ ਕਰਨ, ਵੋਟਰਾਂ ਨੂੰ ਭਰਮਾਉਣ ਤੇ 2027 ਦੀਆਂ ਚੋਣਾਂ ਜਿੱਤਣ ਵਾਸਤੇ ਹਿੰਸਾ ਤੱਕ ਕਰਨ ਵਾਸਤੇ ਆਖ ਰਹੇ ਹਨ, ਨੇ ਕਿਹਾ ਕਿ ਇਹ ਇਸ ਗੱਲ ਦਾ ਸਬੂਤ ਹੈ ਕਿ 'ਆਪ' ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਸ ਲਈ ਚੋਣ ਕਮਿਸ਼ਨ ਨੂੰ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਸਿਸੋਦੀਆ ਦੇ ਖ਼ਿਲਾਫ਼ ਫ਼ੌਜਦਾਰੀ ਕੇਸ ਦਰਜ ਕਰਨ ਦੇ ਹੁਕਮ ਦੇਣ ਕਿਉਂਕਿ 'ਆਪ' ਸਰਕਾਰ ਵਲੋਂ ਦਿੱਲੀ ਦੇ ਆਗੂ ਖ਼ਿਲਾਫ਼ ਕੋਈ ਕਾਰਵਾਈ ਕਰਨ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਉਨ੍ਹਾਂ ਸਰੋਤਿਆਂ ਵਿਚ ਸ਼ਾਮਿਲ ਸਨ ਜਦੋਂ ਸਿਸੋਦੀਆ ਨੇ ਇਹ ਟਿੱਪਣੀਆਂ ਕੀਤੀਆਂ।

# ਸਿਸੋਦੀਆ ਦਾ ਬਿਆਨ ਦੇਸ਼ ਦੀ ਏਕਤਾ ਤੇ ਲੋਕਤੰਤਰਿਕ ਢਾਂਚੇ ਲਈ ਖ਼ਤਰਾ : ਜਾਖੜ

ਚੰਡੀਗੜ੍ਹ : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਚੋਣ ਕਮਿਸ਼ਨਰ ਆਫ਼ ਇੰਡੀਆ ਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਇਕ ਪੱਤਰ ਭੇਜ ਕੇ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਉੱਤੇ ਗੰਭੀਰ ਦੋਸ਼ ਲਗਾਏ ਗਏ ਹਨ। ਜਾਖੜ ਨੇ ਦਾਅਵਾ ਕੀਤਾ ਹੈ ਕਿ ਸਿਸੋਦੀਆ ਨੇ ਆਜ਼ਾਦੀ ਦਿਵਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਲੋਂ ਕਰਵਾਏ ਗਏ ਇਕ ਸਮਾਗਮ ਦੌਰਾਨ ਦਿੱਤੇ ਭਾਸ਼ਣ ਵਿਚ ਲੋਕਤੰਤਰਿਕ ਪ੍ਰਕਿਰਿਆ ਨੂੰ ਖ਼ਤਰੇ ਵਿਚ ਪਾਉਂਦਿਆਂ ਖੁੱਲ੍ਹੇ ਤੌਰ 'ਤੇ ਅਮਨ, ਕਾਨੂੰਨ ਅਤੇ ਭਾਈਚਾਰੇ ਨੂੰ ਭੰਗ ਕਰਨ ਵਾਲੇ ਹਥਕੰਡੇ ਵਰਤਣ ਦਾ ਐਲਾਨ ਕੀਤਾ। ਸੁਨੀਲ ਜਾਖੜ ਨੇ ਕਿਹਾ ਕਿ ਸਿਸੋਦੀਆ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਲਈ 'ਸਾਮ, ਦਾਮ, ਦੰਡ, ਭੇਦ, ਸੱਚ, ਝੂਠ, ਸਵਾਲ, ਜਵਾਬ, ਲੜਾਈ, ਝਗੜਾ' ਵਰਗੇ ਸ਼ਬਦ ਵਰਤੇ, ਜਿਨ੍ਹਾਂ ਦੇ ਮਾਇਨੇ ਸਿੱਧੇ ਤੌਰ 'ਤੇ ਚੋਣੀ ਭ੍ਰਿਸ਼ਟਾਚਾਰ, ਧਮਕੀ, ਵੰਡ ਤੇ ਹਿੰਸਾ ਨਾਲ ਜੁੜੇ ਹਨ।



ਭਾਜਪਾ ਪ੍ਰਧਾਨ ਨੇ ਕਿਹਾ ਕਿ ਇਹ ਸਭ ਕੁੱਝ ਜਨ ਪ੍ਰਤੀਨਿਧਤਾ ਅਧਿਨਿਯਮ, 1951 ਦੇ ਕਈ ਪ੍ਰਾਵਧਾਨਾਂ ਦੀ ਉਲੰਘਣਾ ਹੈ। ਜਿਸਦੇ ਤਹਿਤ ਮਨੀਸ਼ ਸਿਸੋਦੀਆ ਤੇ ਧਾਰਾ 123(1), 123(2) ਅਤੇ 123(3) ਪਰਚਾ ਦਰਜ ਕਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜਾਖੜ ਨੇ ਚੋਣ ਕਮਿਸ਼ਨ ਨੂੰ ਮੰਗ ਕੀਤੀ ਕਿ ਮਨੀਸ਼ ਸਿਸੋਦੀਆ ਖ਼ਿਲਾਫ਼ ਤੁਰੰਤ ਐਫ. ਆਈ. ਆਰ. ਦਰਜ ਕੀਤੀ ਜਾਵੇ ਤੇ ਉਨ੍ਹਾਂ ਨੂੰ ਭਵਿੱਖ ਵਿਚ ਕਿਸੇ ਵੀ ਹਿੱਸੇ ਤੋਂ ਚੋਣ ਲੜਨ ਤੋਂ ਅਯੋਗ ਐਲਾਨਿਆ ਜਾਵੇ। ਭਾਜਪਾ ਪ੍ਰਧਾਨ ਜਾਖੜ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਬਿਆਨ ਸਿਰਫ਼ ਚੋਣ ਨੈਤਿਕਤਾ ਹੀ ਨਹੀਂ ਸਗੋਂ ਦੇਸ ਦੀ ਏਕਤਾ ਅਤੇ ਲੋਕਤੰਤਰਿਕ ਢਾਂਚੇ ਲਈ ਵੀ ਖ਼ਤਰਾ ਹਨ।

# ਹਾਸ਼ੀਏ ਵੱਲ ਧੱਕੇ ਟਕਸਾਲੀ ਆਗੂਆਂ ਨਾਲ ਘਰ-ਘਰ ਜਾ ਕੇ ਸੰਪਰਕ ਕੀਤਾ ਜਾਵੇਗਾ : ਗਿਆਨੀ ਹਰਪ੍ਰੀਤ ਸਿੰਘ

ਫ਼ਤਹਿਗੜ੍ਹ ਸਾਹਿਬ : ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਫ਼ਤਹਿਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਉਨ੍ਹਾਂ ਟਕਸਾਲੀ ਪਰਿਵਾਰਾਂ ਨਾਲ ਰਾਬਤਾ ਕਾਇਮ ਕਰ ਰਹੇ ਹਨ, ਜਿਨ੍ਹਾਂ ਨੂੰ ਮੌਜੂਦਾ ਲੀਡਰਸ਼ਿਪ ਵਲੋਂ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ ਅਤੇ ਉਹ ਘਰ ਘਰ ਜਾ ਕੇ ਉਨ੍ਹਾਂ ਟਕਸਾਲੀ ਆਗੂਆਂ ਨੂੰ ਅਕਾਲੀ ਦਲ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਨਗੇ। ਭਾਜਪਾ ਨਾਲ ਗੱਠਜੋੜ ਕਰਨ ਦੀਆਂ ਚਰਚਾਵਾਂ ਬਾਰੇ ਪੁੱਛੇ ਜਾਣ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬੀਆਂ ਅਤੇ ਪੰਥ ਤੋਂ ਸਹਿਯੋਗ ਲਵਾਂਗੇ ਅਤੇ ਜੇਕਰ ਪੰਜਾਬੀ ਤੇ ਪੰਥ ਸਹਿਯੋਗ ਕਰੇਗਾ ਤਾਂ ਸਾਨੂੰ ਕਿਸੇ ਵੀ ਧਿਰ ਨਾਲ ਗੱਠਜੋੜ ਕਰਨ ਦੀ ਕੋਈ ਲੋੜ ਨਹੀਂ, ਅਸੀਂ ਇਕੱਲੇ ਹੀ ਸਮਰੱਥ ਹਾਂ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਸਬੰਧੀ ਉਨ੍ਹਾਂ ਕਿਹਾ ਕਿ ਇਸ ਵਿਸ਼ੇ 'ਤੇ ਪਾਰਟੀ ਪਲੇਟਫਾਰਮ 'ਤੇ ਗੱਲਬਾਤ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਵਲੋਂ ਉਨ੍ਹਾਂ ਦੀ ਪਾਰਟੀ ਦਾ ਨਾਮ ਵਰਤੇ ਜਾਣ ਸਬੰਧੀ ਕਾਨੂੰਨੀ ਕਾਰਵਾਈ ਕੀਤੇ ਜਾਣ ਦੇ ਦਿੱਤੇ ਜਾ ਰਹੇ ਬਿਆਨਾਂ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਹਰੇਕ ਪ੍ਰਕਾਰ ਦੀ ਕਾਨੂੰਨੀ ਪ੍ਰਕਿਰਿਆ ਨਾਲ ਨਜਿੱਠਣ ਲਈ ਤਿਆਰ ਹਨ। ਇਸ ਮੌਕੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਲੀਡਰਸ਼ਿਪ ਵਲੋਂ ਗਿਆਨੀ ਹਰਪ੍ਰੀਤ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਰਣਬੀਰ ਸਿੰਘ ਪੂਨੀਆ, ਦਰਬਾਰਾ ਸਿੰਘ ਰੰਧਾਵਾ, ਮਨਦੀਪ ਸਿੰਘ ਤਰਖਾਣ ਮਾਜਰਾ, ਜੈ ਸਿੰਘ ਬਾੜਾ, ਹਰਚੰਦ ਸਿੰਘ ਜਖਵਾਲੀ, ਬਾਬਾ ਹਰਦੀਪ ਸਿੰਘ ਵੀ ਹਾਜ਼ਰ ਸਨ।



# ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਤੇ ਸਾਬਕਾ ਜਥੇਦਾਰ ਗੌਹਰ-ਏ-ਮਸਕੀਨ ਦਰਮਿਆਨ ਹੋਈ ਸਹਿਮਤੀ

ਅੰਮ੍ਰਿਤਸਰ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਤੇ ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਦਰਮਿਆਨ ਪਿਛਲੇ 3 ਸਾਲ ਤੋਂ ਚੱਲ ਰਹੇ ਵਿਵਾਦ 'ਤੇ ਅੱਜ ਉਸ ਵੇਲੇ ਪੂਰੀ ਤਰ੍ਹਾਂ ਵਿਰਾਮ ਲੱਗ ਗਿਆ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਿਛਲੇ ਦਿਨੀ ਜਾਰੀ ਆਦੇਸ਼ ਦੀ ਰੌਸ਼ਨੀ ਵਿਚ ਦੋਹਾਂ ਪੱਖਾਂ ਵਲੋਂ ਆਪਸੀ ਸਹਿਮਤੀ ਤੇ ਸੁਹਿਰਦਤਾ ਨਾਲ ਇਕੱਤਰਤਾ ਕਰਕੇ ਇਸ ਮਸਲੇ ਨੂੰ ਸੁਲਝਾ ਲਿਆ ਗਿਆ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਪਟਨਾ ਸਾਹਿਬ ਤੋਂ ਦੱਸਿਆ ਕਿ ਸਾਲ 2022 ਵਿਚ ਉਸ ਸਮੇਂ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿਤ ਵਲੋਂ ਕੁਝ ਕਾਰਨਾਂ ਕਰਕੇ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੀਆਂ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਗਈ ਸੀ। ਜਿਸ ਤੋਂ ਬਾਅਦ ਜਥੇਦਾਰ ਗੌਹਰ-ਏ-ਮਸਕੀਨ ਨੇ ਮਾਣਯੋਗ ਅਦਾਲਤ ਵਿਚ ਮਾਮਲਾ ਦਰਜ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਸਿੱਖ ਪੰਥ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਪੰਜ ਸਿੰਘ ਸਾਹਿਬਾਨ ਵਲੋਂ ਆਦੇਸ਼ ਜਾਰੀ ਕੀਤਾ ਗਿਆ ਸੀ ਕਿ ਜਥੇਦਾਰ ਰਣਜੀਤ ਸਿੰਘ ਗੌਹਰ ਸਾਰੇ ਅਦਾਲਤੀ ਕੇਸ ਵਾਪਸ ਲੈਣ ਤੇ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਦੇ ਬਕਾਏ ਦੇ ਕੇ ਇੱਜ਼ਤਦਾਰ ਤਰੀਕੇ ਨਾਲ ਵਿਦਾਇਗੀ ਦਿੱਤੀ ਜਾਵੇ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਿੰਦਰ ਸਿੰਘ ਬਾਵਾ ਅਤੇ ਮੁੰਬਈ ਤੋਂ ਸਿੱਖ ਆਗੂ ਜਸਬੀਰ ਸਿੰਘ ਧਾਮ ਵਲੋਂ ਦੋਹਾਂ ਪੱਖਾਂ ਵਿਚ ਸਹਿਮਤੀ ਬਨਵਾਉਣ ਲਈ ਕੀਤੇ ਗਏ ਯਤਨਾਂ ਮਗਰੋਂ ਸਾਬਕਾ ਜਥੇਦਾਰ ਗੌਹਰ-ਏ-ਮਸਕੀਨ ਨੂੰ ਪ੍ਰਬੰਧਕ ਕਮੇਟੀ ਵਲੋਂ ਬਕਾਇਆ ਰਕਮ ਦੇ ਕੇ ਇੱਜ਼ਤਦਾਰ ਢੰਗ ਨਾਲ ਵਿਦਾਈ ਦਿੱਤੀ ਗਈ। ਇਕੱਤਰਤਾ ਵਿਚ ਤਖ਼ਤ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਤੋਂ ਇਲਾਵਾ ਜਨਰਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਮੈਂਬਰ ਹਰਪਾਲ ਸਿੰਘ ਜੌਹਲ ਅਤੇ ਮੁੰਬਈ ਤੋਂ ਸਿੱਖ ਆਗੂ ਜਸਬੀਰ ਸਿੰਘ ਧਾਮ ਵੀ ਮੌਜੂਦ ਸਨ।



# ਸਮਾਜ ਵਿੱਚ ਬੁਰਾਈਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਲਗਾਉਣਾ ਸਮੇਂ ਦੀ ਲੋੜ : ਰਾਜਿੰਦਰ ਸਿੰਘ ਮਾਰਸ਼ਲ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿੱਦਿਅਕ ਸੰਸਥਾ ਵਿਖੇ ਚੇਅਰਮੈਨ ਸਰਦਾਰ ਰਾਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਸਮਾਜ ਵਿੱਚ ਵੱਧ ਰਹੀਆਂ ਬੁਰਾਈਆਂ ਵਿਰੁੱਧ ਵਿਦਿਆਰਥੀਆਂ ਵਿੱਚ ਜਾਗਰੂਕਤਾ ਲਿਆਉਣ ਲਈ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਦੌਰਾਨ ਏ.ਐੱਸ.ਆਈ. ਸ. ਬਲਵਿੰਦਰ ਸਿੰਘ (ਟਰੈਫਿਕ ਐਜੂਕੇਸ਼ਨ ਸੈਲ ਹੁਸ਼ਿਆਰਪੁਰ) ਏ.ਐਸ.ਆਈ. ਸ. ਕੁਲਵਿੰਦਰ ਸਿੰਘ (ਸਾਂਝ ਕੇਂਦਰ ਬੁੱਲੋਵਾਲ) ਤੇ ਸ੍ਰੀਮਤੀ ਅਮਨਦੀਪ ਕੌਰ (ਕਾਂਸਟੇਬਲ ਪੁਲਿਸ ਸਟੇਸ਼ਨ ਬੁੱਲੋਵਾਲ) ਵਿਦਿਆਰਥੀਆਂ, ਸਕੂਲ ਬੱਸ ਡਰਾਈਵਰਾਂ ਅਤੇ ਹੈਲਪਰਾਂ ਨੂੰ ਸੜਕ ਸੁਰੱਖਿਆ, ਸਾਈਬਰ ਕ੍ਰਾਈਮ ਅਤੇ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਦਲਜੀਤ ਕੌਰ, ਕਿਰਨਦੀਪ ਕੌਰ, ਇੰਦੂ, ਅਮਨਦੀਪ ਕੌਰ, ਨੀਲਮਾ ਦੇਵੀ, ਸਿਮਰਪ੍ਰੀਤ, ਪਰਮਦੀਪ ਕੌਰ, ਗੁਰਪ੍ਰੀਤ ਕੌਰ, ਨਵਨੀਤ ਕੌਰ, ਰਾਜਦੀਪ ਕੌਰ, ਇੰਦਰਵੀਰ ਕੌਰ, ਮੋਨਿਕਾ, ਸੰਦੀਪ ਕੌਰ, ਰਾਜਪ੍ਰੀਤ ਕੌਰ, ਅਕਰਸ਼ਦੀਪ ਕੌਰ, ਰਮਨਦੀਪ ਕੌਰ ਆਦਿ ਹਾਜ਼ਰ ਸਨ।


ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਭਾਈ ਤਰਸੇਮ ਸਿੰਘ ਖਾਲਸਾ ਪ੍ਰਧਾਨ ਕੈਲੀਫੋਰਨੀਆ 559-331-1326
ਸ੍ਰ. ਪਵਨਦੀਪ ਸਿੰਘ ਵਰਜੀਨੀਆ ਸੀਨੀਅਰ ਨੌਜਵਾਨ ਆਗੂ
ਸ੍ਰ. ਅਜੀਤ ਸਿੰਘ ਔਲਖ ਟੈਕਸਾਸ ਸੀਨੀਅਰ ਆਗੂ
ਬੀਬੀ ਗੁਰਪ੍ਰੀਤ ਕੌਰ ਖਾਲਸਾ ਸੀਨੀਅਰ ਆਗੂ
ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ
ਸ੍ਰ. ਸਿਮਰਨਜੀਤ ਸਿੰਘ ਮਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਬੀਬੀ ਪਰਮਜੀਤ ਕੌਰ ਖਾਲੜਾ
ਭਾਈ ਤਰਲੋਚਨ ਸਿੰਘ
ਜਥੇਦਾਰ ਸੁਲੱਖਣ ਸਿੰਘ
ਲਾਵਾਰਿਸ਼ ਲਾਸ਼ਾਂ ਦੇ ਵਾਰਿਸ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ 30ਵੀਂ ਬਰਸੀ
ਸਥਾਨ
1930
ਸਿੱਖ ਟੈਂਪਲ ਸਟਰੀਟ
ਸਟਾਕਟਨ, ਕੈਲੀਫੋਰਨੀਆ
95206
ਪ੍ਰੋਗਰਾਮ ਇਸ ਪ੍ਰਕਾਰ ਹੈ :
ਅਰੰਭ ਸ੍ਰੀ ਅਖੰਡ ਪਾਠ ਸਾਹਿਬ 5 ਸਤੰਬਰ 2025 ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ 7 ਸਤੰਬਰ 2025
LOCATION
1930
SIKH TEMPLE ST
STOCKTON, CA
95206
ਉਪਰੰਤ ਕੀਰਤਨੀਏ ਸਿੰਘ, ਢਾਡੀ ਸਿੰਘ ਅਤੇ ਪੰਥਕ ਆਗੂ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਨਗੇ। ਪ੍ਰੋਗਰਾਮ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਆਪਣੀ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।
ਸ੍ਰ. ਹਰਪ੍ਰੀਤ ਸਿੰਘ ਖ਼ਾਲਸਾ 661-747-5175
ਸ੍ਰ. ਸਰਬਜੀਤ ਸਿੰਘ ਦਿੱਲੀ ਕਨਵੀਨਰ 510-358-7713
ਸ੍ਰ. ਜਰਨੈਲ ਸਿੰਘ ਵਾਈਸ ਪ੍ਰਧਾਨ 209-561-5532
ਸ੍ਰ. ਅਰਵਿੰਦਰ ਸਿੰਘ ਯੂਥ ਪ੍ਰਧਾਨ 559-840-7325
ਐਡਵੋਕੇਟ ਮਨਦੀਪ ਕੌਰ ਪ੍ਰਧਾਨ ਮਹਿਲਾ ਵਿੰਗ
ਬੀਬੀ ਜਸਬੀਰ ਕੌਰ
ਸ੍ਰ. ਗੁਰਮੀਤ ਸਿੰਘ ਗਿੱਲ ਮੀਡੀਆ ਇੰਚਾਰਜ 661-861-3839
ਸ੍ਰ. ਜਸਵਿੰਦਰ ਸਿੰਘ ਪ੍ਰਧਾਨ ਬੇਕਰਸਫੀਲਡ 209-600-8006
ਸ੍ਰ. ਸਤਨਾਮ ਸਿੰਘ ਪ੍ਰਧਾਨ ਸਟਾਕਟਨ 209-992-1052
ਸ੍ਰ. ਹਰਵਿੰਦਰ ਸਿੰਘ ਪ੍ਰਧਾਨ ਟਰੇਸੀ 209-640-0844
ਸ੍ਰ. ਗੁਰਜੀਤ ਸਿੰਘ ਪ੍ਰਧਾਨ ਫਰਿਜ਼ਨੋਂ 559-977-0795
ਸ੍ਰ. ਗੁਰਤੇਜ ਸਿੰਘ ਬੇਕਰਸਫੀਲਡ
ਸ੍ਰ. ਸੁਰਿੰਦਰਪਾਲ ਸਿੰਘ ਭਿੰਡਰ
ਸ੍ਰ. ਪਰਮਿੰਦਰ ਸਿੰਘ ਪਾਲ ਤੁਲਾਰ
ਸ੍ਰ. ਬਲਵਿੰਦਰ ਸਿੰਘ ਫਰਿਜ਼ਨੋਂ ਜਨਰਲ ਸੈਕਟਰੀ
ਸ੍ਰ. ਅਜਮੇਰ ਸਿੰਘ ਮੱਲ੍ਹੀ
ਸ੍ਰ. ਸੰਦੀਪ ਸਿੰਘ ਪੁਨੀਆ ਆਈ.ਟੀ. ਵਿੰਗ
ਸ੍ਰ. ਚਰਨਜੀਤ ਸਿੰਘ ਖਾਲਸਾ
ਸ੍ਰ. ਸੁਖਵਿੰਦਰ ਸਿੰਘ ਬੇ-ਏਰੀਆ
ਸ੍ਰ. ਗਗਨਦੀਪ ਵਿਰਕ ਫਰਿਜ਼ਨੋਂ CA
ਸ੍ਰ. ਤਾਜੇਸ਼ਵਰ ਸਿੰਘ
ਸ੍ਰ. ਗੁਰਮੇਲ ਸਿੰਘ ਸੰਘਾ ਬੇਕਰਸਫੀਲਡ
ਸ੍ਰ. ਗੁਰਵਿੰਦਰ ਸਿੰਘ ਸੰਧੂ
ਸ੍ਰ. ਦੀਪ ਧੰਜੂ ਸਿੰਘ
ਸ੍ਰ. ਤੀਰਥ ਸਿੰਘ ਸੈਕਰਾਮੈਂਟੋ
ਸ੍ਰ. ਸਤਵੀਰ ਸਿੰਘ ਬੱਲ
ਸ੍ਰ. ਅਰਸ਼ਦੀਪ ਸਿੰਘ
ਸ੍ਰ. ਜਸਬੀਰ ਸਿੰਘ
ਸ੍ਰ. ਜਤਿੰਦਰ ਸਿੰਘ
ਸ੍ਰ. ਸੁਖਜਿੰਦਰ ਸਿੰਘ
ਸ੍ਰ. ਸੰਦੀਪ ਸਿੰਘ ਪੁਨੀਆ ਆਈ.ਟੀ. ਵਿੰਗ
ਸ੍ਰ. ਅਮਰੀਕ ਸਿੰਘ ਖਾਲਿਸਤਾਨੀ
ਸ੍ਰ. ਰਵਿੰਦਰ ਸਿੰਘ ਧਾਲੀਵਾਲ
ਸ੍ਰ. ਗੁਰਦੀਪ ਸਿੰਘ
ਸ੍ਰ. ਤਜਿੰਦਰ ਸਿੰਘ
ਸ੍ਰ. ਲਵਜੀਤ ਸਿੰਘ
ਸ੍ਰ. ਪ੍ਰਭਜੀਤ ਸਿੰਘ ਖੁਰਾਲ
ਸ੍ਰ. ਲਵਪ੍ਰੀਤ ਸਿੰਘ
ਸ੍ਰ. ਸਿਕੰਦਰ ਸਿੰਘ
ਸ੍ਰ. ਕਮਲਜੀਤ ਸਿੰਘ
ਸ੍ਰ. ਮੁਤਾਬ ਸਿੰਘ
ਸ੍ਰ. ਸਮਸਪ੍ਰੀਤ ਸਿੰਘ
ਸ੍ਰ. ਹਰਦੀਪ ਸਿੰਘ
ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੇਫੋਰਨੀਆ ਯੂਨਿਟ, ਅਮਰੀਕਾ

# ਸ਼੍ਰੀ ਅਕਾਲ ਤਖਤ ਵਲੋਂ ਸਿਰਜੇ ਗਏ ਅਕਾਲੀ ਦਲ ਨੂੰ ਸੰਤ ਲੌਂਗੋਵਾਲ ਦੀ ਬਰਸੀ ’ਤੇ ਭਰਵਾਂ ਹੁੰਗਾਰਾ, ਪੂਰੀ ਦੁਨੀਆਂ ਤੋਂ ਸਿੱਖ ਆਪ ਮੁਹਾਰੇ ਅਕਾਲੀ ਦਲ ਨਾਲ ਜੁੜਨ ਲੱਗੇ

## ਕੇਂਦਰੀ ਹੁਕਮਰਾਨਾਂ ਨੇ ਪੰਜਾਬੀਆਂ ਤੇ ਸਿੱਖਾਂ ਦੇ ਮਸਲਿਆਂ ਨੂੰ ਅਣਗੌਲਿਆ-ਗਿਆਨੀ ਹਰਪ੍ਰੀਤ ਸਿੰਘ






ਸੰਗਰੂਰ/ਲੌਂਗੋਵਾਲ : ਸ਼੍ਰੀ ਅਕਾਲ ਤਖਤ ਵਲੋਂ ਸਿਰਜੇ ਗਏ ਅਕਾਲੀ ਦਲ ਵਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਬਰਸੀ ਸਮਾਗਮ ’ਚ ਸ਼ਿਰਕਤ ਕਰ ਸ਼ਰਧਾ ਤੇ ਸਤਿਕਾਰ ਦੇ ਫੁੱਲ ਭੇਂਟ ਕੀਤੇ ਤੇ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਆਓ ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਕੇ ਇੱਕ ਮੰਚ ’ਤੇ ਇਕੱਠੇ ਹੋ ਕੇ ਪੰਜਾਬ ਪੰਜਾਬੀਅਤ ਦੀ ਭਲਾਈ ਲਈ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦੀ ਬੇਨਤੀ ਕੀਤੀ ਗਈ।

ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ’ਤੇ ਸਥਾਨਕ ਅਨਾਜ ਮੰਡੀ ਵਿਖੇ ਜੁੜੀ ਵੱਡੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਜ਼ਾਦੀ ਉਪਰੰਤ ਵੰਡ ਦਾ ਸੰਤਾਪ ਭੋਗ ਰਹੇ ਪੰਜਾਬੀਆਂ ਅਤੇ ਸਿੱਖਾਂ ਨੂੰ ਹਮੇਸ਼ਾ ਹੀ ਕੇਂਦਰ ਵਿਚ ਬੈਠੇ ਹੁਕਮਰਾਨਾਂ ਨੇ ਅਣਗੌਲਿਆਂ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਜਦ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ ਤਾਂ ਉਸ ਵੇਲੇ ਦੇ ਹੁਕਮਰਾਨਾਂ ਨੇ ਇਸ ਮੰਗ ਨੂੰ ਫ਼ਿਰਕੂ ਰੰਗਤ ਦੇ ਕੇ ਇਹ ਪ੍ਰਚਾਰ ਕੀਤਾ ਕਿ ਇਹ ਵੱਖਰੇ ਸੂਬੇ ਦੀ ਮੰਗ ਕਰ ਰਹੇ ਹਨ ਪਰ ਅਸਲੀਅਤ ਵਿਚ ਅਜਿਹਾ ਕੁਝ ਵੀ ਨਹੀਂ ਸੀ। ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮਤੇ ਤਹਿਤ ਰਾਜਨੀਤਕ, ਧਾਰਮਿਕ ਅਤੇ ਖੇਤਰੀ ਮੰਗਾਂ ਸ਼ਾਮਿਲ ਸਨ। ਧਾਰਮਿਕ ਮੰਗਾਂ ਤਹਿਤ ਸਿੱਖਾਂ ਵਲੋਂ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ, ਸ੍ਰੀ ਹਰਿਮੰਦਰ ਸਾਹਿਬ ਤੋਂ ਲਾਈਵ ਕੀਰਤਨ ਰੇਡੀਓ ਉੱਪਰ ਅਤੇ ਆਲ ਇੰਡੀਆ ਗੁਰਦੁਆਰਾ ਐਕਟ ਲਾਗੂ ਕਰਨ ਦੀ ਮੰਗ ਸ਼ਾਮਿਲ ਸੀ। ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦੀ ਮੰਗ ਪੰਜਾਬੀਆਂ ਦੀ ਲੰਬੇ ਸਮੇਂ ਤੋਂ ਰਹੀ ਹੈ ਪਰ ਇਸ ਮੰਗ ’ਤੇ ਵੀ ਹੁਕਮਰਾਨਾਂ ਨੇ ਬੂਰ ਨਹੀਂ ਪਾਇਆ, ਜਦਕਿ ਚੰਡੀਗੜ੍ਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ। ਆਮ ਆਦਮੀ ਪਾਰਟੀ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਜੋ ਇਸ ਸਰਕਾਰ ਨੇ ਵਾਪਸ ਲਈ ਹੈ, ਦੇ ਅਧੀਨ ਜਿੰਨੀ ਜ਼ਮੀਨ ਐਕਵਾਇਰ ਕੀਤੀ ਜਾਣੀ ਸੀ, ਉਸ ਦੀ ਇੰਨੀ ਜ਼ਰੂਰਤ ਨਹੀਂ ਸੀ ਕਿਉਂਕਿ ਇਸ ਸਰਕਾਰ ਨੇ ਬਿਹਾਰ, ਯੂ.ਪੀ. ਤੋਂ ਲਿਆ ਕੇ ਲੋਕਾਂ ਨੂੰ ਉਸ ਜ਼ਮੀਨ ਵਿਚ ਵਸਾਉਣਾ ਸੀ ਅਤੇ ਆਪਣਾ ਰਾਜ ਭਾਗ ਕਾਇਮ ਰੱਖਣ ਸੀ। ਉਨ੍ਹਾਂ ਕਿਹਾ ਕਿ ਅੱਜ ਬੰਦੀ ਸਿੰਘਾਂ ਦੀ ਰਿਹਾਈ ਰਵਾਇਤੀ ਅਕਾਲੀ ਦਲ ਦੇ ਆਗੂ ਕਰ ਰਹੇ ਹਨ, ਪਰ ਜਦ ਇਨ੍ਹਾਂ ਦੀ ਸਰਕਾਰ ਸੀ ਤਦ ਅਜਿਹੀ ਕਦੇ ਮੰਗ ਨਹੀਂ ਕੀਤੀ ਗਈ। ਸਾਬਕਾ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੰਗਤ ਦੇ ਜੋਸ਼ ਨੇ ਇਹ ਮੋਹਰ ਲਗਾ ਦਿੱਤੀ ਹੈ ਕਿ ਅਸਲ ਅਕਾਲੀ ਦਲ ਕਿਹੜਾ ਹੈ। ਉਨ੍ਹਾਂ ਕਿਹਾ ਕਿ ਭਗੌੜਿਆਂ ਦੇ ਅਕਾਲੀ ਦਲ ਵਲੋਂ ਅੱਜ ਕੀਤੇ ਬਰਸੀ ਸਮਾਗਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੱਕ ਨਹੀਂ ਕੀਤਾ ਗਿਆ ਅਤੇ ਪੰਡਾਲ ਭਰਿਆ ਲੱਗਣ ਲਈ ਕੁਰਸੀਆਂ ਦਾ ਸਹਾਰਾ ਲਿਆ ਗਿਆ ਹੈ ਜਦਕਿ ਸਾਡੇ ਵਾਲੇ ਸਮਾਗਮ ਵਿਚ ਸੰਗਤਾਂ ਦਰੀਆਂ ਉੱਤੇ ਬੈਠੀਆਂ ਅਤੇ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਦੀ ਚੜ੍ਹਦੀ ਕਲਾ ਅਤੇ ਵਾਹਿਗੁਰੂ ਸ਼ੁਕਰਾਨੇ ਲਈ ਅਰਦਾਸ ਵੀ ਕੀਤੀ। ਇਸ ਮੌਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਿਆਸੀ ਵਾਰਿਸ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਮੰਚ ਤੋਂ ਬੋਲਦੇ ਹੋਏ, ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਕਮਜ਼ੋਰ ਹੋਈ ਸਥਿਤੀ ਲਈ ਜ਼ਿੰਮੇਵਾਰ ਕਰਾਰ ਦਿੱਤਾ। ਇਸ ਮੌਕੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੱਜ ਪੁਨਰ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਪੰਜਾਬ ਦੇ ਲੋਕ ਆਸ ਲਗਾਈ ਬੈਠੇ ਹਨ। ਉਨ੍ਹਾਂ ਕਿਹਾ ਕਿ ਅੱਜ ਅਜਿਹੀ ਸੁਹਿਰਦ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਮੀਰੀ ਪੀਰੀ ਦੇ ਸਿਧਾਂਤ ’ਤੇ ਪਹਿਰਾ ਦੇ ਸਕੇ। ਇਸ ਮੌਕੇ ਭਰਤੀ ਕਮੇਟੀ ਦੇ ਮੈਂਬਰ ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਨਿੱਜ ਪ੍ਰਸਤ ਦੀ ਵਜ੍ਹਾ ਨਾਲ ਸ਼੍ਰੋਮਣੀ ਅਕਾਲੀ ਦਲ ਅਰਸ਼ ਤੋਂ ਫ਼ਰਸ਼ ’ਤੇ ਆਇਆ। ਕੁਝ ਲੋਕਾਂ ਦੇ ਨਿੱਜੀ ਮੁਫ਼ਾਦ ਦੀ ਵਜ੍ਹਾ ਦਾ ਨੁਕਸਾਨ ਸ਼੍ਰੋਮਣੀ ਅਕਾਲੀ ਦਲ ਵਰਕਰ ਨੂੰ ਭੁਗਤਣਾ ਪਿਆ। ਅੱਜ ਪੁਨਰ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਲੀਡਰਸ਼ਿਪ ਪੰਥ ਅਤੇ ਪੰਜਾਬ ਦੇ ਮੁੱਦਿਆਂ ਤੇ ਠੋਸ ਪਹਿਰਾ ਦੇਵੇਗੀ। ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤੱਕ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ। ਸਾਨੂੰ ਜਰਾਇਮ ਪੇਸ਼ਾ ਲੋਕ ਕਹਿ ਬਦਨਾਮ ਕੀਤਾ ਗਿਆ ਜਦੋਂ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਦੇਸ਼ ਦੀ ਤਰੱਕੀ ਵਿਚ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਭਾਈਚਾਰੇ ਦਾ ਹੈ। ਮਾਝੇ ਦੀ ਧਰਤੀ ਤੋਂ ਆਪਣੀ ਹਾਜ਼ਰੀ ਲਗਵਾਉਣ ਪਹੁੰਚੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਹਮੇਸ਼ਾ ਹੀ ਸੰਗਰੂਰ ਦੀ ਧਰਤੀ ਨੇ ਪੰਥ ਦਾ ਝੰਡਾ ਬੁਲੰਦ ਕੀਤਾ ਹੈ। ਭਰਤੀ ਕਮੇਟੀ ਮੈਂਬਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਯਾਦ ਕਰਦਿਆਂ ਕਿਹਾ ਕਿ ਸੰਤ ਲੌਂਗੋਵਾਲ ਸਿਆਸਤ ਅਤੇ ਧਰਮ ਦੇ ਸੁਮੇਲ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਿਚ ਤਿਆਗ ਦੀ ਭਾਵਨਾ ਹੋਣ ਕਰਕੇ ਉਨ੍ਹਾਂ ਨੇ ਹਮੇਸ਼ਾ ਪੰਥਕ ਸਿਆਸਤ ਵਿਚ ਆਉਣਾ ਵੱਡਾ ਰੋਲ ਅਦਾ ਕੀਤਾ। ਇਸ ਮੌਕੇ ਬਰਜਿੰਦਰ ਸਿੰਘ ਮੱਖਣ ਬਰਾੜ, ਇਕਬਾਲ ਜੀਤ ਸਿੰਘ ਝੂੰਦਾਂ ਨੇ ਵੀ ਸੰਬੋਧਨ ਕੀਤਾ।

# ਸਾਡੀ ਸਰਕਾਰ ਬਣਨ ’ਤੇ ਨੌਕਰੀਆਂ ਤੇ ਜ਼ਮੀਨਾਂ ’ਤੇ ਕੇਵਲ ਪੰਜਾਬੀਆਂ ਦਾ ਹੱਕ ਹੋਵੇਗਾ : ਸੁਖਬੀਰ ਬਾਦਲ

## ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਸੰਤ ਲੌਂਗੋਵਾਲ ਦੇ ਬਰਸੀ ਸਮਾਗਮ ਮੌਕੇ ਵੱਡਾ ਇਕੱਠ





ਲੌਂਗੋਵਾਲ (ਸੰਗਰੂਰ) : ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ’ਤੇ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਸਥਾਨਕ ਸ਼ਹੀਦ ਭਾਈ ਮਨੀ ਸਿੰਘ ਖ਼ਾਲਸਾ ਕਾਲਜ ਦੇ ਵੱਡੇ ਗਰਾਊਂਡ ਵਿਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਹਿਤਾਂ ਲਈ ਆਪਣੀ ਕੁਰਬਾਨੀ ਦਿੱਤੀ ਤੇ ਅੱਜ ਉਨ੍ਹਾਂ ਦੀ ਯਾਦ ਵਿਚ ਠਾਠਾਂ ਮਾਰਦਾ ਇਕੱਠ ਅਕਾਲੀ ਦਲ ਦੀ ਮਜ਼ਬੂਤੀ ਵੱਲ ਇਕ ਵੱਡਾ ਕਦਮ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਇਸ਼ਾਰੇ ’ਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ‘ਇੱਕ ਚੁੱਲ੍ਹਾ ਦਲ’ ਬਣ ਗਿਆ ਹੈ ਜਿਸ ਨੂੰ ਕੇਂਦਰ ਵਲੋਂ ਗੈਸ ਸਪਲਾਈ ਕੀਤੀ ਜਾ ਰਹੀ ਹੈ ਤਾਂ ਜੋ ਪੰਜਾਬ ਨੂੰ ਅੱਗ ਲਗਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਸਰਕਾਰਾਂ ਨਾਲੋਂ ਵੱਧ ਅਸੂਲ ਪਿਆਰੇ ਹਨ। ਅਕਾਲੀ ਦਲ ਦੇ ਇਤਿਹਾਸ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲਾ ਅਕਾਲੀ ਦਲ ਹੁਣ ਮਜ਼ਬੂਤ ਹੋ ਕੇ ਨਿਕਲੇਗਾ। ਅਕਾਲੀ ਦਲ ਨੂੰ ਕਮਜ਼ੋਰ ਹੋਇਆ ਵੇਖ ਸ਼੍ਰੋਮਣੀ ਕਮੇਟੀ ਤੋੜੀ ਗਈ ਤੇ ਹਰਿਆਣਾ ਲਈ ਵੱਖਰੀ ਕਮੇਟੀ ਬਣਾ ਦਿੱਤੀ ਗਈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ’ਤੇ ਕਬਜ਼ਾ ਕਰ ਲਿਆ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਬਜ਼ੇ ਵਿਚ ਕਰ ਲਈ ਗਈ। ਇਸ ਲਈ ਸਾਨੂੰ ਖ਼ਬਰਦਾਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਜੇ ਇਨ੍ਹਾਂ ਵਧੀਕੀਆਂ ਵਿਰੁੱਧ ਜੰਗ ਲੜਨੀ ਪਈ ਤਾਂ ਸਭ ਤੋਂ ਅੱਗੇ ਮੈਂ ਆਪ ਹੋਵਾਂਗਾ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ’ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੀ ਹਰ ਔਰਤ ਨੂੰ 1 ਹਜ਼ਾਰ ਰੁਪਇਆ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਸੀ, ਜੋ ਹੁਣ ਤੱਕ ਪੂਰਾ ਨਹੀਂ ਕੀਤਾ ਗਿਆ। ਸ. ਬਾਦਲ ਨੇ ਕਿਹਾ ਕਿ ਸਾਡੀ ਸਰਕਾਰ ਵੇਲੇ ਜੋ ਵਾਅਦਾ ਕੀਤਾ ਜਾਂਦਾ ਸੀ ਉਹ ਪੂਰਾ ਹੁੰਦਾ ਸੀ ਕਦੇ ਨਹੀਂ ਸੀ ਕਿਹਾ ਕਿ ਖ਼ਜ਼ਾਨਾ ਖ਼ਾਲੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਪੰਜਾਬ ਦੀ ਸਰਕਾਰ ਦਿੱਲੀ ਤੋਂ ਚਲਦੀ ਹੈ। ਲੈਂਡ ਪੂਲਿੰਗ ਨੀਤੀ ਵਾਪਸ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 1 ਸਤੰਬਰ ਨੂੰ ਮੋਗਾ ਵਿਚ ਫ਼ਤਹਿ ਰੈਲੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਣਨ ’ਤੇ ਅਜਿਹਾ ਕਾਨੂੰਨ ਬਣਾਵਾਂਗੇ ਕਿ ਪੰਜਾਬ ਵਿਚ ਸਰਕਾਰੀ ਨੌਕਰੀਆਂ ਕੇਵਲ ਪੰਜਾਬ ਦੇ ਨੌਜਵਾਨਾਂ ਨੂੰ ਹੀ ਮਿਲਣਗੀਆਂ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਿਮਾਚਲ, ਰਾਜਸਥਾਨ ਜਾਂ ਉਤਰਾਂਚਲ ਰਾਜ ਤੋਂ ਬਾਹਰਲਾ ਵਿਅਕਤੀ ਜ਼ਮੀਨ ਨਹੀਂ ਖ਼ਰੀਦ ਸਕਦਾ ਇਸੇ ਤਰ੍ਹਾਂ ਪੰਜਾਬ ਵਿਚ ਵੀ ਅਜਿਹਾ ਕਾਨੂੰਨ ਬਣਾਇਆ ਜਾਵੇਗਾ। ਜਸਵੀਰ ਸਿੰਘ ਜੱਸੀ ਵਲੋਂ ਕੀਤੇ ਮੰਚ ਸੰਚਾਲਨ ਦੌਰਾਨ ਸ. ਬਾਦਲ ਨੇ ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ ਜ਼ਿਲ੍ਹਿਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਦੇ ਹੱਕ ਵਿਚ ਤੂਫ਼ਾਨ ਖੜ੍ਹਾ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕਿਵੇਂ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਸੰਤ ਲੌਂਗੋਵਾਲ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਇਨਕਾਰ ਕੀਤਾ, ਇਨ੍ਹਾਂ ਵਿਚ ਪੰਜਾਬ ਨੂੰ ਇਸ ਦੀ ਰਾਜਧਾਨੀ ਚੰਡੀਗੜ੍ਹ ਦੇਣਾ ਵੀ ਸ਼ਾਮਿਲ ਸੀ।

# ਆਮਦਨ ਤੋਂ ਵੱਧ ਜਾਇਦਾਦ ਮਾਮਲੇ ’ਚ ਮਜੀਠੀਆ ਦੀ ਜ਼ਮਾਨਤ ਅਰਜ਼ੀ ਖ਼ਾਰਜ

ਐੱਸ. ਏ. ਐੱਸ. ਨਗਰ : ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਲੋਂ ਵਿਜੀਲੈਂਸ ਵਿਭਾਗ ਵਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ ਹੈ। ਅਦਾਲਤ ਵਿਚ ਬਚਾਅ ਧਿਰ ਵਲੋਂ ਵਕੀਲ ਡੀ. ਐੱਸ. ਸੋਬਤੀ ਅਤੇ ਅਕਾਲੀ ਦਲ ਦੇ ਬੁਲਾਰੇ ਵਕੀਲ ਅਰਸ਼ਦੀਪ ਸਿੰਘ ਕਲੇਰ ਪੇਸ਼ ਹੋਏ, ਜਦਕਿ ਇਸਤਗਾਸਾ ਪੱਖ ਵਲੋਂ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ, ਵਿਸ਼ੇਸ਼ ਸਰਕਾਰੀ ਵਕੀਲ ਪ੍ਰੀਤਇੰਦਰ ਪਾਲ ਸਿੰਘ ਅਤੇ ਜ਼ਿਲ੍ਹਾ ਅਟਾਰਨੀ (ਵਿਜੀਲੈਂਸ) ਮਨਜੀਤ ਸਿੰਘ ਪੇਸ਼ ਹੋਏ। ਇਸ ਮੌਕੇ ਵਿਜੀਲੈਂਸ ਬਿਊਰੋ ਦੇ ਡੀ.ਐੱਸ.ਪੀ. ਇੰਦਰਪਾਲ ਸਿੰਘ ਸਮੇਤ ਹੋਰ ਅਧਿਕਾਰੀ ਵੀ ਅਦਾਲਤ ਵਿਚ ਮੌਜੂਦ ਰਹੇ। ਜ਼ਿਕਰਯੋਗ ਹੈ ਕਿ ਮਜੀਠੀਆ 11 ਦਿਨਾਂ ਦੇ ਪੁਲਿਸ ਰਿਮਾਂਡ ਮਗਰੋਂ 6 ਜੁਲਾਈ ਤੋਂ ਨਿਆਇਕ ਹਿਰਾਸਤ ਤਹਿਤ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਨਜ਼ਰਬੰਦ ਹਨ। ਮੁਹਾਲੀ ਅਦਾਲਤ ਨੇ 14 ਅਗਸਤ ਨੂੰ ਨਾਭਾ ਜੇਲ੍ਹ ਤੋਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਪਿਛਲਾ ਨਿਆਇਕ ਰਿਮਾਂਡ ਖ਼ਤਮ ਹੋਣ ਮਗਰੋਂ ਮਜੀਠੀਆ ਦਾ ਰਿਮਾਂਡ 28 ਅਗਸਤ ਤੱਕ ਵਧਾ ਦਿੱਤਾ ਸੀ। ਦੱਸਣਯੋਗ ਹੈ ਕਿ ਮਜੀਠੀਆ ਵਲੋਂ 14 ਜੁਲਾਈ ਨੂੰ ਮੁਹਾਲੀ ਦੀ ਅਦਾਲਤ ਵਿਚ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ ਸੀ ਤੇ ਅੱਜ ਇਕ ਮਹੀਨੇ ਤੋਂ ਬਾਅਦ ਦੋਵਾਂ ਪੱਖਾਂ ਦੀ ਬਹਿਸ ਮੁਕੰਮਲ ਹੋਣ ਮਗਰੋਂ ਫ਼ੈਸਲੇ ਦੀ ਆਸ ਵਿਚ ਦੋਵਾਂ ਧਿਰਾਂ ਵਲੋਂ ਕਈ ਘੰਟਿਆਂ ਤੱਕ ਉਡੀਕ ਕੀਤੀ ਗਈ ਅਤੇ ਸ਼ਾਮ ਸਮੇਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਜ਼ਮਾਨਤ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ। ਫ਼ੈਸਲਾ ਸੁਣਾਏ ਜਾਣ ਉਪਰੰਤ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋਵਾਂ ਧਿਰਾਂ ਨੇ ਇਸ ਮਾਮਲੇ ਸੰਬੰਧੀ ਡੂੰਘਾਈ ਨਾਲ ਸਾਰੇ ਤੱਥ ਅਦਾਲਤ ਅੱਗੇ ਰੱਖੇ ਸਨ ਅਤੇ ਮਜੀਠੀਆ ’ਤੇ ਲੱਗੇ ਗੰਭੀਰ ਦੋਸ਼ਾਂ ਦੇ ਮਾਮਲੇ ਦੀ ਚੱਲ ਰਹੀ ਜਾਂਚ ਨੂੰ ਧਿਆਨ ’ਚ ਰੱਖਦਿਆਂ ਅਦਾਲਤ ਨੇ ਇਹ ਫ਼ੈਸਲਾ ਸੁਣਾਇਆ ਹੈ। ਇਸ ਮੌਕੇ ਵਿਸ਼ੇਸ਼ ਸਰਕਾਰੀ ਵਕੀਲ ਪ੍ਰੀਤਇੰਦਰ ਪਾਲ ਸਿੰਘ ਨੇ ਕਿਹਾ ਕਿ ਲਗਪਗ 300 ਸਫ਼ਿਆਂ ਦੀ ਜ਼ਮਾਨਤ ਪਟੀਸ਼ਨ ਵਿਚ ਬਚਾਅ ਧਿਰ ਦੀਆਂ ਦਲੀਲਾਂ ਦਾ ਉਨ੍ਹਾਂ ਵਲੋਂ ਵਿਰੋਧ ਕੀਤਾ ਗਿਆ, ਜਿਸ ਕਾਰਨ ਇਸ ਮਾਮਲੇ ’ਤੇ ਕਈ ਘੰਟਿਆਂ ਤੱਕ ਬਹਿਸ ਹੋਈ। ਅਦਾਲਤੀ ਹੁਕਮ ’ਤੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਅਗਲੇਰੀ ਕਾਰਵਾਈ ਤਹਿਤ ਮੁਹਾਲੀ ਅਦਾਲਤ ਵਲੋਂ ਸੁਣਾਏ ਗਏ ਫ਼ੈਸਲੇ ਦੀ ਕਾਪੀ ਹਾਸਿਲ ਕਰਕੇ ਜ਼ਮਾਨਤ ਦੀ ਰਾਹਤ ਲਈ ਹਾਈ ਕੋਰਟ ਵੱਲ ਰੁਖ਼ ਕੀਤਾ ਜਾਵੇਗਾ।



ਬਿਕਰਮ ਸਿੰਘ ਮਜੀਠੀਆ 25 ਜੂਨ ਲੈ ਕੇ ਅੱਜ ਤੱਕ ਪਹਿਲਾਂ ਵਿਜੀਲੈਂਸ ਦੀ ਗ੍ਰਿਫਤ ਹਨ ਅਤੇ ਹੁਣ ਨਾਭਾ ਦੀ ਜੇਲ ਦੇ ਵਿੱਚ ਬੰਦ ਹਨ। ਉਹਨਾਂ ਦੀ ਜ਼ਮਾਨਤ ਰੱਦ ਹੋਈ ਗਈ ਕਿਵੇਂ ਹੋਈ ਇਸ ਬਾਰੇ ਤੁਹਾਨੂੰ ਖੁੱਲ ਕੇ ਦੱਸਾਂਗੇ ਇਹਦੇ ਨਾਲ ਹੀ ਮਹੱਤਵਪੂਰਨ ਤੱਥ ਇਹ ਵੀ ਸਾਹਮਣੇ ਆਇਆ ਕਿ ਉਹਨਾਂ ਦੀ ਪਤਨੀ ਸ਼੍ਰੀਮਤੀ ਗਨੀਵ ਮਜੀਠਾ ਹਾਈਕੋਰਟ ਪਹੁੰਚੇ ਹਨ। ਪੰਜਾਬ ਵਿਜੀਲੈਂਸ ਵੱਲੋਂ ਉਹਨਾਂ ਨੂੰ ਸੰਮਨ ਜਾਰੀ ਕੀਤੇ ਗਏ ਸੀ। ਉਨ੍ਹਾਂ ਨੂੰ ਪੁੱਛਗਿੱਛ ਲਈ ਤਫਤੀਸ਼ ’ਚ ਸ਼ਾਮਿਲ ਕੀਤਾ ਸੀ। ਬਿਕਰਮ ਸਿੰਘ ਮਜੀਠੀਆ ਦੇ ਕੇਸ ਨਾਲ ਜੁੜੇ ਅਹਿਮ ਦਸਤਾਵੇਜ਼ ਜਿਨ੍ਹਾਂ ਦੇ ਆਧਾਰ ’ਤੇ ਪੰਜਾਬ ਵਿਜੀਲੈਂਸ ਨੇ 25 ਜੂਨ 2025 ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿਚ ਮਾਮਲਾ ਦਰਜ ਕੀਤਾ ਸੀ। ਵਿਜੀਲੈਂਸ ਵਲੋਂ 540 ਕਰੋੜ ਰੁਪਏ ਦੇ ਅਸਾਸੇ ਬਣਾਉਣ ਦਾ ਦਾਅਵਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਆਖਿਰ ਅਮੀਰ ਬੰਦੇ ਕਿਵੇਂ ਕੰਪਨੀਆਂ ਬਣਾ ਕੇ ਪੈਸੇ ਨੂੰ ਘੁਮਾ ਕੇ ਆਪਣੇ ਹਿੱਤਾਂ ਲਈ ਵਰਤਦੇ ਹਨ। ਪ੍ਰਾਪਰਟੀ ਖਰੀਦੇ ਹਨ ਉਨ੍ਹਾਂ ਪੈਸਿਆਂ ’ਤੇ ਕਿਵੇਂ ਸਾਰਾ ਤੰਦੂਆ ਜਾਲ ਬਣਾਇਆ। ਵਿਜੀਲੈਂਸ ਦੀ ਜਿਹੜੀ ਸੈਟ ਬਣੀ ਉਸ ਜਾਂਚ ਦੌਰਾਨ ਇਕ ਬੁੱਧ ਸਿੰਘ ਨਾਂ ਦੇ ਬੰਦੇ ਦਾ ਨਾਮ ਸਾਹਮਣੇ ਆਇਆ। ਬੁੱਧ ਸਿੰਘ ਸੰਗਰੂਰ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਬੁੱਧ ਸਿੰਘ ਨੇ ਬਿਕਰਮ ਸਿੰਘ ਮਜੀਠੀਏ ਨੂੰ ਬਹੁਤ ਮਹਿੰਗੀ ਲਗਜ਼ਰੀ ਗੱਡੀ ਆਪਣੇ ਨਾਮ ’ਤੇ ਖਰੀਦ ਕੇ ਦਿੱਤੀ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਕਿਹਾ ਕਿ ਇਸ ਨੂੰ ਤੁਸੀਂ ਚਲਾਓ। ਬੁੱਧ ਸਿੰਘ ਨੇ ਕਿਹਾ ਕਿ ਇਹ ਗੱਡੀ ਤੁਹਾਡੀ ਹੈ ਤੁਸੀਂ ਰੱਖੋ ਅਤੇ ਨਾਲ ਹੀ 45 ਲੱਖ ਰੁਪਿਆ ਦਿੱਤਾ ਗੱਡੀ ਦੀ ਸਰਵਿਸ ਕਰਾਉਣ ਲਈ ਅਤੇ ਤੇਲ ਪਾਉਣ ਲਈ। ਇਸ ਬਾਰੇ ਉਨ੍ਹਾਂ ਕਿਹਾ ਕਿ ਇਹ ਉਧਾਰ ਦਿੱਤਾ ਜਾਂ ਲੋਨ ਦਿੱਤਾ ਸੀ। ਅਜਿਹੇ ਬੰਦੇ ਸਿਰਫ਼ ਅਮੀਰ ਬੰਦਿਆਂ ਨੂੰ ਮਿਲਦੇ ਜਾਂ ਸਿੱਧੇ ਸਿਆਸਤਦਾਨਾਂ ਨੂੰ ਮਿਲਦੇ ਹਨ ਜਿਹੜੇ ਪੈਸੇ ਦੇ ਕੇ ਵਾਪਸ ਨਹੀਂ ਲੈਂਦੇ। ਸਰਦਾਰ ਬੁੱਧ ਸਿੰਘ ਨੇ ਇਹ ਵੀ ਕਿਹਾ ਕਿ ਮੈਂ ਪੈਸੇ ਉਧਾਰ ਕੀਤੇ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਗੱਡੀ ਤੇ ਨੰਬਰ ਉਸੇ ਤਰ੍ਹਾਂ ਮਿਲਦਾ ਜੁੜਦਾ ਲਾਇਆ ਜਾਂਦਾ ਜਿਸ ਤਰ੍ਹਾਂ ਦਾ ਨੰਬਰ ਸਰਾਇਆ ਇੰਡਸਟਰੀ ਭਾਵ ਫੈਂਸੀ ਨੰਬਰ ਵੀਆਈਪੀ ਨੰਬਰ ਜਿਸ ਦੀ ਕੀਮਤ ਲੱਖਾਂ ਕਰੋੜਾਂ ਦੇ ਵਿੱਚ ਹੈ। ਉਸ ਗੱਡੀ ਤੇ ਵਿਧਾਨ ਸਭਾ ਦਾ ਸਟਿਕਰ ਵੀ ਲੱਗਿਆ ਹੋਇਆ ਸੀ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਮੋਹਾਲੀ ਖੇਤਰ ਦੇ ਇੱਕ ਵੱਡੇ ਬਿਲਡਰਜ ਰਣਜੀਤ ਸਿੰਘ ਗਿੱਲ ਜਿਨ੍ਹਾਂ ਦੇ ਗਿੱਲ ਕੋਨਾ ਦੇ ਨਾਂ ’ਤੇ ਇਥੇ ਵੱਡੀਆਂ ਵੱਡੀਆਂ ਕਲੋਨੀਆਂ ਅਤੇ ਇੰਡਸਟਰੀਅਲ ਸੈਕਟਰ ਅਤੇ ਬਹੁਤ ਕੁਝ ਕੱਟਿਆ ਹੋਇਆ ਉਹ ਰੋਪੜ ਜ਼ਿਲ੍ਹੇ ਦਾ ਰਹਿਣ ਵਾਲਾ ਹੈ, ਪਹਿਲਾਂ ਉਹਨਾਂ ਦਾ ਭੱਠਾ ਸੀ ਉਸ ਤੋਂ ਬਾਅਦ ਜਿਵੇਂ ਰੀਅਲ ਅਸਟੇਟ ਦੇ ਵਿੱਚ ਪੈਰ ਧਰਿਆ ਤਾਂ ਚਾਰੇ ਪਾਸੇ ਪੈਸਾ ਹੀ ਪੈਸਾ ਹੋ ਗਿਆ। ਇਸ ਦੌਰਾਨ ਜਦੋਂ ਬਿਕਰਮ ਸਿੰਘ ਮਜੀਠੀਆ ਗ੍ਰਿਫਤਾਰ ਹੋਇਆ ਤਾਂ ਕਈਆਂ ਨੂੰ ਭਾਂਜੜਾਂ ਪੈ ਗਈਆਂ ਤੇ ਰਣਜੀਤ ਸਿੰਘ ਗਿੱਲ ਦੀ ਰਾਜਨੀਤੀ ਵੀ ਇੱਕ ਤਰ੍ਹਾਂ ਖਿਲਰ ਗਈ। ਰਣਜੀਤ ਸਿੰਘ ਗਿੱਲ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ੇ ਦੀ ਅਫ਼ਵਾਹ ਉਠੀ ਕਿ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ ਪਰ ਉਹ ਭਾਰਤੀ ਜਨਤਾ ਪਾਰਟੀ ਦੇ ਵਿੱਚ ਸ਼ਾਮਿਲ ਹੋ ਗਏ। ਰਣਜੀਤ ਸਿੰਘ ਗਿੱਲ ਦੀ ਰਿਲਾਇੰਸ ਫਾਈਨਾਂਸ ਕੰਪਨੀ ਤੋਂ 7 ਕਰੋੜ ਰੁਪਏ ਦਾ ਲੋਨ ਰਣਜੀਤ ਸਿੰਘ ਗਿੱਲ ਨੇ ਲਿਆ। 8 ਅਗਸਤ 2012 ਤੱਕ ਤਕਰੀਬਨ 13 ਸਾਲ ਹੋ ਗਏ 7 ਕਰੋੜ ਦੇ ਲੋਨ ਲਏ ਨੂੰ। 24 ਅਗਸਤ 2012 ਨੂੰ ਇਹ ਪੈਰਾਗਰਾਏ ਸਰਾਇਆ ਆਰਗੈਨਿਕ ਪ੍ਰਾਈਵੇਟ ਲਿਮਟਿਡ ਟਰਾਂਸਫਰ ਹੋਇਆ ਤਿੰਨ ਕਰੋੜ ਰੁਪਏ ਜੋ ਕਿ ਰਣਜੀਤ ਸਿੰਘ ਨੇ ਦਿੱਤਾ। ਉਨ੍ਹਾਂ ਨੇ ਇਨਕਮ ਟੈਕਸ ਰਿਟਰਨ ਫਾਈਲ ਕਰਨ ਸਮੇਂ ਤਿੰਨ ਕਰੋੜ ਰੁਪਿਆ ਦਿਖਾਇਆ। ਅਗਲੀ ਤਫਤੀਸ਼ ਦੇ ਵਿੱਚ ਸਾਹਮਣੇ ਆਇਆ ਕਿ ਸਤ ਕਰੋੜ ਰੁਪਿਆ ਰਿਲਾਇੰਸ ਤੋਂ ਲਿਆ ਜਾਂਦਾ ਤਿੰਨ ਕਰੋੜ ਰੁਪਏ ਦੀ ਮਨੀ ਟਰਾਂਸਫਰ। ਟਰਾਂਜੈਕਸ਼ਨ ਜਿਹੜੀ ਉਹ ਪੈਰਾਗਰਾ ਨੂੰ ਸਰਾਇਆ ਆਰਗੈਨਿਕ ਪ੍ਰਾਈਵੇਟ ਲਿਮਟਿਡ ਨੂੰ ਚਾਰ ਕਰੋੜ ਰੁਪਿਆ ਰਣਜੀਤ ਸਿੰਘ ਦੀਆਂ ਕੰਪਨੀਆਂ ਵੱਲੋਂ ਨਕਦ ਬੈਂਕ ’ਚੋਂ ਕਢਾਇਆ 7 ਕਰੋੜ ਪੂਰਾ ਹੋ ਗਿਆ। 3 ਕਰੋੜ ਦੀ ਐਂਟਰੀ ਮਜੀਠੀਆ ਦੇ ਪਰਿਵਾਰ ਨਾਲ ਸੰਬੰਧਿਤ ਕੰਪਨੀ ’ਚ ਜਾਂਦੀ ਹੈ। ਇਹ ਤੱਥ ਅਜੇ ਸਾਹਮਣੇ ਨਹੀਂ ਆਏ ਕਿ ਰਿਲਾਇਸ ਤੋਂ ਜਿਹੜਾ 7 ਕਰੋੜ ਲਿਆ ਸੀ ਉਹ ਵਾਪਸ ਕਰ ਦਿੱਤਾ ਜਾਂ ਨਹੀਂ। ਚਾਰ ਕਰੋੜ ਰੁਪਏ ਜਿਹੜਾ ਨਗਦ ਕਢਾਇਆ ਸੀ ਉਹ ਕਿਥੇ ਖਰਚਿਆ ਇਹ ਗੱਲਾਂ ਵੀ ਅਜੇ ਖੁੱਲਣਗੀਆਂ। ਇਸੇ ਦੌਰਾਨ 7 ਕਰੋੜ ਰੁਪਏ ਦਾ ਇਕ ਜਹਾਜ਼ ਵੀ ਖ੍ਰੀਦਿਆ ਗਿਆ। ਇਸ ਕੰਪਨੀ ’ਚ ਡਾਇਰੈਕਟਰ ਕੌਣ ਸਨ ਗਜਪਤ ਸਿੰਘ ਗਰੇਵਾਲ ਤੇ ਪਰਮਜੀਤ ਸਿੰਘ। ਗਰੇਵਾਲ ਬਿਕਰਮ ਸਿੰਘ ਮਜੀਠੀਆ ਦੇ ਸਾਲਾ ਤੇ ਜਿਹੜੇ ਪਰਮਜੀਤ ਸਿੰਘ ਇਹਨਾਂ ਦੇ ਵੱਡੇ ਭਰਾ ਗੁਰਮੇਲ ਸਿੰਘ ਤੇ ਬਿਕਰਮ ਸਿੰਘ ਮਜੀਠੀਆ ਤੇ ਗੁਰਮੇਲ ਮਜੀਠੀਆ ਸੁਖਬੀਰ ਸਿੰਘ ਬਾਦਲ ਦੇ ਸਾਲੇ ਹਨ। ਸਰਾਇਆ ਇੰਡਸਟਰੀ ਛੱਡ ਕੇ ਬਿਕਰਮ ਸਿੰਘ ਮਜੀਠੀਆ ਸੁਰਖਰੂ ਹੋਣ ਦਾ ਯਤਨ ਕਰਦੇ ਹਨ ਕਿ ਮੇਰਾ ਸਰਾਇਆ ਇੰਡਸਟਰੀ ਨਾਲ ਕੋਈ ਸੰਬੰਧ ਨਹੀਂ ਇਸ ਲਈ ਜੋ ਕੁਝ ਕੀਤਾ ਸਰਾਇਆ ਇੰਡਸਟਰੀ ਨੇ ਕੀਤਾ। ਮੈਂ ਤਾਂ ਬਿਲਕੁਲ ਦੁੱਧ ਹਾਂ। ਮੇਰਾ ਕੋਈ ਲੈਣ ਦੇਣ ਨਹੀਂ ਪ੍ਰਭੂ ਮੈਨੂੰ ਛੱਡੋ। ਵਿਜੀਲੈਂਸ ਬਿਊਰੋ ਨੇ ਇੱਕ ਦਾਅਵਾ ਕੀਤਾ ਕਿ ਮਜੀਠੀਆ ਦਾ 1000 ਕਿੱਲਾ ਹਿਮਾਚਲ ਵਿੱਚ ਹੈ। ਬਿਕਰਮ ਸਿੰਘ ਮਜੀਠੀਆ ਦੀ 1000 ਕਿੱਲਾ ਜ਼ਮੀਨ ਨਹੀਂ ਸੀ ਪਰ ਉਥੇ ਜੋ ਘਰ ਖਰੀਦਿਆ ਗਿਆ ਉਸ ਦੀ ਕੀਮਤ 67 ਲੱਖ ਰੁਪਏ ਦੀ ਰਜਿਸਟਰੀ ਦਿਖਾਈ ਗਈ ਪਰ ਪੰਜਾਬ ਵਿਜੀਲੈਂਸ ਬਿਊਰੋ ਇਹ ਦਾਅਵਾ ਕਰਦੀ ਹੈ ਕਿ ਉਸ ਦੀ ਉਸ ਵੇਲੇ ਮਾਰਕਿਟ ਕੀਮਤ 1.63 ਕਰੋੜ ਸੀ। ਵਿਜੀਲੈਂਸ ਦਾ ਕਹਿਣਾ ਹੈ ਕਿ ਇਹ 96 ਕਰੋੜ ਰੁਪਏ ਦਾ ਹੇਰ ਫੇਰ ਹੋਇਆ ਸੀ। ਪੰਜਾਬ ਦੀ ਵਿਜੀਲੈਂਸ ਬਿਊਰੋ ਨੇ ਪਿਛਲੇ ਪੌਣੇ ਦੋ ਮਹੀਨਿਆਂ ਦੇ ਸਮੇਂ ਦੌਰਾਨ ਤਕਰੀਬਨ 100 ਬੰਦੇ ਦੇ ਬਿਆਨ ਦਰਜ ਕੀਤੇ ਹਨ।

ਇਕ ਹੋਰ 90 ਕਿੱਲੇ ਬਾਲਾ ਸਰ ਫਾਰਮ ਦੇ ਨੇੜੇ ਜ਼ਰੂਰ ਹੱਥੀ ਲੱਗੀ। ਇਸ ਗੱਲ ਨੂੰ ਬਿਕਰਮ ਸਿੰਘ ਮਜੀਠੀਆ ਜਾਂ ਉਹਨਾਂ ਦੇ ਵਕੀਲ ਨਹੀਂ ਮੁਕਰ ਸਕਦੇ ਕਿਉਂਕਿ ਇਨ੍ਹਾਂ 90 ਕਿਲ੍ਹਿਆਂ ਦੇ ਵਿੱਚ ਬਿਕਰਮ ਸਿੰਘ ਮਜੀਠੀਆ ਤੀਜੇ ਨੰਬਰ ਦੇ ਹਿੱਸੇਦਾਰ ਹਨ। ਭਾਵ ਤਿੰਨ ਹਿੱਸੇਦਾਰ ਹਨ ਇੱਕ ਹਿੱਸੇਦਾਰ ਉਹਨਾਂ ’ਚ ਬਿਕਰਮ ਸਿੰਘ ਮਜੀਠੀਆ ਨੇ ਸਿੰਘ ਫਾਰਮ ਦੇ ਨਾਂ ਤੇ ਇਹ ਪੈਸਾ ਤਬਦੀਲ ਕੀਤਾ। ਸ੍ਰ. ਬਿਕਰਮ ਸਿੰਘ ਮਜੀਠੀਆ ਦੇ ਪਿਤਾ ਸਰਦਾਰ ਸਤਿਆਜੀਤ ਸਿੰਘ ਮਜੀਠੀਆ ਜੀ ਨੇ ਸਿੰਘ ਫਾਰਮ ਤੋਂ ਪੈਸਾ ਤਬਦੀਲ ਕੀਤਾ। ਸਤਿਆਜੀਤ ਮਜੀਠੀਆ ਜੀ ਜੋ ਕਿ ਬਾਲਾ ਸਰ ਫਾਰਮ ਬਾਦਲ ਪਰਿਵਾਰ ਦਾ ਬਹੁਤ ਮਸ਼ਹੂਰ ਫਾਰਮ ਉਸ ਵੇਲੇ ਚਰਚਾ ’ਚ ਆਇਆ ਸੀ, ਉਸ ਵੇਲੇ ਭਾਰੀ ਵਿਵਾਦਾਂ ਦਾ ਕਾਰਨ ਬਣਿਆ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਪਰਿਵਾਰ ’ਤੇ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਜਾਇਦਾਦ ਦਾ ਮਾਮਲਾ ਦਰਜ ਕੀਤਾ ਸੀ। ਇਹ ਗੱਲ 2003 ਹੈ ਉਦੋਂ 90 ਕਿੱਲੇ ਜ਼ਮੀਨ ਬਿਕਰਮ ਸਿੰਘ ਮਜੀਠੀਆ ਨੇ ਖਰੀਦੀ। ਜਦੋਂ ਜ਼ਮੀਨ ਦੀ ਰਜਿਸਟਰੀ ਹੁੰਦੀ ਹੈ ਤਾਂ ਉਸ ਨੂੰ ਬਰਾਨੀ ਕਰਾਰ ਦੇ ਕੇ ਉਸਦੀ ਰਜਿਸਟਰੀ ਹੋਈ। ਵਿਜੀਲੈਂਸ ਬਿਊਰੋ ਨੇ ਕਿਹਾ ਕਿ ਜੇ ਉਹ ਬਰਾਨੀ ਹੈ ਬੰਜਰ ਜ਼ਮੀਨ ਹੈ ਤਾਂ ਬੰਜਰ ਜ਼ਮੀਨ ’ਚੋਂ ਪੈਸਾ ਕਿਵੇਂ ਆ ਗਿਆ। ਉਥੋਂ ਆਮਦਨ ਕਿਵੇਂ ਆ ਗਈ ਬੰਜਰ ਜ਼ਮੀਨਾਂ ਵਾਲੇ ਤਾਂ ਭੁੱਖੇ ਮਰਦੇ ਫਿਰਦੇ ਹਨ, ਖੁਦਕੁਸ਼ੀਆਂ ਕਰਦੇ ਫਿਰਦੇ ਹਨ। ਉਹ ਪੈਸਾ ਤਬਦੀਲ ਹੋ ਰਿਹਾ ਸੱਤਿਆਜੀਤ ਸਿੰਘ ਮਜੀਠੀਆ ਨੂੰ। ਸੱਤਿਆਜੀਤ ਸਿੰਘ ਮਜੀਠੀਆ ਸ਼੍ਰੀਮਤੀ ਗਨੀਵ ਮਜੀਠਾ ਨੂੰ ਅੱਗੇ ਟਰਾਂਸਫਰ ਕਰਦੇ ਹਨ ਤੇ ਗਨੀਬ ਮਜੀਠੀਆ ਉਸੇ ਪੈਸੇ ਨਾਲ ਜ਼ਮੀਨ ਖਰੀਦ ਦੇ ਹਨ। ਇਹ ਕੰਪਨੀਆਂ ਬਿਕਰਮ ਸਿੰਘ ਮਜੀਠੀਆ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਦੀਆਂ ਹਨ। ਉਹਨਾਂ ਨੂੰ ਗੱਡੀਆਂ ਵੀ ਦਿੰਦੀਆਂ ਹਨ ਸਾਰਾ ਕੁਝ ਦਿੰਦੀਆਂ ਤੇ ਇਹ ਕਹਿੰਦੇ ਕੰਪਨੀਆਂ ਨਾਲ ਮੇਰਾ ਕੋਈ ਲੈਣ ਦੇਣ ਨਹੀਂ।

ਬਿਕਰਮ ਸਿੰਘ ਮਜੀਠੀਆ ਵੱਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਇਸ ਕੰਪਨੀ ਨਾਲ ਉਹਨਾਂ ਦਾ ਕੋਈ ਲੈਣ ਦੇਣ ਨਹੀਂ ਜਦੋਂ ਉਹ ਮੰਤਰੀ ਬਣਦੇ ਹਨ ਤਾਂ ਇਸ ਕੰਪਨੀ ਤੋਂ ਉਹਨਾਂ ਨੇ ਰਿਜਾਇਨ ਕਰ ਦਿੱਤਾ ਸੀ। ਠੀਕ ਹੈ ਉਹਨਾਂ ਨੇ ਉਸ ਕੰਪਨੀ ਨੂੰ ਛੱਡ ਦਿੱਤਾ ਸੀ। ਭਾਵ ਮਾੜੀ ਮੋਟੀ ਸ਼ੇਅਰ ਪੋਲਡਿੰਗ ਸੀ ਜਿੰਨੀ ਕਿ ਪਿਤਾ ਪੁਰਖੀ ਦਾਦਿਆਂ ਵੱਲੋਂ ਦਿੱਤੀ ਗਈ ਸੀ। ਬਿਕਰਮ ਸਿੰਘ ਮਜੀਠੀਆ 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਹਨਾਂ ਨੂੰ ਮਜੀਠਾ ਵਿਧਾਨ ਸਭਾ ਹਲਕੇ ਤੋਂ ਟਿਕਟ ਦਿੱਤੀ ਜਾਂਦੀ ਹੈ ਤੇ ਉਹ ਚੋਣ ਜਿੱਤ ਜਾਂਦੇ ਹਨ ਤੇ ਮੰਤਰੀ ਬਣਦੇ ਹਨ। ਪਹਿਲੀ ਵਾਰ ਉਹ ਡੇਢ ਦੋ ਸਾਲ ਮੰਤਰੀ ਰਹਿੰਦੇ ਹਨ। 2006 ਤੋਂ 2007 ਦਾ ਜਿਹੜਾ ਵਿੱਤੀ ਵਰ੍ਹੇ ਭਾਵ ਉਹਨਾਂ ਦੇ ਮੰਤਰੀ ਬਣਨ ਤੋਂ ਪਹਿਲਾਂ ਦਾ ਉਦੋਂ ਜਿਹੜੀ ਸਰਾਇਆ ਇੰਡਸਟਰੀ ਹੈ ਉਹਦੀ ਸੇਲ 304 ਕਰੋੜ ਰੁਪਏ ਸੀ। 2007-08 ਵਿੱਚ ਇਹ ਵੱਧ ਕੇ ਸੇਲ 353 ਕਰੋੜ ਰੁਪਏ ਹੋ ਗਈ। ਅਗਲੀ ਗੱਲ ਦੇਖਣ ਵਾਲੀ ਇਹ ਹੈ ਕਿ ਉਹਨਾਂ ਦੀ ਪ੍ਰੋਪਰਟੀ 223 ਕਰੋੜ ਬਣ ਗਈ। ਇੱਕ ਸਾਲ ਦੇ ਵਿੱਚ ਵਿੱਚ ਆਮਦਨ 253 ਹੋ ਜਾਂਦੀ ਹੈ। 2008 ਤੋਂ 2009 ਵਿਚ 417 ਕਰੋੜ ਰੁਪਏ। 2009-2010 ਵਿੱਚ 365 ਕਰੋੜ ਦੀ ਸੇਲ। 2010 ਵਿੱਚ 530 ਕਰੋੜ ਦੀ ਸੇਲ। 2012-13-14 ਤੱਕ 196 ਕਰੋੜ। ਇਹ 196 ਕਰੋੜ ਕਿੱਥੋਂ ਆਇਆ। ਉਨ੍ਹਾਂ ਕਿਹਾ ਕਿ ਕੰਪਨੀ ਦੀ ਕੈਸ਼ ਬੁੱਕ ਤੇ ਬੈਂਕ ਖਾਤਿਆਂ ਵਿਚ ਬਹੁਤ ਫਰਕ ਹੈ। ਕੈਸ਼ ਬੁੱਕ ਵਿੱਚ 1106 ਕਰੋੜ ਰੁਪਏ ਦੀਆਂ ਐਂਟਰੀ ਸਾਹਮਣੇ ਆਉਂਦੀਆਂ ਹਨ ਤੇ ਬੈਂਕ ਵਿੱਚ 1342 ਕਰੋੜ ਰੁਪਏ ਜਮ੍ਹਾਂ ਹੁੰਦੇ ਹਨ। ਇਹ 236 ਕਰੋੜ ਰੁਪਏ ਦਾ ਤੇ ਪੈਸਾ ਕਿੱਥੋਂ ਆਇਆ। ਪੰਜਾਬ ਵਿਜੀਲੈਂਸ ਬਿਊਰੋ ਕਹਿੰਦੀ ਹੈ ਕਿ ਇਹ ਸਾਰਾ ਪੈਸਾ ਜਦੋਂ ਕੰਪਨੀ ਦੇ ਖਾਤਿਆਂ ਵਿੱਚ ਆਉਂਦਾ ਹੈ ਇਹ ਉਹੀ ਦੌਰ ਸੀ ਜਦੋਂ ਡਰੱਗ ਲੋਰਡ ਦੇ ਨਾਂ ’ਤੇ ਮਸ਼ਹੂਰ ਜਗਦੀਸ਼ ਭੋਲਾ ਜੋ ਕਿ ਪੰਜਾਬ ਪੁਲਿਸ ਦਾ ਇੱਕ ਸਾਬਕਾ ਡੀਐਸਪੀ ਸੀ ਉਹ ਡਰੱਗ ਕੇਸ ਦੇ ਵਿੱਚ ਨਾਮਜ਼ਦ ਸੀ ਉਸ ਵਲੋਂ ਕਥਿਤ ਤੌਰ ’ਤੇ ਬਿਕਰਮ ਸਿੰਘ ਮਜੀਠੀਆ ਦਾ ਨਾਮ ਲਿਆ ਜਾਂਦਾ ਤੇ ਉਦੋਂ ਹੀ ਸੱਤਾ ਪਿੰਦੀ ਵਗੈਰਾ ਇਹਨਾਂ ਦੇ ਸੰਪਰਕ ਵਿੱਚ ਆਉਂਦੇ ਹਨ ਜੋ ਕਿ ਉਸੇ ਕੇਸ ਦੀ ਤਫਤੀਸ਼ ਦਾ ਪਾਰਟ ਹਨ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਨੂੰ ਮਿਲੀ ਵੱਡੀ ਰਾਹਤ

## ਸੁਪਰੀਮ ਕੋਰਟ ਨੇ ਹਿੰਸਾ ਦੇ ਮਾਮਲਿਆਂ ’ਚ ਦਿੱਤੀ ਜ਼ਮਾਨਤ

ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਪੀਟੀਆਈ ਦੇ ਸੰਸਥਾਪਕ ਇਮਰਾਨ ਖਾਨ ਨੂੰ 9 ਮਈ ਦੇ ਦੰਗਿਆਂ ਨਾਲ ਸਬੰਧਤ ਅੱਠ ਮਾਮਲਿਆਂ ਵਿੱਚ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਲਾਹੌਰ ਹਾਈ ਕੋਰਟ ਦੇ ਉਸ ਫੈਸਲੇ ਨੂੰ ਪਲਟ ਦਿੱਤਾ ਜਿਸ ਨੇ ਪਹਿਲਾਂ ਉਨ੍ਹਾਂ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਯਾਹੀਆ ਅਫਰੀਦੀ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਦੋਵਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਫੈਸਲਾ ਸੁਣਾਇਆ। ਬੈਂਚ ਦਾ ਗਠਨ ਦਿਨ ਦੇ ਸ਼ੁਰੂ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਜਸਟਿਸ ਹਸਨ ਅਜ਼ਹਰ ਰਿਜ਼ਵੀ ਨੇ ਜਸਟਿਸ ਮੀਆਂ ਗੁਲ ਹਸਨ ਔਰੰਗਜ਼ੇਬ ਦੀ ਜਗ੍ਹਾ ਲਈ ਸੀ। ਸੁਣਵਾਈ ਦੌਰਾਨ, ਚੀਫ ਜਸਟਿਸ ਨੇ ਇਸਤਗਾਸਾ ਪੱਖ ਤੋਂ ਦੋ ਮੁੱਖ ਨੁਕਤਿਆਂ ’ਤੇ ਸਵਾਲ ਪੁੱਛੇ: ਕੀ ਜ਼ਮਾਨਤ ਮਾਮਲੇ ਵਿੱਚ ਅੰਤਿਮ ਫੈਸਲਾ ਦਿੱਤਾ ਜਾ ਸਕਦਾ ਹੈ, ਅਤੇ ਕੀ ਇਕਸਾਰਤਾ ਦਾ ਸਿਧਾਂਤ ਲਾਗੂ ਹੁੰਦਾ ਹੈ, ਕਿਉਂਕਿ ਸੁਪਰੀਮ ਕੋਰਟ ਨੇ ਪਹਿਲਾਂ 9 ਮਈ ਦੇ ਸਮਾਨ ਸਾਜ਼ਿਸ਼ ਮਾਮਲਿਆਂ ਵਿੱਚ ਜ਼ਮਾਨਤ ਦਿੱਤੀ ਸੀ। ਵਿਸ਼ੇਸ਼ ਵਕੀਲ ਜ਼ੁਲਫਿਕਾਰ ਨਕਵੀ ਨੇ ਇੱਕ ਦਿਨ ਦੀ ਮੁਲਤਵੀ ਤੋਂ ਬਾਅਦ ਦਲੀਲਾਂ ਦੁਬਾਰਾ ਸ਼ੁਰੂ ਕੀਤੀਆਂ, ਇਸ ਗੱਲ ’ਤੇ ਜ਼ੋਰ ਦਿੱਤਾ ਕਿ ਜ਼ਮਾਨਤ ਦੇ ਹੁਕਮ ਹਮੇਸ਼ਾ ਅੰਤਰਿਮ ਹੁੰਦੇ ਹਨ ਅਤੇ ਮੁਕੱਦਮੇ ਦੀ ਕਾਰਵਾਈ ਨੂੰ ਪ੍ਰਭਾਵਤ ਨਹੀਂ ਕਰਦੇ। ਉਨ੍ਹਾਂ 1996 ਤੋਂ 2024 ਤੱਕ ਕਈ ਉਦਾਹਰਣਾਂ ਦਿੱਤੀਆਂ। ਹਾਲਾਂਕਿ, ਅਦਾਲਤ ਨੇ ਨੋਟ ਕੀਤਾ ਕਿ ਪਿਛਲੇ ਮਾਮਲਿਆਂ ਵਿੱਚ, ਜਿਨ੍ਹਾਂ ਵਿੱਚ ਪੀਟੀਆਈ ਨੇਤਾ ਏਜਾਜ਼ ਚੌਧਰੀ ਵੀ ਸ਼ਾਮਲ ਹੈ, ਨੂੰ ਸਾਜ਼ਿਸ਼ ਦੇ ਦੋਸ਼ਾਂ ਦੇ ਬਾਵਜੂਦ ਜ਼ਮਾਨਤ ਦਿੱਤੀ ਗਈ ਸੀ। ਚੀਫ਼ ਜਸਟਿਸ ਅਫਰੀਦੀ ਨੇ ਇਸਤਗਾਸਾ ਨੂੰ ਇਹ ਦੱਸਣ ਦਾ ਨਿਰਦੇਸ਼ ਦਿੱਤਾ ਕਿ ਖਾਨ ਦਾ ਕੇਸ ਕਿਵੇਂ ਵੱਖਰਾ ਸੀ। ਕਾਰਵਾਈ ਕੁਝ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਜਿਸ ਤੋਂ ਬਾਅਦ ਬੈਂਚ ਨੇ ਐਲਾਨ ਕੀਤਾ ਕਿ ਖਾਨ ਦੀਆਂ ਜ਼ਮਾਨਤ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ ਗਿਆ ਹੈ। ਅਦਾਲਤ ਨੇ ਕਿਹਾ ਕਿ ਇੱਕ ਲਿਖਤੀ ਹੁਕਮ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ।



# ਖ਼ਾਲਸਾ 'ਖੰਡਾ ਕੁਲ' ਜਾਂ 'ਲਵ-ਕੁਸ਼' ਦੀ ਕੁਲ ?

**(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)**

ਕਈ ਵੇਰ ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਤੀ ਭਰਮ ਭੁਲੇਖਾ ਪਾਉਣ ਲਈ ਨਿਰਰਥਕ ਹੀ ਸ਼ੋਸਾ ਛੱਡ ਦਿੱਤਾ ਜਾਂਦਾ ਹੈ ਕਿ ਦਸਮ ਗ੍ਰੰਥ ਮੁਤਾਬਕ ਖਾਲਸਾ ਲਵ-ਕੁਸ਼ ਦੀ ਸੰਤਾਨ ਹੈ। ਅਕਾਲ ਪੁਰਖ਼ ਦੀ ਆਗਿਆ ਨਾਲ ਪ੍ਰਗਟੇ ਨਿਆਰੇ ਖ਼ਾਲਸੇ ਦੀ ਕੁਲ ਅਤੇ ਸੋਮੇਂ ਬਾਰੇ ਕੀ ਇਹ ਵਿਚਾਰ ਪੰਥ ਦੇ ਹਿਤ ਵਿੱਚ ਅਤੇ ਗੁਰਮਤਿ, ਗੁਰ ਇਤਿਹਾਸ ਅਨੁਸਾਰ ਸਹੀ ਹਨ? ਕੌਮ ਲਈ ਅਧਿਆਤਮਿਕ ਅਤੇ ਇਤਿਹਾਸਕ ਧਰਾਤਲ ਤੇ ਕੀ ਕੁਲ ਦੀ ਕੋਈ ਮਹੱਤਤਾ ਹੈ?

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਲਵ-ਕੁਸ਼ ਦਾ ਹਵਾਲਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ ਕਿ ਸੀਯਾ-ਰਾਮ ਦੇ ਇਹਨਾਂ ਦੋਹਾਂ ਪੁੱਤਰਾਂ ਨੇ ਲਾਹੌਰ ਅਤੇ ਕਸੂਰ ਸ਼ਹਿਰ ਵਸਾਏ,

**ਤਹੀ ਤਿਨੈ ਬਾਧੇ ਦੁਇ ਪੁਰਵਾ॥**
**ਏਕ ਕਸੂਰ ਦੁਤੀਯ ਲਹੁਰਵਾ॥**
**ਅਧਕ ਪੁਰੀ ਤੇ ਦੋਊ ਬਿਰਾਜੀ॥**
**ਨਿਰਖਿ ਲੰਕ ਅਮਰਾਵਤਿ ਲਾਜੀ ॥੨੪॥**

ਇਸ ਗੱਲ ਦੀ ਤਸਦੀਕ ਕਈ ਇਤਿਹਾਸਕ ਹਵਾਲਿਆਂ ਵਿਚ ਵੀ ਮਿਲਦੀ ਹੈ। ਹੋਰ ਤਾਂ ਹੋਰ ਅੱਜ ਵੀ ਲਾਹੌਰ ਕਿਲੇ ਦੇ ਅੰਦਰ ਇਕ ਛੋਟਾ ਜਿਹਾ ਮੰਦਰ ਲਵ ਦੇ ਨਾਮ ਤੇ ਮੌਜੂਦ ਹੈ। ਜਿਸ ਨੂੰ ਵਿਸ਼ਵ ਵਿਰਾਸਤੀ ਸਥਾਨ ਦਾ ਦਰਜਾ ਵੀ ਪ੍ਰਾਪਤ ਹੈ।

ਪਰ ਕੀ ਇਸ ਨਾਲ ਖਾਲਸਾ ਲਵ ਕੁਸ਼ ਦੀ ਓਲਾਦ ਬਣ ਜਾਂਦਾ ਹੈ? ਜਦੋਂ ਵੀ ਕੋਈ ਸਿੱਖ (ਇਸਤ੍ਰੀ ਜਾਂ ਮਰਦ) ਖਾਲਸਾ ਪੰਥ ਦਾ ਹਿੱਸਾ ਬਣਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ ਤਾਂ ਇਸ ਸਮੇਂ ਪੰਜ ਪਿਆਰਿਆਂ ਵਲੋਂ ਉਸ ਨੂੰ ਜੋ ਤਾਕੀਦ ਕੀਤੀ ਜਾਂਦੀ ਹੈ, ਉਹ ਬਹੁਤ ਹੀ ਅਹਿਮ ਹੈ। ਉਸਦਾ ਇਕ ਇਕ ਅੱਖਰ ਗੁਰਮਤਿ ਦੀਆਂ ਰਮਜ਼ਾਂ ਹਨ। ਉਸ ਸਮੇਂ ਉਸ ਨੂੰ ਜੋ ਕਿਹਾ ਜਾਂਦਾ ਹੈ ਉਹ ਸਿਖ ਸਿਖ ਰਹਿਤ ਮਰਯਾਦਾ ਦੀ ਪੰਥਕ ਰਹਿਣੀ (੨. ਅੰਮ੍ਰਿਤ ਸੰਸਕਾਰ)(ਟ) ਤੇ ਅੰਕਤ ਹੈ,

ਅਜ ਤੋਂ ਤੁਸੀਂ 'ਸਤਿਗੁਰ ਕੇ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਧਾਰਮਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸ ਗੜ੍ਹ ਸਾਹਿਬ ਦਾ ਤੇ ਵਾਸੀ ਅਨੰਦ ਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਕ ਭਰਾਤਾ ਹੋ। ਤੁਸੀ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ, ਅਰਥਾਪ ਪਿਛਲੀ ਜ਼ਾਤ ਪਾਤ, ਜਨਮ, ਦੇਸ਼, ਮਜ਼ ?ਹਬ ਦਾ ਖਿਆਲ ਤਕ ਛਡ ਕੇ, ਨਿਰੋਲ ਖਾਲਸਾ ਬਣ ਗਏ ਹੋ।

ਵੈਸੇ ਤਾਂ ਗੁਰਮਤਿ ਦੇ ਮਾਰਗ ਤੇ ਆਉਣ ਕੁਲ ਨਾਸ ਦੀ ਸ਼ਰਤ ਤਾਂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਰਖ ਦਿੱਤੀ ਸੀ,

**ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ॥**
**ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥** (ਮ.੧ ੧੧੯੮)

ਪਰ ਬਾਕਾਇਦਾ ਤੌਰ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਦੇਣ ਲਗਿਆ ਪੂਰੀ ਤਰ੍ਹਾਂ ਕੁਲ ਨਾਸ਼, ਕਿਰਤ ਨਾਸ਼, ਕਰਮ ਨਾਸ਼, ਧਰਮ ਨਾਸ਼ ਕਰ ਦਿੱਤਾ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਨਿਆਵੀ ਤੌਰ 'ਤੇ ਬੇਦੀ ਕੁਲ ਵਿੱਚੋਂ ਸਨ ਅਤੇ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਤ੍ਰੇਹਣ ਕੁਲ ਵਿੱਚੋਂ। ਪਰ ਗੁਰਬਾਣੀ ਨੇ ਗਿਆਨ ਬਖ਼ਸ਼ਿਸ਼ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਨਿਰਮਲ ਕੁਲ ਵਿੱਚ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਹੋਇਆ।

**ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥**
**ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥** (ਭਟ ਕੀਰਤ ੧੩੯੫)

ਦਸਰਥ ਦੇ ਪਿਤਾ ਰਘੁ ਦੀ ਅਧਿਆਤਮਕਤਾ ਦਾ ਬਹੁਤ ਸੁੰਦਰ ਉਦਾਹਰਣ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਹੇ ਹਨ ਕਿ ਇਸ ਕੁਲ ਵਿਚ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਰਣ ਹੋਇਆ।

**ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥**
**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੨॥**
**(ਭਟ ਗਯੰਦ ੧੪੦੨)**

ਹੁਣ ਗੁਰੂ ਗ੍ਰੰਥ ਸਾਹਿਬ ਜੀ ਹੁਕਮ ਕਰ ਰਹੇ ਹਨ ਕਿ ਕੁਲ ਦੀ ਵਿਚਾਰ ਕਰਦਿਆਂ ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਕੁਲ ਲਫ਼ਜ਼ ਦੋ ਰੂਪਾਂ ਵਿੱਚ ਲਿਆ ਜਾਂਦਾ ਹੈ। ਇਕ ਬਿੰਦੀ ਸੰਤਾਨ ਅਤੇ ਦੂਸਰੀ ਨਾਦੀ ਸੰਤਾਨ। ਪਹਿਲੀ ਤਾਂ ਖ਼ੂਨ ਦੇ ਰਿਸ਼ਤੇ ਮੁਤਾਬਿਕ ਕਿਸੇ ਖ਼ਾਨਦਾਨ ਵਿੱਚ ਜਨਮ ਲੈਣ ਕਰਕੇ ਅਤੇ ਦੂਸਰਾ ਅਧਿਆਤਮਿਕ ਪੱਧਰ 'ਤੇ ਕਿਸੇ ਨੂੰ ਆਪਣਾ ਪਿਤਾ ਮੰਨ ਕੇ। ਸਤਿਗੁਰ ਦੇ ਸਾਜੇ ਨਿਵਾਜੇ ਖਾਲਸੇ ਦੀ ਕੁਲ ਬਿੰਦੀ ਨਹੀਂ ਬਲਕਿ ਨਾਦੀ ਹੈ। ਇਹ ਹੈ ਖੰਡਾ ਕੁਲ ਛੱਤਰੀ। ਇਸ ਦਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ। ਚਾਰ ਸਾਹਿਬਜ਼ਾਦੇ ਗੁਰੂ ਸਾਹਿਬ ਜੀ ਦੀ ਬਿੰਦੀ ਸੰਤਾਨ ਸੀ ਅਤੇ ਖਾਲਸਾ ਨਾਦੀ ਸੰਤਾਨ।

ਤਾਂ ਫਿਰ ਕੀ ਦੁਨਿਆਵੀ ਕੁਲ ਹੁੰਦੀ ਹੀ ਨਹੀ ਜਾਂ ਉਸ ਦੀ ਕੋਈ ਅਹਿਮੀਅਤ ਹੀ ਨਹੀਂ। ਜਿਸ ਦਾ ਵੀ ਜਨਮ ਹੋਇਆ ਹੈ ਉਸਦੀ ਪਿਛੋਕੜ ਕੋਈ ਨਾ ਕੋਈ ਕੁਲ ਤਾਂ ਹੋਏ ਗੀ। ਪਰ ਧਰਮ ਵਿਚ ਪ੍ਰਵੇਸ਼ ਲਈ ਇਹ ਸਭ ਕੋਈ ਮਹੱਤਤਾ ਨਹੀਂ ਰਖਦਾ। ਨਾਦਰ ਸ਼ਾਹ ਦੁੱਰਾਨਾ ਨੇ ਹਿੰਦੁਸਤਾਨ 'ਤੇ ਹਮਲੇ ਸਮੇਂ ਦਿੱਲੀ ਵਿੱਚ ਬੇਪਨਾਹ ਲੁੱਟਮਾਰ ਅਤੇ ਕਤਲੇਆਮ ਕੀਤਾ। ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਆਪਣੀ ਧੀ ਦਾ ਰਿਸ਼ਤਾ ਨਾਦਰ ਦੇ ਪੁੱਤਰ ਨਾਸਰ ਨਾਲ ਕਰਕੇ ਆਪਣਾ ਖਹਿੜਾ ਛੁਡਾਇਆ। ਰਿਸ਼ਤੇ ਦੀ ਰਸਮ ਸਮੇਂ ਜਦੋਂ ਇਕੱਠੀਆਂ ਹੋਈਆਂ ਕੁੜੀਆਂ ਨੇ ਨਾਸਰ ਨੂੰ ਆਪਣਾ ਕੁਲਨਾਮਾ ਜਾਂ ਕੁਰਸੀਨਾਮਾ ਦੱਸਣ ਲਈ ਕਿਹਾ। ਨਾਸਰ ਲਈ ਇਹ ਬੜੀ ਕਸੂਤੀ ਹਾਲਤ ਵਿੱਚ ਪਾਉਣ ਵਾਲਾ ਸਵਾਲ ਸੀ ਕਿਉਂਕਿ ਨਾਦਰ ਦਾ ਬਾਪ ਅਤੇ ਖ਼ੁਦ ਨਾਦਰ ਭੇਡਾਂ ਚਾਰਨ ਵਾਲੇ ਆਜੜੀ ਸਨ। ਉਹ ਆਪਣਾ ਕੁਰਸੀ ਨਾਮਾ ਕੀ ਦੱਸੇ? ਜਦ ਕਾਫ਼ੀ ਚਿਰ ਨਾਸਰ ਨੂੰ ਕੋਈ ਜਵਾਬ ਨਾ ਸੁੱਝਿਆ ਤਾਂ ਨਾਦਰ ਨੇ ਪੁੱਤਰ ਨੂੰ ਕਿਹਾ ਕਿ ਦੱਸ ਦੇ ਤੂੰ ਇਹਨਾਂ ਨੂੰ, 'ਮਨਮ ਨਾਸਰ ਵ ਪਿਦਰ ਨਾਦਰ। ਵ ਪਿਦਰ ਨਾਦਰ ਸ਼ਮਸ਼ੀਰ।' ਯਾਨਿ ਕਿ ਮੇਰਾ ਨਾਮ ਨਾਸਰ ਹੈ ਤੇ ਮੇਰੇ ਬਾਪ ਦਾ ਨਾਮ ਨਾਦਰ ਹੈ ਤੇ ਉਸਦੇ ਪਿਉ ਦਾ ਨਾਮ ਤਲਵਾਰ ਹੈ। ਇਸ ਤਰ੍ਹਾਂ ਨਾਦਰ ਨੇ ਆਪਣੀ ਕੁਲ ਤਲਵਾਰ ਦੀ ਕੁਲ ਦੱਸੀ। ਸ਼ਸਤ੍ਰਧਾਰੀ ਸੂਰਮਿਆਂ ਦੀ ਕੁਲ ਤਲਵਾਰ ਹੋਇਆ ਕਰਦੀ ਹੈ।

ਦੁਨਿਆਵੀ ਤੌਰ 'ਤੇ ਕਈ ਵਾਰ ਦੇਵ ਪੁਰਸ਼ਾਂ ਦੀ ਸੰਤਾਨ ਨਾ-ਅਹਿਲ ਹੋ ਨਿਬੜਦੀ ਹੈ ਤੇ ਦਾਨਵੀ ਬਿਰਤੀ ਵਾਲਿਆਂ ਦੇ ਘਰ ਦੇਵਤੇ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਜਨਮ ਧਾਰਨ ਕਰ ਲੈਂਦੇ ਹਨ। ਆਖ਼ਿਰ ਬਾਬਾ ਪ੍ਰਿਥੀ ਚੰਦ, ਰਾਮ ਰਾਇ, ਧੀਰ ਮਲ ਆਦਿ ਵੀ ਤਾਂ ਗੁਰੂ ਕੁਲ ਵਿੱਚੋਂ ਹੀ ਸਨ ਪਰ ਪ੍ਰਵਾਨ ਨਾ ਹੋਏ। ਪੰਥ ਦੀ ਅਨਿੰਨ ਸੇਵਾ ਕਰਨ ਵਾਲਾ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਪੰਥ ਘਾਤਕ ਲਹਿਣਾ ਸਿੰਘ ਸੰਧਾਵਾਲੀਆ ਦਾ ਪੁੱਤਰ ਸੀ। ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿੱਚ ਕਈ ਪੌਰਾਣਿਕ ਹਸਤੀਆਂ ਦਾ ਵਿਸਥਾਰ ਨਾਲ ਜ਼ਿਕਰ ਕਰਦੇ ਹਨ,

**ਦੈਤ ਸੁਤ ਭਗਤ ਪ੍ਰਗਟਿ ਪ੍ਰਹਿਲਾਦ ਭਏ ਦੇਵ ਸੁਤ ਜੁਗ ਮੈ ਸਨੀਚਰ ਬਖਾਨੀਐ॥**
**ਮਧੁਪੁਰ ਬਾਸੀ ਕੰਸ ਅਧਮ ਅਸੁਰ ਭਏ। ਲੰਕਾ ਬਾਸੀ ਸੇਵਕ ਭਭੀਖਨ ਪਛਾਨੀਐ॥**
**ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ। ਅਹਿ ਮਸਤਕਿ ਮਨ ਉਦੈ ਉਨਮਾਨੀਐ॥**
**ਬਰਨ ਸਥਾਨ ਲਘੁ ਦੀਰਘ ਜਤਨ ਪਰੈ ਅਕਥ ਕਥਾ ਬਿਨੋਦ ਬਿਸਮ ਨ ਜਾਨੀਐ॥੪੦੭॥**

ਚਮਕੌਰ ਦੀ ਗੜ੍ਹੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਜਦੋਂ ਸਿੰਘਾਂ ਨੇ ਬੇਨਤੀ ਕੀਤੀ ਸੀ ਕਿ ਤੁਸੀਂ ਆਪਣੇ ਸਾਹਿਬਜ਼ਾਦੇ ਤਾਂ ਬਚਾ ਲਉ ਤਾਂ ਚੋਜੀ ਪਿਤਾ ਨੇ ਇਹੋ ਪੁੱਛਿਆ ਸੀ ਕਿ ਕੀ ਤੁਸੀਂ ਮੇਰੇ ਪੁੱਤਰ ਨਹੀਂ?

ਭਾਈ ਸੁਬੇਗ ਸਿੰਘ ਜੰਬਰ ਦੇ ਪੁੱਤਰ ਭਾਈ ਸ਼ਾਹਬਾਜ਼ ਸਿੰਘ ਨੂੰ ਜਦੋਂ ਚਰਖੜੀ ਨਾਲ ਬੰਨ ਦਿੱਤਾ ਅਤੇ ਭਾਈ ਸਾਹਿਬ ਨੂੰ ਕਿਹਾ ਕਿ ਤੇਰਾ ਇਕੋ ਇਕ ਪੁੱਤਰ ਹੈ ਤੂੰ ਆਪਣੀ ਕੁਲ ਬਚਾ ਲੈ। ਭਾਈ ਸਾਹਿਬ ਨੇ ਕਿਹਾ ਕਿ ਜੇਕਰ ਕੁਲ ਬਚਾਣੀ ਹੈ ਇੰਨੀ ਅਹਿਮੀਅਤ ਰੱਖਦੀ ਹੈ ਤਾਂ ਤੇ ਫਿਰ ਕੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕੁਲ ਨਹੀਂ ਸੀ ਬਚ ਜਾਣੀ ਚਾਹੀਦੀ? ਭਾਈ ਸਾਹਿਬ ਨੇ ਕਿਹਾ, ਹਮ ਕਾਰਨ ਗੁਰ ਕੁਲਹਿ ਗਵਾਈ॥ ਹਮ ਕੁਲ ਰਾਖਹਿਂ ਕਵਨ ਵਡਾਈ?

ਗੁਰਮਤਿ ਨੇ ਕੁਲ ਕਰਕੇ ਕਿਸੇ ਵਿਅਕਤੀ ਨੂੰ ਕੋਈ ਵਡਿਆਈ ਨਹੀਂ ਦਿੱਤੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਅਗਵਾਈ ਦਿੰਦੇ ਹਨ ਕਿ ਅੰਤ ਸਮੇਂ ਕੁਲ ਨੇ ਕੰਮ ਨਹੀਂ ਆਉਣਾ,

ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ॥
**ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ॥** (ਭ. ਕਬੀਰ ਜੀ ੧੩੭੩)

ਕਲਗੀਧਰ ਪਿਤਾ ਨੇ ਤਾਂ ਬਖ਼ਸ਼ਿਸ਼ਾਂ ਦੀ ਝੜੀ ਲਗਾਉਂਦਿਆਂ ਵਰ ਦਿੱਤਾ,

**ਜਿਨਕੀ ਜਾਤ ਗੋਤ ਕੁਲ ਮਾਹੀਂ ਸਰਦਾਰੀ ਨਾ ਭਈ ਕਦਾਹੀਂ॥**
**ਇਨਹੀ ਕੋ ਸਰਦਾਰ ਬਨਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਗੁਰਮਤਿ ਦਾ ਅਸਲ ਨਿਸ਼ਾਨਾ ਇਨਸਾਨ ਨੂੰ ਅਸਲੀ ਪਰਮਪਿਤਾ ਪ੍ਰਮਾਤਮਾ ਦੇ ਲੜ ਲਾਉਣਾ ਹੈ। ਵਾਹਿਗੁਰੂ ਨੂੰ ਗੁਰੂ ਸਾਹਿਬ ਨੇ ਬਾਰ-ਬਾਰ ਅਕੁਲ ਨਿਰੰਜਨ ਜਾਂ ਅਕੁਲ ਪੁਰਖ਼ ਯਾਨਿ ਕਿ ਜਿਸਦੀ ਕੋਈ ਕੁਲ ਨਹੀਂ ਹੈ, ਕਿਹਾ ਹੈ।

**ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ॥**
**ਸਚੋ ਸਚਾ ਸਚੁ ਸਚੁ ਨਿਹਾਰੀਐ॥** (ਮ:੫ ੫੧੮)

ਗੁਰੂ ਸਾਹਿਬ ਨੇ ਤਾਂ ਬਖ਼ਸ਼ਿਸ਼ ਕਰਕੇ ਅਕੁਲ ਅਕਾਲ ਦੇ ਲੜ ਇਨਸਾਨੀਅਤ ਨੂੰ ਲਾਇਆ ਹੈ। ਇਸ ਬਾਰੇ ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿੱਚ ਫ਼ੁਰਮਾਉਂਦੇ ਹਨ-

**ਨਿਰਗੁਨ ਸਰਗੁਨ ਕੈ ਅਲਖ ਅਬਿਗਤ ਗਤਿ॥**
**ਪੂਰਨ ਬ੍ਰਹਮ ਗੁਰ ਰੂਪ ਪ੍ਰਗਟਾਏ ਹੈ॥**
**ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ॥**
**ਅਕੁਲ ਅਕਾਲ ਗੁਰਸਿਖਨੁ ਦਿਖਾਏ ਹੈ॥**
**(ਕਬਿੱਤ ੩੬)**

ਹੁਣ ਜਿਸ ਕਰਤਾ ਪੁਰਖ਼ ਦੇ ਲੜ ਗੁਰੂ ਸਾਹਿਬ ਨੇ ਸਿੱਖਾਂ ਨੂੰ ਲਗਾਇਆ ਹੈ ਉਸਦੀ ਤਾਂ ਕੋਈ ਕੁਲ ਹੀ ਨਹੀਂ ਹੈ। ਗੁਰੂ ਕਲਗੀਧਰ ਪਿਤਾ ਨੇ ਤਾਂ ਗੁਰ ਸੰਗਤ ਕੀਨੀ ਖਾਲਸਾ ਕਰਕੇ ਗੁਰੂ ਦੀ ਸੰਗਤ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ ਬਣਾ ਦਿੱਤਾ। ਗੁਰੂ ਸਾਹਿਬ ਨੇ ਖ਼ੁਦ ਆਪਣੇ ਬਾਰੇ ਵੀ ਕਹਿ ਦਿੱਤਾ ਕਿ ਮੈਂ ਵੀ ਖ਼ਾਲਸੇ ਦਾ ਹਾਂ, ਮੈਂ ਵੀ ਖ਼ਾਲਸਾ ਹਾਂ ਤੇ ਅਸੀਂ ਸਾਰੇ ਵਾਹਿਗੁਰੂ ਜੀ ਕਾ ਖ਼ਾਲਸਾ ਹਾਂ। ਅੰਮ੍ਰਿਤ ਦੀ ਦਾਤ ਦੇਣ ਲੱਗਿਆਂ ਬਾਰ-ਬਾਰ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਬੋਲ ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥ ਗੁਰੂ ਦਾ ਸਿੱਖ ਇਸ ਅਕਾਲੀ ਆਦੇਸ਼ ਨੂੰ ਰੋਜ਼ ਬਾਰ-ਬਾਰ ਦੁਹਰਾਉਂਦਾ ਹੈ ਕਿ ਖਾਲਸਾ ਵਾਹਿਗੁਰੂ ਜੀ ਕਾ ਹੈ ਕਿਸੇ ਹੋਰ ਦਾ ਨਹੀਂ। ਖ਼ਾਲਸਾ ਨਾ ਤਾਂ ਸੂਰਜ ਬੰਸੀ ਹੈ ਤੇ ਨਾ ਹੀ ਚੰਦ੍ਰ ਬੰਸ਼ੀ ਇਹ ਤਾਂ ਨਮੋ ਸੂਰਜ ਸੂਰਮੇ ਅਤੇ ਨਮੋ ਚੰਦ੍ਰ ਚੰਦ੍ਰੇ ਹੋਣ ਕਰਕੇ ਅਕਾਲ ਪੁਰਖ਼ ਦੀ ਕੁਲ ਵਿਚੋਂ ਹੈ

ਕੋਈ ਅਵਤਾਰੀ ਪੁਰਸ਼ ਜਿੰਨਾ ਵੀ ਉੱਚੀ ਅਵਸਥਾ 'ਤੇ ਪਹੁੰਚ ਜਾਏ ਗੁਰੂ ਘਰ ਵਿੱਚ ਉਸਦੀ ਉਸਤਤਿ ਤਾਂ ਹੋ ਸਕਦੀ ਹੈ ਪਰ ਉਪਾਸ਼ਨਾ ਕੇਵਲ ਅਤੇ ਕੇਵਲ ਵਾਹਿਗੁਰੂ, ਅਕੁਲ ਪੁਰਖ਼, ਅਕੁਲ ਨਿਰੰਜਨ ਦੀ ਹੈ। ਸੋ ਖ਼ਾਲਸੇ ਨੂੰ ਵਾਹਿਗੁਰੂ ਦੇ ਇਲਾਵਾ ਕਿਸੇ ਹੋਰ ਦਾ ਦੱਸਣਾ ਸਿੱਖੀ ਦੇ ਮੁੱਢਲੇ ਅਸੂਲ ਅਤੇ ਮਰਿਯਾਦਾ ਦੀ ਘੋਰ ਉਲੰਘਣਾ ਕਰਨਾ ਹੈ। ਗੁਰਮੁਖਿ ਸਾਧ ਚਰਨਾਮ ?ਰਤ ਨਿਧਾਨ ਪਾਨ ਕੁਲ ਅਕੁਲੀਨ ਭਏ ਦੁਬਿਧਾ ਨਿਵਾਰੀਐ॥ ਸੋ ਅਰਦਾਸ ਕਰੀਏ ਕਿ ਗੁਰੂ ਦੀ ਬਖ਼ਸ਼ਿਸ਼ ਸਦਕਾ ਅਸੀਂ ਵੀ ਅਕੁਲੀਨ ਹੋ ਨਿਬੜੀਏ ਤੇ ਇਨ੍ਹਾਂ ਦੁਨਿਆਵੀ ਕੁਲਾਂ ਦੇ ਜੰਜਾਲ ਵਿੱਚੋਂ ਮੁਕਤੀ ਪ੍ਰਾਪਤ ਕਰੀਏ ਤਾਂ ਹੀ ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ਕਹਿਣਾ ਸਾਰਥਕ ਹੈ।



ਲਾਹੌਰ ਕਿਲੇ ਵਿਚ ਲਵ ਦਾ ਮੰਦਰ

# ਹਾਈ ਕੋਰਟ ਦੀ ਸਟੇਅ ਕਾਰਨ SGPC ਚੋਣਾਂ ਵਿਚ ਹੋ ਰਹੀ ਹੈ ਦੇਰੀ : ਗ੍ਰਹਿ ਰਾਜ ਮੰਤਰੀ

## ਸੁਖਜਿੰਦਰ ਸਿੰਘ ਰੰਧਾਵਾ ਨੇ ਲੋਕ ਸਭਾ ਵਿਚ ਪੁੱਛਿਆ ਸੀ ਸਵਾਲ

ਨਵੀਂ ਦਿੱਲੀ : ਗੁਰਦੁਆਰਾ ਚੋਣ ਕਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਹੈ ਪਰ ਹਾਈ ਕੋਰਟ ਵਿਚ ਦਾਇਰ ਕਈ ਪਟੀਸ਼ਨਾਂ ਦੇ ਸਟੇਅ ਹੋਣ ਕਾਰਨ ਇਨ੍ਹਾਂ ਚੋਣਾਂ ਵਿਚ ਦੇਰੀ ਹੋ ਰਹੀ ਹੈ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਕਾਂਗਰਸ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਲੋਕ ਸਭਾ ਵਿਚ ਪੁੱਛੇ ਇਕ ਲਿਖਤੀ ਸਵਾਲ ਦੇ ਜਵਾਬ ਵਿਚ ਇਹ ਜਾਣਕਾਰੀ ਦਿਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਵਿਚ ਇਹ ਵਿਵਸਥਾ ਹੈ ਕਿ ਮੁੱਖ ਕਮਿਸ਼ਨਰ ਨੋਟੀਫਿਕੇਸ਼ਨ ਰਾਹੀਂ ਸ਼੍ਰੋਮਣੀ ਕਮੇਟੀ ਬੋਰਡ ਦੀਆਂ ਚੋਣਾਂ ਦੇ ਵੱਖ-ਵੱਖ ਪੜਾਵਾਂ ਦੀ ਤਰੀਕ ਜਾਂ ਤਾਰੀਕਾਂ ਤੈਅ ਕਰਨਗੇ।

ਉਨ੍ਹਾਂ ਕਿਹਾ, "ਸਿੱਖ ਗੁਰਦੁਆਰਾ ਚੋਣ ਬੋਰਡ ਨਿਯਮ, 1959 ਤਹਿਤ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਦੀ ਅਗਵਾਈ ਹੇਠ ਗੁਰਦੁਆਰਾ ਚੋਣ ਕਮਿਸ਼ਨ ਚੋਣਾਂ ਕਰਵਾਉਣ ਲਈ ਨਾਮਜ਼ਦ ਅਥਾਰਟੀ ਹੈ। ਇਸ ਅਨੁਸਾਰ ਸਰਕਾਰ ਨੇ ਇਕ ਮੁੱਖ ਕਮਿਸ਼ਨਰ ਨਿਯੁਕਤ ਕੀਤਾ ਹੈ ਜਿਸ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਰਾਜ ਸਰਕਾਰਾਂ ਦੇ ਨਾਲ-ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਗੁਰਦੁਆਰਾ ਚੋਣਾਂ ਦੇ ਕਮਿਸ਼ਨਰ ਨੂੰ ਨੋਟੀਫਿਕੇਸ਼ਨ ਜਾਰੀ ਕੀਤੇ ਹਨ। ਨੋਟੀਫਿਕੇਸ਼ਨਾਂ ਵਿਚ ਉਨ੍ਹਾਂ ਨੂੰ ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 48 ਅਨੁਸਾਰ ਨਵੇਂ ਐਸ.ਜੀ.ਪੀ.ਸੀ. ਬੋਰਡ ਦੇ ਗਠਨ ਲਈ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।"

# ਅਫ਼ਗਾਨਿਸਤਾਨ ਵਿਚ 73 ਲੋਕਾਂ ਦੀ ਹਾਦਸੇ ਵਿਚ ਮੌਤ

ਪੱਛਮੀ ਅਫ਼ਗਾਸਤਾਨ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਹੈ। ਇਸ ਹਾਦਸੇ ਵਿੱਚ 73 ਲੋਕਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਈਰਾਨ ਤੋਂ ਪਰਤ ਰਹੇ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਯਾਤਰੀ ਬੱਸ ਇੱਕ ਟਰੱਕ ਅਤੇ ਮੋਟਰਸਾਈਕਲ ਨਾਲ ਟਕਰਾ ਗਈ। ਹਾਦਸੇ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ ਸਥਾਨਕ ਪੁਲਿਸ ਅਤੇ ਇੱਕ ਸੂਬਾਈ ਅਧਿਕਾਰੀ ਨੇ ਇਸ ਹਾਦਸੇ ਬਾਰੇ ਜਾਣਕਾਰੀ ਦਿੱਤੀ ਹੈ।

ਹੇਰਾਤ ਸੂਬੇ ਦੀ ਪੁਲਿਸ ਨੇ ਕਿਹਾ ਕਿ ਇਹ ਹਾਦਸਾ ਬੱਸ ਦੀ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਕਾਰਨ ਹੋਇਆ। ਸੂਬਾਈ ਅਧਿਕਾਰੀ ਮੁਹੰਮਦ ਯੂਸਫ਼ ਸਈਦੀ ਨੇ ਏਐਫਪੀ ਨੂੰ ਦੱਸਿਆ ਕਿ ਬੱਸ ਅਫਗਾਨੀਆਂ ਨੂੰ ਲੈ ਕੇ ਜਾ ਰਹੀ ਸੀ ਜੋ ਹਾਲ ਹੀ ਵਿੱਚ ਈਰਾਨ ਤੋਂ ਵਾਪਸ ਆਏ ਸਨ ਅਤੇ ਰਾਜਧਾਨੀ ਕਾਬੁਲ ਜਾ ਰਹੇ ਸਨ।



ਮਰਨ ਵਾਲਿਆਂ ਵਿੱਚ 17 ਬੱਚੇ ਵੀ ਸ਼ਾਮਲ ਸਨ। ਟਰੱਕ ਵਿੱਚ ਸਵਾਰ 2 ਲੋਕ ਅਤੇ ਮੋਟਰਸਾਈਕਲ 'ਤੇ ਸਵਾਰ 2 ਲੋਕ ਵੀ ਮਾਰੇ ਗਏ। ਜਾਣਕਾਰੀ ਅਨੁਸਾਰ ਇਸ ਦਰਦਨਾਕ ਸੜਕ ਹਾਦਸੇ ਵਿੱਚ ਸਿਰਫ਼ 3 ਲੋਕ ਹੀ ਬਚ ਸਕੇ। ਤਿੰਨਾਂ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਹਾਲਾਂਕਿ, ਤਿੰਨਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

# ਭਾਰਤ-ਚੀਨ ਸਰਹੱਦ ਮਸਲੇ 'ਤੇ 24ਵੀਂ ਗੱਲਬਾਤ, ਵਾਂਗ ਯੀ ਤੇ ਅਜੀਤ ਡੋਭਾਲ ਵਿਚਕਾਰ ਵਿਚਾਰ-ਵਟਾਂਦਰਾ



ਨਵੀਂ ਦਿੱਲੀ : ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਦਿੱਲੀ ਵਿੱਚ ਭਾਰਤ-ਚੀਨ ਸਰਹੱਦ ਮਸਲੇ 'ਤੇ ਖ਼ਾਸ ਪ੍ਰਤੀਨਿਧੀਆਂ ਦੀ 24ਵੀਂ ਗੱਲਬਾਤ ਕੀਤੀ।

ਗੱਲਬਾਤ ਦੀ ਸ਼ੁਰੂਆਤ ਵਿੱਚ, ਭਾਰਤੀ ਪੱਖ ਨੇ ਚੀਨੀ ਪ੍ਰਤੀਨਿਧੀ ਦਾ ਸਵਾਗਤ ਕੀਤਾ ਅਤੇ ਪਿਛਲੇ ਨੌਂ ਮਹੀਨਿਆਂ ਦੌਰਾਨ ਦੋਵੇਂ ਦੇਸ਼ਾਂ ਦੇ ਸੰਬੰਧਾਂ ਵਿੱਚ ਆਏ ਸਕਾਰਾਤਮਕ ਬਦਲਾਅ ਲਈ ਧੰਨਵਾਦ ਕੀਤਾ। ਭਾਰਤੀ ਪੱਖ ਨੇ ਕਿਹਾ ਕਿ ਸਰਹੱਦਾਂ 'ਤੇ ਸ਼ਾਂਤੀ ਬਣੀ ਰਹੀ ਹੈ, ਦੋਵੇਂ ਦੇਸ਼ਾਂ ਵਿਚਾਲੇ ਮਹੱਤਵਪੂਰਨ ਗੱਲਬਾਤਾਂ ਹੋਈਆਂ ਹਨ ਅਤੇ ਇਹ ਰੁਝਾਨ ਕਾਜ਼ਾਨ ਵਿੱਚ ਹੋਈ ਨੇਤਾਵਾਂ ਦੀ ਮੀਟਿੰਗ ਤੋਂ ਬਾਅਦ ਹੋਰ ਮਜ਼ਬੂਤ ਹੋਇਆ ਹੈ।

ਇਸ ਦੌਰਾਨ, ਐਸ.ਸੀ.ਓ. (SCO) ਸਮਿੱਟ ਲਈ ਪ੍ਰਧਾਨ ਮੰਤਰੀ ਦੀ ਆਉਣ ਵਾਲੀ ਯਾਤਰਾ ਨੂੰ ਵੀ ਬਹੁਤ ਮਹੱਤਵਪੂਰਨ ਕਰਾਰ ਦਿੱਤਾ ਗਿਆ, ਖਾਸ ਕਰਕੇ ਇਸ ਸਾਲ ਦੋਵੇਂ ਦੇਸ਼ਾਂ ਦੇ ਰਾਜਨੀਤਕ ਸੰਬੰਧਾਂ ਦੇ 75ਵੇਂ ਸਾਲ ਨੂੰ ਧਿਆਨ ਵਿੱਚ ਰੱਖਦੇ ਹੋਏ। ਭਾਰਤੀ ਪੱਖ ਨੇ ਦੋਵੇਂ ਦੇਸ਼ਾਂ ਦੀਆਂ ਕੂਟਨੀਤਿਕ ਟੀਮਾਂ, ਰਾਜਦੂਤਾਂ ਅਤੇ ਫੌਜਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਸਥਿਰਤਾ ਬਣਾਈ ਰੱਖਣ ਲਈ ਯਤਨ ਕੀਤੇ ਹਨ।

ਚੀਨੀ ਪ੍ਰਤੀਨਿਧੀ ਵਾਂਗ ਯੀ ਨੇ ਵੀ ਨਵੀਂ ਦਿੱਲੀ ਵਿੱਚ ਗੱਲਬਾਤ ਲਈ ਮੌਕਾ ਮਿਲਣ 'ਤੇ ਖੁਸ਼ੀ ਜ਼ਾਹਿਰ ਕੀਤੀ ਅਤੇ ਕਿਹਾ ਕਿ ਪਿਛਲੇ ਚੁਣੌਤੀਆਂ ਤੋਂ ਬਾਅਦ ਹੁਣ ਸੰਬੰਧ ਇੱਕ ਸਕਾਰਾਤਮਕ ਦਿਸ਼ਾ ਵਿੱਚ ਵੱਧ ਰਹੇ ਹਨ। ਉਨ੍ਹਾਂ ਨੇ ਪਰਸਪਰ ਭਰੋਸੇ, ਸਾਂਝੇ ਹਿੱਤਾਂ ਦੇ ਵਿਸਥਾਰ ਅਤੇ ਸਰਹੱਦੀ ਮਸਲਿਆਂ ਦੇ ਸਹੀ ਹੱਲ 'ਤੇ ਜ਼ੋਰ ਦਿੱਤਾ ਤਾਂ ਜੋ ਸੰਬੰਧਾਂ ਨੂੰ ਹੋਰ ਸਿਹਤਮੰਦ ਢੰਗ ਨਾਲ ਅੱਗੇ ਵਧਾਇਆ ਜਾ ਸਕੇ।

ਦੋਵੇਂ ਪੱਖਾਂ ਨੇ ਭਵਿੱਖ ਦੇ ਸਰਹੱਦੀ ਸੰਪਰਕਾਂ ਲਈ ਰਣਨੀਤੀ ਬਣਾਉਣ, ਸਾਂਝੇ ਟੀਚੇ ਨਿਰਧਾਰਿਤ ਕਰਨ ਅਤੇ ਦੋ ਪੱਖੀ ਸੰਬੰਧਾਂ ਨੂੰ ਹੋਰ ਸੁਧਾਰਨ 'ਤੇ ਸਹਿਮਤੀ ਜਤਾਈ।

# ਸੰਤ ਲੌਂਗੋਵਾਲ ਦੀ ਬਰਸੀ ਮੌਕੇ ਅਮਨ ਅਰੋੜਾ ਵਲੋਂ ਲੌਂਗੋਵਾਲ ਵਾਸੀਆਂ ਨੂੰ 2.64 ਕਰੋੜ ਦੇ ਵਿਕਾਸ ਕਾਰਜਾਂ ਦਾ ਤੋਹਫ਼ਾ



ਲੌਂਗੋਵਾਲ : ਕੈਬਨਿਟ ਮੰਤਰੀ ਅਮਨ ਅਰੋੜਾ ਵਲੋਂ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ਮੌਕੇ ਕਸਬਾ ਲੌਂਗੋਵਾਲ ਵਿਖੇ 2.64 ਕਰੋੜ ਰੁਪਏ ਦੀ ਲਾਗਤ ਵਾਲੇ ਤਿੰਨ ਅਹਿਮ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਵੱਖ-ਵੱਖ ਸਮਾਗਮਾਂ ਵਿਖੇ ਇਕੱਤਰ ਹੋਏ ਲੋਕਾਂ ਨਾਲ ਗੱਲਬਾਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਅੱਜ 1.50 ਕਰੋੜ ਰੁਪਏ ਦੀ ਲਾਗਤ ਨਾਲ ਗਿਆਨੀ ਗਿਆਨ ਸਿੰਘ ਦੀ ਯਾਦ ਨੂੰ ਸਮਰਪਿਤ ਆਧੁਨਿਕ ਲਾਇਬ੍ਰੇਰੀ, 25 ਲੱਖ ਰੁਪਏ ਦੀ ਲਾਗਤ ਨਾਲ ਆਮ ਆਦਮੀ ਮੁਹੱਲਾ ਕਲੀਨਿਕ ਅਤੇ 89 ਲੱਖ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ ਤਹਿਤ ਟੋਭੇ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਇਕੱਲੇ ਨਗਰ ਲੌਂਗੋਵਾਲ ਵਿਚ 65 ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ, ਜੋ ਕਿ ਪੂਰੇ ਪੰਜਾਬ 'ਚ ਰਿਕਾਰਡ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ 'ਚ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕੰਮ ਪਿਛਲੇ 75 ਸਾਲਾਂ 'ਚ ਨਹੀਂ ਹੋਏ ਸਨ, ਉਹ ਅੱਜ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੌਂਗੋਵਾਲ 52 ਸ਼ਹੀਦਾਂ ਦੀ ਧਰਤੀ ਹੈ, ਜਿਸ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿਤਾ ਬਾਬੂ ਭਗਵਾਨ ਦਾਸ ਨੇ ਇਹੀ ਸਿੱਖਿਆ ਦਿੱਤੀ ਹੈ ਕਿ ਰਾਜਨੀਤੀ 'ਚ ਚੰਮ ਨਹੀਂ, ਕੰਮ ਪਿਆਰਾ ਹੋਣਾ ਚਾਹੀਦਾ ਹੈ। ਇਸ ਮੌਕੇ ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ ਲੌਂਗੋਵਾਲ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤ ਪਾਲ ਸਿੰਘ ਸਿੱਧੂ, ਰਾਜ ਸਿੰਘ ਰਾਜੂ, ਵਿੱਕੀ ਵਸ਼ਿਸ਼ਟ ਬਲਾਕ ਪ੍ਰਧਾਨ, ਮਾਸਟਰ ਨਰਿੰਦਰ ਸ਼ਰਮਾ, ਪਰਮਜੀਤ ਕੌਰ ਕੁਆਰਡੀਨੇਟਰ, ਮੇਲਾ ਸਿੰਘ ਸੂਬੇਦਾਰ, ਸੁਖਪਾਲ ਬਾਜਵਾ, ਕਮਲ ਬਰਾੜ, ਕਮਲਜੀਤ ਸਿੰਘ ਵਿੱਕੀ, ਗੋਪਾਲ ਕ੍ਰਿਸ਼ਨ ਪਾਲੀ, ਗੁਰਜੰਟ ਖ਼ਾਨ, ਗੁਰਮੀਤ ਸਿੰਘ ਫ਼ੌਜੀ, ਬਲਵਿੰਦਰ ਸਿੰਘ ਸਿੱਧੂ, ਰੀਨਾ ਰਾਣੀ, ਜਤਿੰਦਰ ਜੈਨ ਸੁਨਾਮ ਮੀਡੀਆ ਇੰਚਾਰਜ, ਸੁਸ਼ਮਾ ਰਾਣੀ ਮੀਤ ਪ੍ਰਧਾਨ ਆਦ ਹਾਜ਼ਰ ਸਨ।

# ਨਹੀਂ ਰਹੇ ਮਸ਼ਹੂਰ ਅਮਰੀਕੀ ਜੱਜ ਫਰੈਂਕ ਕੈਪਰੀਓ, ਕੈਂਸਰ ਨਾਲ ਤੋੜਿਆ ਦਮ

## 88 ਸਾਲ ਦੀ ਉਮਰ ਵਿਚ ਲਏ ਆਖ਼ਰੀ ਸਾਹ

ਅਮਰੀਕਾ ਦੇ ਮਸ਼ਹੂਰ ਜੱਜ ਅਤੇ ਰਿਐਲਿਟੀ ਕੋਰਟ ਸ਼ੋਅ 'ਕੈਟ ਇਨ ਪ੍ਰੋਵੀਡੈਂਸ' ਨਾਲ ਦੁਨੀਆ ਭਰ ਵਿੱਚ ਪ੍ਰਸਿੱਧੀ ਹਾਸਲ ਕਰਨ ਵਾਲੇ, ਫਰੈਂਕ ਕੈਪਰੀਓ ਦਾ 88 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਲੰਬੇ ਸਮੇਂ ਤੋਂ ਕੈਂਸਰ ਨਾਲ ਜੂਝ ਰਹੇ ਕੈਪਰੀਓ ਨੇ ਬਹਾਦਰੀ ਨਾਲ ਇਸ ਬਿਮਾਰੀ ਦਾ ਸਾਹਮਣਾ ਕੀਤਾ, ਪਰ ਅੰਤ ਵਿੱਚ ਜ਼ਿੰਦਗੀ ਦੀ ਲੜਾਈ ਹਾਰ ਗਏ।

ਉਨ੍ਹਾਂ ਦੇ ਦਿਹਾਂਤ ਦੀ ਪੁਸ਼ਟੀ ਉਨ੍ਹਾਂ ਦੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ਤੋਂ ਸਾਂਝੀ ਕੀਤੀ ਗਈ ਇੱਕ ਪੋਸਟ ਰਾਹੀਂ ਕੀਤੀ ਗਈ।

ਫ੍ਰੈਂਕ ਕੈਪਰੀਓ ਨੂੰ ਦੁਨੀਆ ਭਰ ਦੇ ਲੋਕ ਇਸ ਲਈ ਯਾਦ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਅਦਾਲਤੀ ਕਮਰੇ ਨੂੰ ਨਿਆਂ ਦੇ ਨਾਲ-ਨਾਲ ਮਨੁੱਖਤਾ ਦੀ ਇੱਕ ਉਦਾਹਰਣ ਬਣਾਇਆ। ਛੋਟੇ-ਛੋਟੇ ਮਾਮਲਿਆਂ ਵਿਚ ਉਨ੍ਹਾਂ



ਦਾ ਹਮਦਰਦੀ ਭਰਿਆ ਰਵੱਈਆ ਅਤੇ ਗਰੀਬ ਅਤੇ ਦੁਖੀ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਵਾਲੇ ਫ਼ੈਸਲੇ ਅਕਸਰ ਇੰਟਰਨੈੱਟ 'ਤੇ ਵਾਇਰਲ ਹੁੰਦੇ ਸਨ।

ਜਦੋਂ ਟਰੈਫ਼ਿਕ ਨਿਯਮਾਂ ਨੂੰ ਤੋੜਨ ਵਾਲੇ ਬਹੁਤ ਸਾਰੇ ਲੋਕ ਉਨ੍ਹਾਂ ਦੀ ਅਦਾਲਤ ਵਿੱਚ ਆਉਂਦੇ ਸਨ, ਤਾਂ ਕੈਪਰੀਓ ਨੇ ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਦੇ ਹਾਲਾਤਾਂ ਨੂੰ ਸਮਝਿਆ ਅਤੇ ਕਈ ਵਾਰ ਜੁਰਮਾਨਾ ਮੁਆਫ਼ ਕਰ ਦਿੱਤਾ। ਇਹਨਾਂ ਸੰਵੇਦਨਸ਼ੀਲ ਅਤੇ ਮਨੁੱਖੀ ਫ਼ੈਸਲਿਆਂ ਨੇ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਦਿਆਲੂ ਜੱਜ ਬਣਾ ਦਿੱਤਾ।

ਕੈਪਰੀਓ ਦੇ ਕਈ ਕੋਰਟਰੂਮ ਵੀਡੀਓ ਸੋਸ਼ਲ ਮੀਡੀਆ 'ਤੇ ਲੱਖਾਂ ਵਾਰ ਦੇਖੇ ਗਏ ਹਨ। ਕਦੇ ਕਿਸੇ ਬੱਚੇ ਨੂੰ ਹਾਸੇ-ਮਜ਼ਾਕ ਨਾਲ ਸਵਾਲ ਕਰਨਾ, ਕਦੇ ਬਜ਼ੁਰਗਾਂ ਨੂੰ ਸਤਿਕਾਰ ਅਤੇ ਹਮਦਰਦੀ ਨਾਲ ਰਾਹਤ ਦੇਣਾ - ਅਜਿਹੇ ਕਈ ਪਲਾਂ ਨੇ ਦੁਨੀਆ ਭਰ ਦੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਉਨ੍ਹਾਂ ਦੇ ਅਦਾਲਤ ਨਾਲ ਸਬੰਧਤ ਵੀਡੀਓ ਇੱਕ ਅਰਬ ਤੋਂ ਵੱਧ ਵਾਰ ਦੇਖੇ ਜਾ ਚੁੱਕੇ ਹਨ।

# ਅਮਰੀਕਾ 'ਚ ਕੰਮ ਤੇ ਨਾਗਰਿਕਤਾ ਚਾਹੁਣ ਵਾਲਿਆਂ ਦੀ ਹੁਣ ਹੋਵੇਗੀ 'ਅਮਰੀਕਾ ਵਿਰੋਧੀ' ਜਾਂਚ

## ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਸਮੇਤ ਇਮੀਗ੍ਰੇਸ਼ਨ ਲਾਭ ਇਕ ਸੁਭਾਗ ਹੈ, ਅਧਿਕਾਰ ਨਹੀਂ : ਮੈਥਿਊ ਟ੍ਰੈਗੇਸਰ

ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਲਈ ਕਾਨੂੰਨੀ ਰਸਤਾ ਲੱਭਣ ਵਾਲੇ ਪ੍ਰਵਾਸੀਆਂ ਦੀ ਹੁਣ 'ਅਮਰੀਕਾ ਵਿਰੋਧੀ' ਹੋਣ ਲਈ ਜਾਂਚ ਕੀਤੀ ਜਾਵੇਗੀ। ਅਥਾਰਟੀਆਂ ਦੇ ਇਸ ਨਵੇਂ ਪ੍ਰਗਟਾਵੇ ਮਗਰੋਂ ਅਫ਼ਸਰਾਂ ਦੇ ਹੱਥ 'ਚ ਬਹੁਤ ਜ਼ਿਆਦਾ ਤਾਕਤ ਪ੍ਰਦਾਨ ਕਰਨ ਦੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ ਕਿ ਜਿਸ ਨਾਲ ਉਹ ਕਿਸੇ ਵੀ ਕਾਰਨ ਵਿਦੇਸ਼ੀਆਂ ਨੂੰ ਰੋਕ ਸਕਣਗੇ।

ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੇ ਕਿਹਾ ਕਿ ਅਧਿਕਾਰੀ ਹੁਣ ਇਸ ਗੱਲ ਉਤੇ ਵਿਚਾਰ ਕਰਨਗੇ ਕਿ ਗ੍ਰੀਨ ਕਾਰਡ ਵਰਗੇ ਲਾਭਾਂ ਲਈ ਬਿਨੈਕਾਰ ਨੇ ਅਮਰੀਕਾ ਵਿਰੋਧੀ, ਅਤਿਵਾਦੀ ਜਾਂ ਯਹੂਦੀ ਵਿਰੋਧੀ ਵਿਚਾਰਾਂ ਦਾ ਸਮਰਥਨ ਕੀਤਾ ਹੈ ਜਾਂ ਨਹੀਂ। ਯੂ. ਐਸ. ਸੀ. ਆਈ. ਐਸ. ਦੇ ਬੁਲਾਰੇ ਮੈਥਿਊ ਟ੍ਰੈਗੇਸਰ ਨੇ ਇਕ ਬਿਆਨ ਵਿਚ ਕਿਹਾ ਕਿ ਅਮਰੀਕਾ ਦਾ ਲਾਭ ਉਨ੍ਹਾਂ ਲੋਕਾਂ ਨੂੰ ਨਹੀਂ ਦਿਤਾ ਜਾਣਾ ਚਾਹੀਦਾ ਜੋ ਦੇਸ਼ ਨੂੰ ਨਫ਼ਰਤ ਕਰਦੇ ਹਨ ਅਤੇ ਅਮਰੀਕਾ ਵਿਰੋਧੀ ਵਿਚਾਰਧਾਰਾ ਨੂੰ ਉਤਸ਼ਾਹਤ ਕਰਦੇ ਹਨ।



ਉਨ੍ਹਾਂ ਕਿਹਾ, "ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਸਮੇਤ ਇਮੀਗ੍ਰੇਸ਼ਨ ਲਾਭ ਇਕ ਸੁਭਾਗ ਹੈ, ਅਧਿਕਾਰ ਨਹੀਂ।" ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਅਮਰੀਕਾ ਵਿਰੋਧੀ ਕੀ ਹੈ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਹੁਕਮ ਕਿਵੇਂ ਅਤੇ ਕਦੋਂ ਲਾਗੂ ਕੀਤੇ ਜਾਣਗੇ। ਇਮੀਗ੍ਰੇਸ਼ਨ ਪਾਬੰਦੀਆਂ ਦੀ ਵਕਾਲਤ ਕਰਨ ਵਾਲੇ ਸਮੂਹ 'ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼' ਵਿਚ ਰੈਗੂਲੇਟਰੀ ਮਾਮਲਿਆਂ ਅਤੇ ਨੀਤੀ ਦੀ ਨਿਰਦੇਸ਼ਕ ਐਲਿਜ਼ਾਬੈਥ ਜੈਕਬਸ ਨੇ ਮੰਗਲਵਾਰ ਨੂੰ ਕਿਹਾ ਕਿ ਸੰਦੇਸ਼ ਇਹ ਹੈ ਕਿ ਅਮਰੀਕਾ ਅਤੇ ਇਮੀਗ੍ਰੇਸ਼ਨ ਏਜੰਸੀਆਂ ਇਮੀਗ੍ਰੇਸ਼ਨ ਫੈਸਲੇ ਲੈਂਦੇ ਸਮੇਂ ਅਮਰੀਕਾ ਵਿਰੋਧੀ ਜਾਂ ਯਹੂਦੀ ਵਿਰੋਧੀ ਪ੍ਰਤੀ ਘੱਟ ਸਹਿਣਸ਼ੀਲ ਹੋਣਗੀਆਂ।

ਜੈਕਬਸ ਨੇ ਕਿਹਾ ਕਿ ਸਰਕਾਰ ਇਸ ਬਾਰੇ ਵਧੇਰੇ ਸਪੱਸ਼ਟ ਹੋ ਰਹੀ ਹੈ0 ਕਿ ਅਧਿਕਾਰੀਆਂ ਨੂੰ ਕਿਸ ਤਰ੍ਹਾਂ ਦੇ ਵਿਵਹਾਰ ਅਤੇ ਅਭਿਆਸਾਂ ਉਤੇ ਵਿਚਾਰ ਕਰਨਾ ਚਾਹੀਦਾ ਹੈ। ਪਰ ਜ਼ੋਰ ਦੇ ਕੇ ਕਿਹਾ ਕਿ ਵਿਵੇਕ ਅਜੇ ਵੀ ਲਾਗੂ ਹੈ। ਆਲੋਚਕਾਂ ਨੂੰ ਚਿੰਤਾ ਹੈ ਕਿ ਨੀਤੀ ਸੋਧ ਅਮਰੀਕਾ ਵਿਰੋਧੀ ਸਮਝੇ ਜਾਣ ਵਾਲੇ ਵਿਚਾਰਾਂ ਬਾਰੇ ਵਧੇਰੇ ਵਿਅਕਤੀਗਤ ਵਿਚਾਰਾਂ ਦੀ ਇਜਾਜ਼ਤ ਦੇਵੇਗੀ ਅਤੇ ਕਿਸੇ ਅਧਿਕਾਰੀ ਦੇ ਨਿੱਜੀ ਪੱਖਪਾਤ ਨੂੰ ਉਸ ਦੇ ਫੈਸਲੇ ਉਤੇ ਅਸਰ ਪਾਉਣ ਦੀ ਇਜਾਜ਼ਤ ਦੇਵੇਗੀ।

# ਵਰਲਡ ਕਬੱਡੀ ਕੱਪ ਕਰਵਾਉਣ ਲਈ ਅਮੈਰੀਕਨ ਕਬੱਡੀ ਫੈਡਰੇਸ਼ਨ ਤਿਆਰ ਬਰ ਤਿਆਰ : ਹਰਸਿਮਰਨ ਸਿੰਘ, ਜੀਤੀ ਗਰੇਵਾਲ

ਅਮੈਰੀਕਨ ਕਬੱਡੀ ਫੈਡਰੇਸ਼ਨ ਦੀ ਮੀਟਿੰਗ 20 ਅਗਸਤ ਨੂੰ ਹੋਈ ਜਿਸ ਵਿੱਚ ਆਉਣ ਵਾਲੇ ਟੂਰਨਾਮੈਂਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿੱਚ ਡੈਲਸ ਦਾ ਟੂਰਨਾਮੈਂਟ 14 ਸਤੰਬਰ ਨੂੰ, ਸੈਕਰਾਮੈਂਟੋ 20 ਸਤੰਬਰ ਨੂੰ, ਟਰੇਸੀ ਅਤੇ ਫਿਰ ਵਰਲਡ ਕੱਪ 5 ਅਕਤੂਬਰ ਨੂੰ ਐਡਵੈਂਟਿਸਟ ਅਰੀਨਾ ਕੈਲੀਫੋਰਨੀਆ ਦੇ ਵਿੱਚ ਕਰਾਇਆ ਜਾਵੇਗਾ। ਅਮਰੀਕਨ ਕਬੱਡੀ ਫੈਡਰੇਸ਼ਨ ਦੇ ਸਾਰੇ ਹੀ ਮੈਂਬਰਾਂ ਨੇ ਇਸ ਮੀਟਿੰਗ ਵਿੱਚ ਕੀਤੀਆਂ ਗਈਆਂ ਵਿਚਾਰਾਂ ਲਈ ਬਹੁਤ ਉਤਸ਼ਾਹ ਦਿਖਾਇਆ ਅਤੇ ਸਾਰਿਆਂ ਨੇ ਹੀ 100 ਫੀਸਦੀ ਸਹਿਯੋਗ ਦਾ ਭਰੋਸਾ ਦਿੱਤਾ। ਅਮਰੀਕਾ ਕਬੱਡੀ ਫੈਡਰੇਸ਼ਨ ਕਬੱਡੀ ਦੀ ਬੇਹਤਰੀ ਲਈ ਕੰਮ ਕਰ ਰਹੀ ਹੈ। ਜਿਨਾਂ ਨੇ ਪਿਛਲੇ ਸਾਲ ਬਹੁਤ ਵੱਡੇ ਮੇਲੇ ਕਰਵਾਏ ਅਤੇ ਇਸ ਸਾਲ ਪਹਿਲੀ ਵਾਰ ਇਨਡੋਰ ਵਰਲਡ





ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਜੋਕਿ ਇਸ ਫੈਡਰੇਸ਼ਨ ਦੇ ਹਿੱਸੇ ਆਇਆ ਹੈ। ਇਸ ਮੀਟਿੰਗ ਨੂੰ ਕਾਮਯਾਬ ਕਰਨ ਲਈ ਹਰਸਿਮਰਨ ਸਿੰਘ ਪ੍ਰਧਾਨ ਅਤੇ ਜੀਤੀ ਗਰੇਵਾਲ ਚੇਅਰਮੈਨ ਦਾ ਭਰਪੂਰ ਯੋਗਦਾਨ ਰਿਹਾ। ਅਮਰੀਕਾ ਵਿੱਚ ਅੱਜਕਲ੍ਹ ਜੋ ਮੇਲੇ ਹੋ ਰਹੇ ਹਨ ਉਹਨਾਂ ਵਿੱਚ ਕਬੱਡੀ ਦੇ ਨਾਲ-ਨਾਲ ਕੁਸ਼ਤੀਆਂ ਵੀ ਕਰਵਾਈਆਂ ਜਾ ਰਹੀਆਂ ਹਨ, ਜਿਨਾਂ ਵਿੱਚ ਜੱਸਾ ਪੱਟੀ, ਕਮਲਜੀਤ ਡੂੰਮਛੇੜੀ, ਪ੍ਰਿਤਪਾਲ ਫਗਵਾੜਾ ਅਤੇ ਹੋਰ ਨਾਮਵਰ ਭਲਵਾਨ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਇਹ ਕਬੱਡੀ ਫੈਡਰੇਸ਼ਨ ਕਬੱਡੀ ਦੀ ਬੇਹਤਰੀ ਲਈ ਹਮੇਸ਼ਾ ਹੀ ਤਤਪਰ ਹੈ। ਕਬੱਡੀ ਪ੍ਰੇਮੀਆਂ ਨੂੰ ਇਸ ਕਬੱਡੀ ਕੱਪ ਵਿੱਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ ਜਾਂਦਾ ਹੈ। ਅਮਰੀਕਨ ਕਬੱਡੀ ਫੈਡਰੇਸ਼ਨ ਅਧੀਨ ਖੇਡਣ ਵਾਲੇ ਕਲੱਬ ਫਤਿਹ ਸਪੋਰਟਸ ਕਲੱਬ, ਲਾਇਲਪੁਰ ਖਾਲਸਾ ਕਾਲਜ, ਬੀ.ਸੀ. ਟਾਈਗਰਜ਼, ਖਡੂਰ ਸਾਹਿਬ ਮਾਝਾ, ਪੰਜਾਬ ਲਾਇਨਜ਼ ਜ਼ਿਕਰਯੋਗ ਹਨ।

# 6 ਸਾਲਾ ਬੱਚੀ ਨੂੰ ਪਰਿਵਾਰ ਸਮੇਤ ਦੇਸ਼ ਨਿਕਾਲਾ ਨਿਊਯਾਰਕ 'ਚ ਰੋਸ

ਨਿਊਯਾਰਕ : ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਪਿਛਲੇ ਹਫ਼ਤੇ ਇੱਕ 6-ਸਾਲਾ ਬੱਚੀ, ਉਸਦੀ ਮਾਂ ਅਤੇ 19-ਸਾਲਾ ਭਰਾ ਨੂੰ ਨਿਊਯਾਰਕ ਸਿਟੀ ਵਿੱਚ ਇੱਕ ਲਾਜ਼ਮੀ ਪੇਸ਼ੀ ਦੌਰਾਨ ਹਿਰਾਸਤ ਵਿੱਚ ਲੈ ਲਿਆ। ਇੱਕ ਹਫ਼ਤੇ ਦੇ ਅੰਦਰ ਹੀ, ਮਾਂ ਅਤੇ 6-ਸਾਲਾ ਧੀ ਨੂੰ ਇਕਵਾਡੋਰ ਵਾਪਸ ਭੇਜ ਦਿੱਤਾ ਗਿਆ, ਜਦਕਿ 19-ਸਾਲਾ ਪੁੱਤਰ ਅਜੇ ਵੀ ਨਿਊ ਜਰਸੀ ਵਿੱਚ ਹਿਰਾਸਤ ਵਿੱਚ ਹੈ। ਇਸ ਪਰਿਵਾਰ ਦੇ ਦੋ ਹੋਰ ਬੱਚੇ ਨਿਊਯਾਰਕ ਵਿੱਚ ਹੀ ਰਹਿ ਗਏ ਹਨ। ਇਸ ਘਟਨਾ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਇਸ ਕਾਰਵਾਈ ਨੂੰ 'ਬੇਰਹਿਮ ਅਤੇ ਅਨਿਆਂਪੂਰਨ' ਕਰਾਰ ਦਿੱਤਾ ਹੈ। ਇਹ ਮਾਮਲਾ ਟਰੰਪ ਪ੍ਰਸ਼ਾਸਨ ਵੱਲੋਂ ਮੁੜ ਸ਼ੁਰੂ ਕੀਤੀ ਗਈ ਬੱਚਿਆਂ ਵਾਲੇ ਪਰਿਵਾਰਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਦੇਸ਼ ਨਿਕਾਲਾ ਦੇਣ ਦੀ ਨੀਤੀ 'ਤੇ ਰੌਸ਼ਨੀ ਪਾਉਂਦਾ ਹੈ। ਅੰਕੜਿਆਂ ਅਨੁਸਾਰ, ਇਸ ਸਾਲ ਜਨਵਰੀ ਤੋਂ ਜੁਲਾਈ ਤੱਕ 935 ਨੇ ਨਿਊਯਾਰਕ ਖੇਤਰ ਵਿੱਚ 18 ਸਾਲ ਤੋਂ ਘੱਟ ਉਮਰ ਦੇ ਲਗਭਗ 50 ਬੱਚਿਆਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ ਵਿੱਚੋਂ 38 ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਪ੍ਰਥਾ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ।

# ਸ. ਬਲਜੀਤ ਸਿੰਘ ਖਾਲਸਾ ਦੁਆਰਾ ਲਿਖਤ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਦੇ ਜੀਵਨ ਉੱਪਰ ਅਧਾਰਿਤ ਕਿਤਾਬ The-Enlightened-mind ਰਿਲੀਜ਼













ਅੱਜ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ "ਰੀਥਿੰਕ ਬੁਕਸ" ਦੁਆਰਾ ਪ੍ਰਕਾਸ਼ਿਤ ਅਤੇ ਸ. ਬਲਜੀਤ ਸਿੰਘ ਖਾਲਸਾ ਦੁਆਰਾ ਲਿਖਤ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਦੇ ਜੀਵਨ ਉੱਪਰ ਅਧਾਰਿਤ ਕਿਤਾਬ The-Enlightened-mind ਨਾਲ ਸੰਬੰਧਿਤ ਇਕ ਮਹੱਤਵਪੂਰਨ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸਿੱਖ ਪੰਥ ਦੀਆਂ ਮਹੱਤਵਪੂਰਨ ਅਕਾਦਮਿਕ, ਸਿਆਸੀ ਤੇ ਧਾਰਮਿਕ ਸ਼ਖਸ਼ੀਅਤਾਂ ਨੇ ਹਿੱਸਾ। ਸਮਾਗਮ ਦੀ ਆਰੰਭਤਾ ਕਰਦਿਆਂ ਰੀਥਿੰਕ ਬੁਕਸ ਦੇ ਮੁਖੀ ਡਾ. ਪਰਮਿੰਦਰ ਸਿੰਘ ਸ਼ੌਂਕੀ ਨੇ ਆਈਆਂ ਸ਼ਖਸੀਅਤਾਂ ਦਾ ਸਵਾਗਤ ਕਰਦਿਆਂ ਇਸ ਕਿਤਾਬ ਅਤੇ ਚੁਰਾਸੀਵਿਆਂ ਦੇ ਸਿੱਖ ਦੌਰ ਦੀ ਇਤਿਹਾਸਕ ਪੇਸ਼ਕਾਰੀ ਬਾਰੇ ਆਪਣੇ ਵਿਚਾਰ ਰੱਖੇ, ਉਪਰੰਤ ਨੌਜਵਾਨ ਸਿੱਖ ਸਕਾਲਰ ਸ. ਪ੍ਰਭਜੋਤ ਸਿੰਘ ਨੇ ਚੁਰਾਸੀਵਿਆਂ ਦੇ ਸਿੱਖ ਇਤਿਹਾਸ ਦੀਆਂ ਇਤਿਹਾਸਕ ਗੁੰਝਲਾਂ ਅਤੇ ਉਨ੍ਹਾਂ ਦੀ ਦਸਤਾਵੇਜ਼ੀ ਪੇਸ਼ਕਾਰੀ ਬਾਰੇ ਬੱਝਵੀਂ ਵਿਚਾਰ ਕੀਤੀ। ਉਨ੍ਹਾਂ ਕਿਹਾ ਕਿ ਹਥਿਆਰਬੰਦ ਲਹਿਰਾਂ ਦੇ ਇਤਿਹਾਸ ਲੇਖਣ ਵਿਚ ਸਿੱਖ ਪੰਥ ਦੇ ਸਾਹਮਣੇ ਇਕ ਵੱਡੀ ਸਮੱਸਿਆ ਇਹ ਹੈ ਕਿ ਅਸੀਂ ਅਜੇ ਵੀ ਚੁਰਾਸੀਵਿਆਂ ਦੇ ਸਿੱਖ ਇਤਿਹਾਸ ਦੇ ਮੁੱਢਲੇ ਸਰੋਤਾਂ ਦੀ ਭਾਲ ਕਰ ਰਹੇ ਹਾਂ। ਜਦ ਤੱਕ ਇਹ ਭਾਲ ਵੱਡੀ ਪੱਧਰ ਤੇ ਸਾਡੇ ਸਾਹਮਣੇ ਦਸਤਾਵੇਜ਼ ਦੇ ਰੂਪ ਵਿਚ ਮੌਜੂਦ ਨਹੀਂ ਹੋਏਗੀ, ਉਦੋਂ ਤੱਕ ਅਸੀਂ ਇਸ ਇਤਿਹਾਸ ਦਾ ਬਹੁ-ਪਰਤੀ ਵਿਸ਼ਲੇਸ਼ਣ ਨਹੀਂ ਕਰ ਸਕਾਂਗੇ। ਇਸ ਤੋਂ ਬਾਅਦ ਕਿਤਾਬ ਦੇ ਲੇਖਕ ਅਤੇ ਸਿੱਖ ਚਿੰਤਕ ਸ. ਬਲਜੀਤ ਸਿੰਘ ਖਾਲਸਾ ਨੇ ਬੋਲਦਿਆਂ ਕਿਹਾ ਕਿ ਸਿੱਖ ਇਤਿਹਾਸ ਦੀ ਪੇਸ਼ਕਾਰੀ ਮੁੱਖ ਧਾਰਾ ਦੇ ਭਾਰਤੀ ਇਤਿਹਾਸ ਅੰਦਰ ਸੰਤਾਲ਼ੀਵਿਆਂ ਤੋਂ ਬਾਅਦ ਹੀ ਸ਼ਰਾਰਤਮਈ ਤੇ ਪੱਖਪਾਤੀ ਤਰੀਕੇ ਨਾਲ ਹੋਈ ਹੈ ਤੇ ਚੁਰਾਸੀਵਿਆਂ ਦੇ ਸਿੱਖ ਸੰਘਰਸ਼ ਨੂੰ ਇਸ ਸਭ ਦੀ ਸਭ ਤੋਂ ਵੱਧ ਮਾਰ ਪਈ ਹੈ, ਕਿਉਂਕਿ ਇਸ ਸਾਰੇ ਇਤਿਹਾਸਕ ਦੌਰ ਨੂੰ ਸੱਤਾ ਦੇ ਨਜ਼ਰੀਏ ਨਾਲ ਹੀ ਪੇਸ਼ ਕੀਤਾ ਗਿਆ ਹੈ ਤੇ ਇਸ ਸੰਬੰਧੀ ਗੈਰ ਪੰਜਾਬੀ ਹਲਕਿਆਂ ਵਿਚ ਸਿੱਖ ਪੱਖ ਤੋਂ ਨਾਂ-ਮਾਤਰ ਰੂਪ ਵਿਚ ਹੀ ਗੱਲਬਾਤ ਹੋਈ ਹੈ। ਉਨ੍ਹਾਂ ਕਿਹਾ ਕਿ ਜਦ ਦਰਬਾਰ ਸਾਹਿਬ ਵਿਖੇ ਹਮਲਾ ਹੋਇਆ ਸੀ, ਉਸ ਵਕਤ ਸਰਕਾਰ ਦੁਆਰਾ ਹਰ ਤਰ੍ਹਾਂ ਦੇ ਪੱਤਰਕਾਰਾਂ ਤੇ ਵਿਦੇਸ਼ੀਆਂ ਨੂੰ ਅੰਮ੍ਰਿਤਸਰ ਸਾਹਿਬ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਤਾਂ ਜੋ ਕਿਸੇ ਵੀ ਵਿਅਕਤੀ ਤੱਕ ਇਸ ਹਮਲੇ ਦੀ ਸਚਾਈ ਨਾ ਪਹੁੰਚੇ, ਉਸ ਤੋਂ ਬਾਅਦ ਸਰਕਾਰ ਨੇ ਆਪਣੇ ਬਿਰਤਾਂਤ ਨੂੰ ਲੋਕਾਂ ਅੰਦਰ ਸਥਾਪਤ ਕਰਨ ਲਈ ਗਿਣੀ-ਮਿੱਥੀ ਸਾਜ਼ਿਸ ਤਹਿਤ ਪ੍ਰਬੰਧ ਕੀਤੇ ਤੇ ਉਸੇ ਦੇ ਆਧਾਰ ਤੇ ਸਾਡੇ ਲੇਖਕ ਅੱਜ ਤੱਕ ਇਸ ਸਮਾਂ-ਕਾਲ ਦਾ ਇਤਿਹਾਸ ਲਿਖਦੇ ਆ ਰਹੇ ਹਨ, ਜਦਕਿ ਹੁਣ ਲੋੜ ਸਿੱਖ ਪੱਖ ਨੂੰ ਵਿਚਾਰ ਕੇ ਦੁਨੀਆ ਸਾਹਮਣੇ ਰੱਖਣ ਦੀ ਹੈ. ਉਨ੍ਹਾਂ ਕਿਹਾ ਕਿ ਭਾਈ ਹਰਮਿੰਦਰ ਸਿੰਘ ਸੰਧੂ ਇਸ ਸਾਰੀ ਇਤਿਹਾਸਕ ਬਣਤਰ ਦੇ ਬੁਨਿਆਦੀ ਨੁਕਸਾਂ ਨੂੰ ਪਛਾਣਦਾ ਸੀ ਤੇ ਇਸ ਦਾ ਸਾਹਮਣਾ ਕਰਨ ਲਈ ਆਪਣੇ ਠੋਸ ਵਿਚਾਰ ਪੇਸ਼ ਕਰ ਰਿਹਾ ਸੀ, ਪਰ ਉਸ ਦੇ ਕਤਲ ਨੇ ਇਤਿਹਾਸ ਦੀ ਤੋਰ ਹੀ ਬਦਲ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਹਥਿਆਰਬੰਦ ਸੰਘਰਸ਼ ਦੌਰਾਨ ਜੋ ਗਲਤੀਆਂ ਹੋਈਆਂ ਹਨ, ਉਹ ਜਨਤਕ ਤੌਰ 'ਤੇ ਮੰਨੀਆਂ ਜਾਣੀਆਂ ਚਾਹੀਦੀਆਂ ਹਨ, ਕਿਉਕਿ ਖਾੜਕੂ ਸੰਘਰਸ ਸ਼ਖਸੀਅਤਾਂ ਦੀ ਬਜਾਏ ਪੰਥ ਦਾ ਵਧੇਰੇ ਹੈ। ਇਸ ਤੋਂ ਸ. ਭਾਈ ਜਗਬੀਰ ਸਿੰਘ ਲੋਪੋਕੇ ਸਾਬਕਾ ਫੈਡਰੇਸ਼ਨ ਆਗੂ ਨੇ ਬੋਲਦਿਆਂ ਕਿਹਾ ਕਿ ਭਾਈ ਹਰਮਿੰਦਰ ਸਿੰਘ ਸੰਧੂ ਸਿੱਖ ਪੰਥ ਦਾ ਰੌਸ਼ਨ ਦਿਮਾਗ ਸੀ, ਪਰ ਬਦਕਿਸਮਤੀ ਇਹ ਰਹੀ ਕਿ ਇਹ ਦਿਮਾਗ ਸਾਡੇ ਕੋਲੋਂ ਸਮੇਂ ਤੋਂ ਪਹਿਲਾਂ ਖੋਹ ਲਿਆ ਗਿਆ। ਜਿਸ ਵਿਚ ਹੋਰਨਾਂ ਤੋਂ ਇਲਾਵਾ ਇਸ ਸਮਾਗਮ ਦੌਰਾਨ ਸ. ਅਮਰਜੀਤ ਸਿੰਘ ਵਨਚੜੀ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਨਿੱਜੀ ਸਹਾਇਕ ਤੇ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਪੰਜ ਮੈਂਬਰੀ ਕਮੇਟੀ ਦੇ ਮੈਂਬਰ, ਸ. ਸਤਪਾਲ ਸਿੰਘ, ਸ਼ਹੀਦ ਭਾਈ ਸਰਬਜੀਤ ਸਿੰਘ ਰੋਪੜ ਦੇ ਛੋਟੇ ਭਰਾ ਸ. ਬਲਵਿੰਦਰ ਸਿੰਘ ਕਾਲਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਐਡਵੋਕੇਟ ਸ. ਪਰਮਿੰਦਰ ਸਿੰਘ ਵਿੱਗ, ਸ. ਗੁਰਮੀਤ ਸਿੰਘ, ਜਥੇਦਾਰ ਮੋਹਨ ਸਿੰਘ ਮਟੀਆ ਪੁੱਤਰ ਸ. ਹਰਿਜਿੰਦਰ ਸਿੰਘ ਜਿੰਦਾ, ਮਨਜੀਤ ਸਿੰਘ ਕਰਤਾਪੁਰ, ਹਰਕਵਜੀਤ ਸਿੰਘ ਟੈਣੀ, ਸੁਖਵਿੰਦਰ ਸਿੰਘ ਸੁਹਾਵੀ ਐਪ, ਪ੍ਰਿਤਪਾਲ ਸਿੰਘ, ਸ. ਸੁਖਮਿੰਦਰ ਸਿੰਘ, ਸ. ਇਕਵਿੰਦਰਪਾਲ ਸਿੰਘ ਸਿਫ਼ਰ, ਸ. ਗੁਰਵਿੰਦਰ ਸਿੰਘ ਮੀਤ ਪਟਿਆਲਾ, ਸਿਮਰਨਜੀਤ ਕੌਰ, ਮਨਪ੍ਰੀਤ ਕੌਰ, ਨਵਜੋਤ ਕੌਰ, ਸਹਿਜ ਸਿਮਰ ਸਿੰਘ, ਪ੍ਰਧਾਨ ਯੂਨਾਇਟਡ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਿੱਖ ਨੌਜਵਾਨ ਤੇ ਪਤਵੰਤੇ ਸੱਜਣ ਸ਼ਾਮਲ ਸਨ।

---

# 'ਤਾਂਤਰਿਕ ਬੇਈਮਾਨੀ' ਅਤੇ ਚੋਣਾਂ




ਵਿਸ਼ਵ ਭਰ ਦੇ ਲੋਕਤੰਤਰੀ ਸਿਸਟਮ ਅੰਦਰ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਲੋਕਤੰਤਰ ਦੀ ਨੈਤਿਕਤਾ ਅਤੇ ਕਾਨੂੰਨੀ ਢਾਂਚੇ ਦੀ ਨੀਂਹ ਉਸ ਦੀਆਂ ਚੋਣਾਂ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ 'ਤੇ ਅਧਾਰਿਤ ਹੁੰਦੀ ਹੈ। ਇਸ ਲਈ ਜਦੋਂ ਇੱਕ ਉੱਚ ਪੱਧਰੀ ਰਾਜਨੀਤਿਕ ਨੇਤਾ ਚੋਣ ਪ੍ਰਕਿਰਿਆ ਵਿੱਚ ਗੜਬੜ ਜਾਂ 'ਚੋਰੀ' ਦੇ ਦਾਅਵੇ ਕਰਦਾ ਹੈ, ਤਾਂ ਇਹ ਸਿਰਫ਼ ਰਾਜਨੀਤਿਕ ਬਿਆਨਬਾਜ਼ੀ ਨਹੀਂ ਰਹਿੰਦੀ, ਸਗੋਂ ਲੋਕਤੰਤਰ ਦੀ ਪਰਖ ਦਾ ਇੱਕ ਮਹੱਤਵਪੂਰਨ ਮੋੜ ਬਣ ਜਾਂਦਾ ਹੈ। ਇਸੇ ਪੱਖ ਤੋਂ ਲੰਘੀ 7 ਅਗਸਤ, 2025 ਨੂੰ, ਰਾਹੁਲ ਗਾਂਧੀ ਨੇ ਵੋਟ ਚੋਰੀ' ਦਾ ਦਾਅਵਾ ਕਰਦਿਆਂ ਚੋਣ ਪ੍ਰਣਾਲੀ ਅਤੇ ਚੋਣ ਕਮਿਸ਼ਨ ਉੱਤੇ ਸਿੱਧੇ ਸਵਾਲ ਚੁੱਕੇ ਹਨ, ਜਿਨ੍ਹਾਂ ਨੇ ਭਾਰਤ ਅੰਦਰਲੀ ਚੋਣ ਵਿਵਸਥਾ ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਲਗਾਇਆ ਹੈ।

ਦਰਅਸਲ ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਇੱਕ ਸਾਲ ਬਾਅਦ, ਰਾਹੁਲ ਗਾਂਧੀ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਚੋਣਾਂ ਵਿੱਚ ਵੱਡੇ ਪੱਧਰ 'ਤੇ ਵੋਟਰ ਅੰਕੜਿਆਂ ਵਿੱਚ ਤਬਦੀਲੀਆਂ, ਨਕਲੀ ਵੋਟਰਾਂ ਦੀ ਰਜਿਸਟ੍ਰੇਸ਼ਨ ਅਤੇ ਮਸ਼ੀਨ-ਰੀਡੇਬਲ ਡਾਟਾ ਦੀ ਅਣਉਪਲਬਧਤਾ ਰਾਹੀਂ 'ਚੋਣ ਚੋਰੀ' ਹੋਈ ਹੈ। ਰਾਹੁਲ ਗਾਂਧੀ ਨੇ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਰਾਹੀਂ ਇਹ ਦੋਸ਼ ਪੇਸ਼ ਕੀਤੇ, ਜਿਸ ਵਿੱਚ ਉਸ ਨੇ ਮਹਾਰਾਸ਼ਟਰ ਅਤੇ ਕਰਨਾਟਕ ਦੇ ਖਾਸ ਮਾਮਲਿਆਂ ਦਾ ਜ਼ਿਕਰ ਕੀਤਾ। ਰਾਹੁਲ ਗਾਂਧੀ ਦਾ ਦਾਅਵਾ ਸੀ ਕਿ ਮਹਾਰਾਸ਼ਟਰ ਵਿੱਚ ਮਾਰਚ ਤੋਂ ਸਤੰਬਰ 2024 ਦੌਰਾਨ ਇੱਕ ਕਰੋੜ ਨਵੇਂ ਵੋਟਰ ਰਜਿਸਟਰ ਕੀਤੇ ਗਏ, ਜੋ ਕਿ ਪਿਛਲੇ ਪੰਜ ਸਾਲਾਂ ਦੀ ਔਸਤ ਨਾਲੋਂ ਕਈ ਗੁਣਾ ਜ਼ਿਆਦਾ ਹਨ। ਇਸੇ ਤਰ੍ਹਾਂ, ਉਨ੍ਹਾਂ ਨੇ ਕਰਨਾਟਕ ਦੇ ਮਾਹਾਦੇਵਪੁਰਾ ਵਿਧਾਨ ਸਭਾ ਖੇਤਰ ਨੂੰ 'ਵੋਟ ਚੋਰੀ' ਦੇ ਇੱਕ ਮਾਡਲ ਕੇਸ ਵਜੋਂ ਪੇਸ਼ ਕੀਤਾ. ਆਪਣੀ ਟੀਮ ਦੇ ਛੇ ਮਹੀਨਿਆਂ ਦੇ ਅੰਦਰੂਨੀ ਡਿਜੀਟਲ ਵਿਸ਼ਲੇਸ਼ਣ ਦੇ ਆਧਾਰ 'ਤੇ ਰਾਹੁਲ ਨੇ ਕਈ ਬੇਨਿਯਮੀਆਂ ਦਾ ਜ਼ਿਕਰ ਕੀਤਾ, ਜਿਵੇਂ ਕਿ ਜਾਅਲੀ ਵੋਟਰ, ਨਕਲੀ ਪਤੇ, ਅਤੇ ਫਾਰਮ-6 ਦੀ ਗਲਤ ਵਰਤੋਂ। ਇਹ ਦਾਅਵੇ ਏਨੇ ਮਜ਼ਬੂਤ ਦੱਸੇ ਜਾ ਰਹੇ ਹਨ ਕਿ ਖੁਦ ਰਾਹੁਲ ਗਾਂਧੀ ਨੇ ਇਹਨਾਂ ਅੰਕੜਿਆਂ ਨੂੰ ਆਪਣੇ ਦਾਅਵਿਆਂ ਦਾ 'ਐਟਮ ਬੰਬ' ਸਬੂਤ ਦੱਸਿਆ ਹੈ।

ਹਾਲਾਂਕਿ ਦੂਜੇ ਪਾਸੇ ਇਨ੍ਹਾਂ ਦੋਸ਼ਾਂ ਦੇ ਜਵਾਬ ਵਿੱਚ, ਭਾਰਤੀ ਚੋਣ ਕਮਿਸ਼ਨ ਨੇ ਰਾਹੁਲ ਗਾਂਧੀ ਪਾਸੋਂ ਇਸ ਸੰਬੰਧੀ ਲਿਖਤੀ ਸਬੂਤਾਂ ਦੀ ਮੰਗ ਕੀਤੀ ਹੈ। ਕਮਿਸ਼ਨ ਨੇ ਰਾਹੁਲ ਨੂੰ 'ਪ੍ਰਤੀਨਿਧਤਾ ਕਾਨੂੰਨ, 1950' ਅਧੀਨ ਸਹੁੰ-ਪੱਤਰ ਦੇ ਕੇ ਆਪਣੇ ਦਾਅਵੇ ਰਸਮੀ ਤੌਰ 'ਤੇ ਦਰਜ ਕਰਵਾਉਣ ਲਈ ਕਿਹਾ ਹੈ. ਇਸ ਦੇ ਨਾਲ ਹੀ ਚੋਣ ਕਮਿਸ਼ਨ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਗਲਤ ਦਾਅਵਾ ਕਰਨਾ 'ਭਾਰਤੀ ਨਿਆਇਕ ਸੰਹਿਤਾ, 2023' ਦੇ ਤਹਿਤ ਦੰਡਯੋਗ ਹੈ। ਬੇਸ਼ੱਕ ਇਸ ਸਭ ਦੇ ਦਰਮਿਆਨ ਖੁਦ ਕਮਿਸ਼ਨ ਨੇ ਆਪਣੀ ਨਿਰਪੱਖਤਾ ਬਰਕਰਾਰ ਰੱਖਦੇ ਹੋਏ ਇਹ ਸਪੱਸ਼ਟ


ਡਾ. ਪਰਮਿੰਦਰ ਸਿੰਘ ਸ਼ੌਂਕੀ

ਕੀਤਾ ਹੈ ਕਿ ਉਹ ਜਾਂਚ ਲਈ ਤਿਆਰ ਹੈ, ਪਰ ਇਨ੍ਹਾਂ ਦੋਸ਼ਾਂ ਨੂੰ ਸੰਵਿਧਾਨਕ ਤਰੀਕੇ ਨਾਲ ਪੇਸ਼ ਕਰਨਾ ਜ਼ਰੂਰੀ ਹੈ। ਦੂਜੇ ਪਾਸੇ, ਭਾਜਪਾ ਨੇ ਰਾਹੁਲ ਗਾਂਧੀ ਦੇ ਦਾਅਵਿਆਂ ਨੂੰ 'ਤਾਂਤਰਿਕ ਬੇਈਮਾਨੀ' ਅਤੇ ਚੋਣਾਂ ਵਿੱਚ ਹਾਰਨ ਤੋਂ ਬਾਅਦ ਦੀ ਇੱਕ ਆਮ ਰਣਨੀਤੀ ਦੱਸ ਕੇ ਗੱਲ ਲਗਭਗ ਮੁੱਕਾ ਹੀ ਦਿੱਤੀ ਹੈ।

ਜੋ ਵੀ ਹੈ, ਇਸ ਸਾਰੇ ਮਸਲੇ ਦਾ ਕਾਨੂੰਨੀ ਤੌਰ 'ਤੇ ਰਾਹ ਚੋਣਾਂ ਵਿੱਚ ਗੜਬੜੀ ਦੀ ਜਾਂਚ ਲਈ ਅਸਲ ਰਾਹ ਚੋਣ ਪਟੀਸ਼ਨ ਰਾਹੀਂ ਉੱਚ ਅਦਾਲਤ ਵਿੱਚ ਹੀ ਹੈ। ਹਾਲਾਂਕਿ ਰਾਹੁਲ ਗਾਂਧੀ ਨੇ ਜਨਤਕ ਤੌਰ 'ਤੇ ਆਪਣੇ ਦੋਸ਼ ਪੇਸ਼ ਕੀਤੇ ਹਨ, ਪਰ ਉਨ੍ਹਾਂ ਵੱਲੋਂ ਅਜੇ ਤੱਕ ਕੋਈ ਵੀ ਅਧਿਕਾਰਤ ਚੋਣ ਪਟੀਸ਼ਨ ਦਾਇਰ ਨਹੀਂ ਕੀਤੀ ਗਈ. ਇਸ ਕਾਰਨ, ਕਾਨੂੰਨੀ ਤੌਰ 'ਤੇ ਇਹ ਮੁੱਦਾ ਲਗਭਗ ਅਣਛੂਹਿਆ ਹੀ ਹੈ. ਭਾਵੇਂ ਰਾਹੁਲ ਗਾਂਧੀ ਨੇ ਕਿਹਾ ਹੈ ਕਿ 'ਜਨਤਾ ਅੱਗੇ ਕਿਹਾ ਗਿਆ ਸ਼ਬਦ ਹੀ ਕਸਮ ਹੈ', ਪਰ ਅਸੀਂ ਜਾਣਦੇ ਹੀ ਹਾਂ ਕਿ ਸੰਵਿਧਾਨਕ ਪੱਧਰ 'ਤੇ ਮੌਖਿਕ ਦਾਅਵਿਆਂ ਦਾ ਕੋਈ ਮੁੱਲ ਨਹੀਂ ਹੁੰਦਾ, ਜਦੋਂ ਤੱਕ ਕਿ ਉਹ ਲਿਖਤੀ ਅਤੇ ਨਿਆਇਕ ਰੂਪ ਵਿੱਚ ਦਰਜ ਨਾ ਕਰਵਾਏ ਜਾਣ। ਜਦੋਂ ਦਾ ਇਹ ਮਸਲਾ ਸਾਡੇ ਸਾਹਮਣੇ ਆਇਆ ਹੈ, ਇਸ ਨੇ ਦੋ ਵੱਡੇ ਸਵਾਲ ਉਠਾਏ ਹਨ: ਪਹਿਲਾਂ ਇਹ ਕਿ, ਕੀ ਲੋਕਤੰਤਰੀ ਪ੍ਰਕਿਰਿਆਵਾਂ 'ਤੇ ਲੋਕਾਂ ਦਾ ਭਰੋਸਾ ਘਟ ਰਿਹਾ ਹੈ, ਅਤੇ ਦੂਜਾ ਇਹ ਕਿ, ਕੀ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਚੋਣ ਪ੍ਰਣਾਲੀ ਦੀ ਪਾਰਦਰਸ਼ਤਾ ਬਰਕਰਾਰ ਹੈ? ਕਿਉਂਕਿ ਜੇਕਰ ਅਜਿਹੇ ਗੰਭੀਰ ਦੋਸ਼ਾਂ ਦੀ ਪੂਰੀ ਜਾਂਚ ਤੋਂ ਬਿਨਾਂ ਜਨਤਕ ਤੌਰ 'ਤੇ ਚਰਚਾ ਹੁੰਦੀ ਹੈ, ਤਾਂ ਇਹ ਲੋਕਤੰਤਰੀ ਸੰਸਥਾਵਾਂ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 324 ਅਨੁਸਾਰ, ਚੋਣ ਕਮਿਸ਼ਨ ਨੂੰ ਚੋਣਾਂ ਦੀ ਨਿਗਰਾਨੀ ਕਰਨ ਦਾ ਪੂਰਾ ਅਧਿਕਾਰ ਹੈ, ਪਰ ਜੇ ਇਸ ਸੰਸਥਾ 'ਤੇ ਹੀ ਸ਼ੱਕ ਹੋਣ ਲੱਗੇ ਤਾਂ ਇਹ ਸੰਵਿਧਾਨਕ ਢਾਂਚੇ ਲਈ ਖ਼ਤਰਨਾਕ ਸੰਕੇਤ ਹੈ।

ਬੇਸ਼ੱਕ ਇਸ ਸਾਰੇ ਮਸਲੇ ਬਾਰੇ ਭਿੰਨ-ਭਿੰਨ ਰਾਵਾਂ ਸਾਡੇ ਸਾਹਮਣੇ ਆ ਰਹੀਆਂ ਹਨ ਪਰ ਇਹ ਤੇ ਮੰਨਣਾ ਹੀ ਪਏਗਾ ਕਿ ਰਾਹੁਲ ਗਾਂਧੀ ਦੀ 2025 ਦੀ 'ਵੋਟ ਚੋਰੀ' ਮੁਹਿੰਮ ਨਾ ਸਿਰਫ਼ ਇੱਕ ਰਾਜਨੀਤਿਕ ਆਲੋਚਨਾ ਹੈ, ਸਗੋਂ ਇੱਕ ਸੰਵਿਧਾਨਕ ਚੁਣੌਤੀ ਵੀ ਹੈ. ਜਿਸ ਦਾ ਇੱਕ ਸੱਚ ਇਹ ਵੀ ਹੈ ਕਿ ਜਦੋਂ ਤੱਕ ਰਾਹੁਲ ਦੇ ਦਾਅਵਿਆਂ ਨੂੰ ਸੂਚਿਤ ਅਤੇ ਨਿਆਇਕ ਪੱਧਰ 'ਤੇ ਲਿਆ ਕੇ ਪੇਸ਼ ਨਹੀਂ ਕੀਤਾ ਜਾਂਦਾ, ਇਹ ਮੁੱਦਾ ਸਿਰਫ਼ ਮੀਡੀਆ ਬਹਿਸ ਬਣ ਕੇ ਰਹਿ ਜਾਵੇਗਾ। ਭਾਵੇਂਕਿ ਲੋਕਤੰਤਰ ਦੀ ਰਾਖੀ ਲਈ ਇਹ ਜ਼ਰੂਰੀ ਹੈ ਕਿ ਅਜਿਹੇ ਦਾਅਵਿਆਂ ਦੀ ਜਾਂਚ ਆਜ਼ਾਦ ਅਤੇ ਪਾਰਦਰਸ਼ੀ ਤਰੀਕੇ ਨਾਲ ਹੋਵੇ, ਸਬੂਤ ਲਿਖਤੀ ਰੂਪ ਵਿੱਚ ਆਉਣ, ਅਤੇ ਜੇਕਰ ਗੜਬੜੀ ਸਿੱਧ ਹੁੰਦੀ ਹੈ, ਤਾਂ ਜ਼ਿੰਮੇਵਾਰਾਂ ਖਿਲਾਫ ਕਾਨੂੰਨੀ ਕਾਰਵਾਈ ਹੋਵੇ, ਕਿਉਂਕਿ ਇਹ ਪ੍ਰਕਿਰਿਆ ਹੀ ਲੋਕਤੰਤਰ ਵਿੱਚ ਲੋਕਾਂ ਦੇ ਭਰੋਸੇ ਨੂੰ ਬਹਾਲ ਰੱਖਣ ਲਈ ਜ਼ਰੂਰੀ ਹੈ, ਪਰ ਕੀ ਇਹ ਸਭ ਵਾਕਈ ਹੋਏਗਾ? ਪਰ ਮੈਨੂੰ ਭਾਰਤੀ ਲੋਕਤੰਤਰ ਦਾ ਮੌਜੂਦਾ ਹਾਸੋਹੀਣਾ ਸਰੂਪ ਦੇਖ ਕੇ ਲੱਗਦਾ ਨਹੀਂ ਕਿ ਇਹ ਕਦੀ ਹੋਏਗਾ।

# ਛੇਵੀਂ ਸਾਲਾਨਾ ਸਿੱਖ ਹੈਰੀਟੇਜ ਨਾਈਟ ਸਫਲਤਾਪੂਰਵਕ ਸੰਪੰਨ, ਪੇਪਾਲ ਪਾਰਕ 'ਚ ਗੂੰਜਿਆ ਫੁੱਟਬਾਲ ਦਾ ਜੋਸ਼







ਸੈਨ ਹੋਜ਼ੇ/ਕੈਲੀਫੋਰਨੀਆ: ਸਿੱਖ ਗੁਰਦੁਆਰਾ ਸੈਨਹੋਜ਼ੇ ਵੱਲੋਂ ਖੇਡਾਂ ਅਤੇ ਵਿਰਾਸਤ ਦੇ ਸੁਮੇਲ ਨੂੰ ਸਮਰਪਿਤ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। 'ਸੈਨ ਹੋਜ਼ੇ ਅਰਥਕੁਏਕਸ' ਦੇ ਸਹਿਯੋਗ ਨਾਲ 6ਵੀਂ ਸਲਾਨਾ ਸਿੱਖ ਵਿਰਾਸਤੀ ਰਾਤ (Fth Annual Sikh Heritage Night) ਦਾ ਆਯੋਜਨ ਐਤਵਾਰ, 17 ਅਗਸਤ ਨੂੰ ਸ਼ਾਮ 4:00 ਵਜੇ ਮਸ਼ਹੂਰ ਪੇਪਾਲ ਪਾਰਕ (PayPal Park) ਵਿਖੇ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਮੇਜਰ ਲੀਗ ਸੌਕਰ ਦਾ ਇੱਕ ਰੋਮਾਂਚਕ ਮੈਚ ਦੇਖਣ ਨੂੰ ਮਿਲਿਆ। ਜਿਸ ਵਿੱਚ ਮੇਜ਼ਬਾਨ ਟੀਮ ਸੈਨਹੋਜ਼ੇ ਅਰਥਕੁਏਕਸ (San Jose Earthquakes) ਦਾ ਮੁਕਾਬਲਾ ਸੈਨ ਡਿਏਗੋ ਐਫਸੀ (San Diego FC) ਦੀ ਟੀਮ ਨਾਲ ਹੋਇਆ। ਇਹ ਸਮਾਗਮ ਨਾ ਸਿਰਫ਼ ਫੁੱਟਬਾਲ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣਿਆ, ਸਗੋਂ ਇਹ ਸਿੱਖ ਭਾਈਚਾਰੇ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਨੂੰ ਮਨਾਉਣ ਦਾ ਇੱਕ ਵਧੀਆ ਮੌਕਾ ਵੀ



















# ਛੇਵੀਂ ਸਾਲਾਨਾ ਸਿੱਖ ਹੈਰੀਟੇਜ ਨਾਈਟ ਸਫਲਤਾਪੂਰਵਕ ਸੰਪੰਨ, ਪੇਪਾਲ ਪਾਰਕ 'ਚ ਗੂੰਜਿਆ ਫੁੱਟਬਾਲ ਦਾ ਜੋਸ਼










ਪ੍ਰਦਾਨ ਹੋਇਆ।
ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਟਿਕਟ ਦੀ ਕੀਮਤ $45 ਰੱਖੀ ਗਈ ਸੀ। ਇਸ ਪ੍ਰਦਰਸ਼ਨੀ ਨੂੰ ਸ਼ਾਨਦਾਰ ਬਣਾਉਣ ਲਈ ਦਰਸ਼ਕ ਨੂੰ ਯਾਦਗਾਰ ਵਜੋਂ ਇੱਕ ਖਾਸ ਟੀ-ਸ਼ਰਟ ਵੀ ਦਿੱਤੀ ਗਈ। ਇਹ ਛੇਵਾਂ ਸਾਲ ਹੈ ਜਦੋਂ ਇਹ ਸਮਾਗਮ ਕਰਵਾਇਆ ਗਿਆ ਜੋ ਕਿ ਬੇ ਏਰੀਆ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਉਤਸ਼ਾਹ ਅਤੇ ਭਰਵੀਂ ਸ਼ਮੂਲੀਅਤ ਨੂੰ ਦਰਸਾਉਂਦਾ ਹੈ। ਵੱਖ-ਵੱਖ ਪਿਛੋਕੜ ਵਾਲੇ ਲੋਕਾਂ ਨੇ ਸਾਡੇ ਬੂਥ 'ਤੇ ਆ ਕੇ ਪੱਗ ਬੰਨ੍ਹਣ ਦਾ ਅਨੁਭਵ ਕੀਤਾ। ਇਸ ਮੌਕੇ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਵੀ ਕੀਤਾ ਗਿਆ। ਬੱਚਿਆਂ ਅਤੇ ਮਾਪਿਆਂ ਨੇ ਖਿਡਾਰੀਆਂ ਨਾਲ ਮਿਲ ਕੇ ਹਾਈ ਫਾਈਵ ਦਿੱਤੇ।
ਸੈਨ ਹੋਜ਼ੇ ਗੁਰਦੁਆਰੇ ਨੇ ਸਭ ਹਿੱਸਾ ਲੈਣ ਵਾਲਿਆਂ ਅਤੇ ਖ਼ਾਸ ਕਰਕੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਇਹ ਪ੍ਰੋਗਰਾਮ ਸਫਲ ਬਣਾਇਆ।






























# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

## ਲੱਖ-ਲੱਖ ਵਧਾਈਆਂ

# Sakoon

CELEBRATING INDIAN FLAVORS



## RESTAURANT | BAR
## LOUNGE | BANQUET

our 3rd location now open in

## santa clara





Late : Baba Lashkar Singh



Didar Singh



Balkar Singh







# BOMBAY GARDEN

ਅਸੀਂ 500 ਤੋਂ ਲੈ ਕੇ 10000 ਹਜ਼ਾਰ ਤੱਕ ਕੈਟਰਿੰਗ ਕਰਦੇ ਹਾਂ। ਇਸ ਵਿਚ ਸਾਡਾ ਕੋਈ ਮੁਕਾਬਲਾ ਨਹੀਂ।
ਅਸੀਂ ਕੈਲੀਫੋਰਨੀਆ ਵਿਚ ਬੰਬੇ ਗਾਰਡਨ, ਬੰਬੇ ਐਕਸਪ੍ਰੈਸ ਅਤੇ ਸਕੂਨ ਰੈਸਟੋਰੈਂਟ
ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਆਪ ਜੀ ਦੀ ਸੇਵਾ ਕਰਦੇ ਹਾਂ।

## ਬਲਕਾਰ ਸਿੰਘ (510) 676-5641



ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ



ਕਮਿਊਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ
ਸੀਨੀਅਰ ਪੱਤਰਕਾਰ ਸ੍ਰ. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ,
ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ

(703) 409-0141




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ


ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ


ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)


ਬਲਵਿੰਦਰ ਸਿੰਘ ਮਿੰਠੂ ਚੀਮਾ
ਨੈਸ਼ਨਲ ਪੈਨਲ ਮੈਂਬਰ


ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ


ਰਛਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ


ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ


ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ


ਐਡਵੋਕੇਟ ਰਜਿੰਦਰ ਸਿੰਘ ਕਲਸੀ
ਸਕੱਤਰ


ਸਮਰਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ


ਲਵਦੀਪ ਸਿੰਘ
ਸਹਾਇਕ ਖਜਾਨਚੀ


ਤਰਨਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ


ਗੁਰਮੀਤ ਸਿੰਘ
ਯੂਬਾਸਿਟੀ ਵਾਈਸ ਪ੍ਰਧਾਨ


ਸੁਖਬੀਰ ਸਿੰਘ ਗਿੱਲ
ਖਜ਼ਾਨਚੀ


ਅਜ਼ਾਦ ਸਿੰਘ


ਕੁਲਵੰਤ ਸਿੰਘ


ਜਗਤਾਰ ਸਿੰਘ


ਪਰਤਾਪ ਸਿੰਘ


ਰਣਜੀਤ ਸਿੰਘ


ਸਮਾਇਲਪ੍ਰੀਤ ਸਿੱਧੂ


ਸੰਦੀਪ ਸਿੰਘ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118



ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

# ਜਾਗਤ ਜੋਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ





**ਗੁਰਪ੍ਰੀਤ ਸਿੰਘ ਨਿਆਮੀਆਂ**

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ 'ਤੇ ਅਵਤਾਰ ਧਾਰਿਆ, ਉਦੋਂ ਦੁਨੀਆ ਦੀ ਹਾਲਤ ਬਹੁਤ ਤਰਸਮਈ ਸੀ। ਰਾਜੇ ਕਸਾਈਆਂ ਵਾਂਗ ਵਿਵਹਾਰ ਕਰਦੇ ਸਨ ਅਤੇ ਧਰਮ ਕਰਮ ਦੁਨੀਆ ਤੋਂ ਕਿਧਰੇ ਦੂਰ ਚਲਾ ਗਿਆ ਜਾਪਦਾ ਸੀ। ਇਸ ਸਮੇਂ ਦੇ ਹਾਲਾਤ ਨੂੰ ਖੁਦ ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਮਾਝ ਦੀ ਵਾਰ 'ਚ, ਮਲ੍ਹਾਰ ਦੀ ਵਾਰ 'ਚ ਅਤੇ ਸਾਰੰਗ ਦੀ ਵਾਰ 'ਚ ਪੇਸ਼ ਕਰਦੇ ਹੋਏ ਦੱਸਦੇ ਹਨ :

**"ਕਲਿਕਾਤੀ ਰਾਜੇ ਕਾਸਾਈ**
**ਧਰਮੁ ਪੰਖੁ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾ ਹੀ ਕਹ ਚੜਿਆ॥**
**ਹਉ ਭਾਲਿ ਵਿਕੁਨੀ ਹੋਈ**
**ਆਧੇਰੇ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥"**
(ਵਾਰ ਮਾਝ, ਅੰਗ 145)

**"ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿਹ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥**
**ਜਿਥੈ ਜੀਆਂ ਹੋਸੀ ਸਾਰ॥**
**ਨਕੀਂ ਵਢੀਂ ਲਾਇਤਬਾਰ॥"**
**(ਮਲ੍ਹਾਰ ਦੀ ਵਾਰ, ਅੰਗ 1288)**

**"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥" (ਸਾਰੰਗ ਕੀ ਵਾਰ, ਅੰਗ 1242)**

ਅਜਿਹੇ ਸਮੇਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਿਰਮਲ ਪੰਥ ਚਲਾਇਆ ਅਤੇ ਗ੍ਰਹਿਸਤ 'ਚ ਰਹਿੰਦਿਆਂ ਸਮਾਜ ਦੀ ਸੇਵਾ ਕਰਦਿਆਂ ਹੱਕ ਸੱਚ ਦੀ ਕਮਾਈ ਕਰਦੇ ਹੋਏ ਦੂਜਿਆਂ ਨਾਲ ਵੰਡ ਕੇ ਛਕਦਿਆਂ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਸੌਖਾ ਰਸਤਾ ਦੱਸਿਆ। ਵੱਡਾ ਇਨਕਲਾਬੀ ਕਦਮ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਵਾਗਡੋਰ ਆਪਣੇ ਖਾਨਦਾਨ ਨੂੰ ਨਹੀਂ ਦਿੱਤੀ ਤੇ ਨਾ ਹੀ

## ਸਮੁੱਚੀ ਮਾਨਵਤਾ ਲਈ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇ ਦਾਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'



**ਸਮਸੇਰ ਸਿੰਘ ਜੇਠੂਵਾਲ**

ਸ਼ਬਦ ਅਵਤਾਰ ਚਵਰ ਛੱਤਰ ਤਖ਼ਤ ਦੇ ਮਾਲਕ, ਸਮੁੱਚੀ ਮਾਨਵਤਾ ਲਈ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਿੱਖ ਪੰਥ ਵਲੋਂ ਚਾਰ ਸੌ ਸੋਲ੍ਹਵਾਂ ਪਹਿਲਾ ਪ੍ਰਕਾਸ਼ ਗੁਰਪੁਰਬ ਮਨਾਇਆ ਜਾ ਰਿਹਾ ਹੈ। ਜਦੋਂ ਗੁਰੂਘਰ ਦਾ ਦੋਖ਼ੀ ਮੀਣਾ ਪ੍ਰਿਥੀ ਚੰਦ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਤੋਂ ਗੁਰਤਾਗੱਦੀ ਨਾ ਖੋਹ ਸਕਿਆ ਤਾਂ ਉਸਨੇ ਗੁਰੂ ਸਾਹਿਬ ਜੀ ਦੇ ਨਾਮ 'ਤੇ ਕੱਚੀ ਬਾਣੀ ਰਚਕੇ ਸਿੱਖਾਂ ਨੂੰ ਆਪਣੇ ਪਿੱਛੇ ਲਾਉਣਾ ਸ਼ੁਰੂ ਕਰ ਦਿੱਤਾ ।

**ਮਿਹਰਵਾਨ ਪੁਤ ਪ੍ਰਿਥੀਏ ਕਾ ਕਬੀਸ਼ਰੀ ਕਰੇ।**
**ਪਾਰਸੀ, ਹਿੰਦਵੀ, ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।**
**ਤਿਨ ਭੀ ਬਾਣੀ ਬਹੁਤ ਬਣਾਈ,**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।**
**ਡੂਮ ਲਗੇ ਸ਼ਬਦ ਮੀਣਿਆਂ ਦੇ ਗਾਵਨਿ।**
**ਦੂਯਾ ਦਰਬਾਰਿ ਗੁਰਿਆਈ ਦਾ ਵੱਡਾ ਲਗੇ ਬਣਾਵਨਿ।**
**ਇਥੇ ਕਿਸੇ ਸਿੱਖ ਸ਼ਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ।**
**ਸੋ ਸਰਵਣੀ ਗੁਰੂ ਅਰਜਨ ਦੇਵ ਜੀ ਦੀ ਪਰਿਆ।**
ਬਚਨ ਕੀਤਾ:
**ਭਾਈ ਗੁਰਦਾਸ! ਗੁਰੂ ਦੀ ਬਾਣੀਂ ਜੁਦਾ ਕਰੀਏ।**
**ਮੀਣੇਂ ਪਾਂਦੇ ਨੇ ਰਲਾ ਸੇ ਵਿਚਿ ਰਲਾ ਨਾ ਧਰੀਏ**
**(ਕੇਸਰ ਸਿੰਘ ਛਿੱਬਰ-ਬੰਸਾਵਲੀਨਾਮਾ)**

ਪੰਚਮ ਪਾਤਸ਼ਾਹ ਜੀ ਨੇ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਤੋਂ ਗੋਇੰਦਵਾਲ ਸਾਹਿਬ ਤੋਂ ਗੁਰਬਾਣੀ ਦੀਆਂ ਪੁਰਾਤਨ ਪੋਥੀਆਂ ਲਿਆਂਦੀਆਂ ਜੋ ਭਾਈ ਸਹੰਸ ਰਾਮ ਜੀ ਨੇ ਤਿਆਰ ਕੀਤੀਆਂ ਸਨ।

ਸੰਮਤ 1657 ਸੰਨ੍ਹ 1600 ਈ: ਵਿਚ ਗੁਰਦੁਆਰਾ ਰਾਮਸਰ ਸਾਹਿਬ ਜੀ ਦੇ ਪਾਵਨ ਅਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੇ ਪਿਆਰੇ ਸਿੱਖ ਭਾਈ ਗੁਰਦਾਸ ਜੀ ਨੇ ਬੀੜ ਸੰਪਾਦਨਾ ਦੀ ਸੇਵਾ ਆਰੰਭੀ। ਪੰਜ ਗੁਰੂ ਸਾਹਿਬ ਜੀ, ਪੰਦਰਾਂ ਭਗਤ, ਗਿਆਰਾਂ ਭੱਟ ਅਤੇ ਗੁਰੂ ਕੇ ਸਿੱਖਾਂ ਦੀ ਬਾਣੀ ਦਰਜ ਕੀਤੀ ਬਿਕ੍ਰਮੀ ਸੰਮਤ 1661 ਸੰਨ੍ਹ 1604 ਈ: ਵਿਚ ਸੰਪੂਰਨਤਾ ਹੋਈ। ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ। ਇਸ ਮੌਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।

ਉਸ ਤੋਂ ਬਾਅਦ ਕਲਗੀਧਰ ਪਾਤਸ਼ਾਹ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਕੋਲੋਂ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦਰਜ ਕਰਵਾਈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ 1430 ਅੰਗਾਂ ਵਿਚ ਸੰਪੂਰਨ ਕੀਤਾ। ਗੁਰੂ ਸਾਹਿਬ ਜੀ ਦੀ ਬਾਣੀ ਨੂੰ ਦਰਸਾਉਣ ਲਈ ਮਹਲਾ ਸ਼ਬਦ ਵਰਤਿਆ। ਪਾਵਨ ਬਾਣੀ ਨੂੰ 31 ਮੁੱਖ ਰਾਗਾਂ ਵਿਚ ਅਤੇ 34 ਉੱਪ ਰਾਗਾਂ ਦੀ ਲੜੀ ਵਿਚ ਪਰੋਇਆ ਗਿਆ। ਗੁਰੂ ਸਾਹਿਬ ਜੀ ਅਤੇ ਸੰਤਾਂ ਭਗਤਾਂ ਦੀ ਇਹ ਬਾਣੀ ਭਾਸ਼ਾਵਾਂ ਦਾ ਸਗ੍ਰਹਿ ਹੈ। ਸਿੱਖ ਪ੍ਰੰਪਰਾ ਅਨੁਸਾਰ ਗੁਰੂ ਸ਼ਬਦ ਸਿਰਫ਼ ਦਸ ਪਾਤਸ਼ਾਹੀਆਂ ਲਈ ਹੀ ਵਰਤਿਆ ਗਿਆ ਹੈ ਪਰ ਜਦੋਂ ਦਸਮ ਪਾਤਸ਼ਾਹ ਦੱਖਣ ਦੇਸ਼ ਨਾਦੇੜ ਪਹੁੰਚੇ ਤਾਂ ਉਨ੍ਹਾਂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮ ਕੀਤਾ...

**ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮੁ ਹੈ, ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲ ਬਹੁ ਚਹੈ ਖੋਜ ਸ਼ਬਦ ਮੇ ਲੇਹਿ।**

ਅਤੇ ਮਹਾਰਾਜ ਜੀ ਨੇ ਆਪ ਧੁਰ ਕੀ ਬਾਣੀ ਨੂੰ ਪੰਜ ਪੈਸੇ ਨਾਰੀਅਲ ਰੱਖ ਕੇ ਨਮਸ਼ਕਾਰ ਕੀਤੀ ਸਿੱਖਾਂ ਨੂੰ ਸਦਾ ਲਈ ਸ਼ਬਦ ਗੁਰੂ ਦੇ ਲੜ੍ਹ ਲਾਇਆ।

ਸਿੱਖ ਪੰਥ ਦੇ ਸਦੀਆਂ ਦੇ ਇਤਿਹਾਸ ਵਿਚ ਸਿੱਖਾਂ ਲਈ ਚਾਹੇ 17ਵੀਂ ਸਦੀ ਦਾ ਜੰਗਾਂ ਯੁੱਧਾਂ ਦਾ ਕਠਿਨ ਸਮਾਂ ਸੀ। ਚਾਹੇ ਵਿਸ਼ਵ ਯੁੱਧ ਵਰਗੇ ਘਾਤਕ ਹਾਲਾਤ ਜਾਂ ਅਜੋਕਾ ਮਨੁੱਖੀ ਕਦਰਾਂ ਕੀਮਤਾਂ ਤੋਂ ਸੱਖਣਾ ਯੁੱਗ ਪਰ ਏਨਾ ਸਭ ਹਾਲਾਤਾਂ ਵਿਚ ਗੁਰੂ ਕੇ ਸਿੱਖਾਂ ਲਈ ਸਭ ਤੋਂ ਸਰਵੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ।

**ਵਾਹੁ ਵਾਹੁ ਬਾਣੀ ਨਿੰਰਕਾਰ ਹੈ।**
**ਤਿਸੁ ਜੇਵਡੁ ਅਵਰ ਨਾ ਕੋਇ ।**

ਜਿੰਨੇ ਵੱਖ-ਵੱਖ ਰਚਨਹਾਰੇ ਹਨ, ਉਨ੍ਹੀਆਂ ਹੀ ਹਨ। ਇਸ ਵਿੱਚ ਰਾਗ ਤੇ ਰਾਗਨੀਆਂ। ਸਾਰੇ ਮਜਮੂਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਕਾਵਿ-ਰੂਪਾਂ ਵਿੱਚ ਪ੍ਰਗਟਾਇਆ ਹੈ। 31 ਰਾਗ ਵਰਤੇ ਗਏ ਹਨ। ਉਨ੍ਹਾਂ ਨੂੰ ਪਦਿਆਂ, ਅਸਟਪਦੀਆਂ ਤੇ 4 ਲਾਇਨਾਂ ਵਾਲੇ ਸਲੋਕਾਂ ਵਿੱਚ ਕਲਮਬੰਦ ਕੀਤਾ ਹੈ। ਲੰਬੀਆਂ ਰਚਨਾਵਾਂ ਵਾਰਾਂ ਦੇ ਰੂਪ ਵਿੱਚ ਹਨ। ਇਨ੍ਹਾਂ ਸਭ ਰਚਨਾਵਾਂ ਨੂੰ ਰਾਗਾਂ ਦੇ ਅਧਿਆਇਆਂ ਵਿੱਚ ਕਰਤੇ ਦੇ ਕ੍ਰਮ ਅਨੁਸਾਰ ਰਖਿਆ ਗਿਆ ਹੈ। 1430 ਅੰਗਾਂ ਵਾਲੀ ਬੀੜ, ਜਿਸ ਨੂੰ ਸਿਖਾਂ ਦੀ ਪ੍ਰਤਿਨਿਧ ਸਭਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਰੂਪ ਵਿੱਚ ਛਾਪਣ ਦੀ ਮਾਨਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ (ਗੁਰਤਾ ਗੱਦੀ) ਬਾਰੇ ਭੱਟ ਵਹੀ (ਤਾਲੁਦਾ ਜੀਂਦ ਪਰਗਨੇ ਦਾ) ਵਿੱਚ ਇਉਂ ਦਰਜ ਹੈ:-

"ਸ੍ਰੀ ਗੁਰੂ ਗੋਬਿੰਦ ਸਿੰਘ ਮਹਿਲ ਦਸਮਾਂ ਬੇਟਾ ਗੁਰੂ ਤੇਗ ਬਹਾਦੁਰ ਕਾ ਪੋਤਾ ਸ੍ਰੀ ਹਰਿਗੋਬਿੰਦ ਜੀ ਕਾ ਪੜਪੋਤਾ ਸ੍ਰੀ ਗੁਰੂ ਅਰਜਨ ਕਾ ਵਾਰਿਸ ਸ੍ਰੀ ਗੁਰੂ ਰਾਮਦਾਸ ਜੀ ਕੀ ਸੂਰਜਬੰਸਿ ਗੋਸਾਲ ਗੋਤਰ ਸੋਢੀ ਖਤਰੀ ਵਾਸੀ ਆਨੰਦਪੁਰ ਪਰਗਨਾ ਕਹਿਲੂਰ ਮੁਕਾਮ ਨੰਦੇੜ ਤਟ ਗੁਦਾਵਰੀ ਦਖਣ ਦੇਸ ਸੰਮਤ ਸਤਾਰਾ ਸੌ ਪੈਂਸਠ ਕਾਤਿਕ ਮਾਸ ਕੀ ਚੌਥ ਸੁਕਲ ਪਖੇ ਬੁਦਵਾਰ ਕੇ ਦਿਹੁਰੀ ਭਾਈ ਦਇਆ ਸਿੰਘ ਸੇ ਬਚਨ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈ ਆਓ। ਬਚਨ ਪਾਇ ਦਇਆ ਸਿੰਘ ਸ੍ਰੀ ਗਰੰਥ ਸਾਹਿਬ ਜੀ ਲੈ ਤਾਏ। ਗੁਰੂ ਜੀ ਨੇ ਪੰਜ ਪੈਸੇ ਨਰੇਲ ਅਗੇ ਭੇਟਾ ਰਖਾ ਮਥਾ ਟੇਕਾ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰਿ ਜਗ੍ਹਾ ਸ੍ਰੀ ਗ੍ਰੰਥ ਜਿ ਕੋ ਜਾਨਣਾ। ਜੋ ਸਿਖ ਜਾਣੇਗਾ ਓਸ ਕੀ ਘਾਲ ਥਾਏ ਪਵੇਗੀ ਗੁਰੂ ਤਿਸ ਕੀ ਬਹੁੜੀ ਕਰੇਗਾ।"

ਆਪਣੇ ਰਿਸ਼ਤੇਦਾਰਾਂ ਨੂੰ। ਉਨ੍ਹਾਂ ਨੇ ਸੱਚੀ ਸੁੱਚੀ ਨਿਰਸੁਆਰਥ ਸੇਵਾ ਕਰਨ ਵਾਲੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾਕੇ ਆਪਣੇ ਮਿਸ਼ਨ ਦੇ ਪ੍ਰਚਾਰ ਦੀ ਵੱਡੀ ਜ਼ਿੰਮੇਵਾਰੀ ਸੌਂਪੀ। ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਦੇਸ਼ ਵਿਦੇਸ਼ ਜਾਂਦੇ ਤਾਂ ਜੋ ਬਾਣੀ ਅਕਾਲ ਪੁਰਖ ਤੋਂ ਉਨ੍ਹਾਂ ਦੀ ਰਸਨਾ ਰਾਹੀਂ ਉਚਾਰੀ ਜਾਂਦੀ, ਬਾਅਦ 'ਚ ਉਸਨੂੰ ਇਕ ਪੋਥੀ 'ਤੇ ਲਿਖ ਲੈਂਦੇ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ 'ਚ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਅਤੇ ਇਸ ਨੂੰ ਸਾਂਭਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਦੇਸ਼ ਭਰ 'ਚ ਘੁੰਮ ਕੇ ਜਿਥੇ ਪਾਪੀ ਰੂਹਾਂ ਨੂੰ ਤਾਰਿਆ ਅਤੇ ਹੱਕ ਸੱਚ ਦਾ ਹੋਕਾ ਦਿੱਤਾ, ਉਥੇ ਉਨ੍ਹਾਂ ਦੇਸ਼ ਭਰ ਦੇ ਮਹਾਨ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਇਕੱਤਰ ਕਰਨ ਦਾ ਵੱਡਾ ਕਾਰਜ ਵੀ ਕੀਤਾ। ਇਹੋ ਬਾਣੀ ਅੱਗੇ ਤੋਂ ਅੱਗੇ ਅਗਲੇ ਗੁਰੂ ਸਾਹਿਬਾਨ ਨੂੰ ਵਿਰਾਸਤ 'ਚ ਮਿਲਦੀ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਵਲੋਂ ਜਦੋਂ ਇਹ ਦਾਅਵਾ ਜਤਾਇਆ ਗਿਆ ਕਿ ਗੁਰੂਗੱਦੀ 'ਤੇ ਉਸਦਾ ਜੱਦੀ ਹੱਕ ਹੈ ਤਾਂ ਗੁਰੂ ਜੀ ਨੇ ਉਸਨੂੰ ਭਾਵੇਂ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਗੁਰੂਗੱਦੀ ਪਰਿਵਾਰਾਂ ਨੂੰ ਵਿਰਾਸਤ 'ਚ ਨਹੀਂ ਮਿਲ ਸਕਦੀ ਪਰ ਇਸਦੇ ਬਾਵਜੂਦ ਪ੍ਰਿਥੀ ਚੰਦ ਨੇ ਵਿਰੋਧ ਦਾ ਰਸਤਾ ਨਹੀਂ ਛੱਡਿਆ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਨਕਲੀ ਬਾਣੀ ਵੀ ਰਚੀ ਜਾਣ ਲੱਗ ਪਈ ਸੀ। ਸ਼ਬਦ ਦੇ ਅਖੀਰ 'ਚ ਨਾਂ ਅਸਲ ਬਾਣੀ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਲਿਖਿਆ ਜਾਂਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਨੂੰ ਸ਼ੁੱਧ ਰੂਪ 'ਚ ਰੱਖਣ ਲਈ ਅਤੇ ਜਨਤਾ ਦੇ ਪਰਉਪਕਾਰ ਲਈ ਇਕ ਬਹੁਤ ਵੱਡਾ ਫੈਸਲਾ ਲਿਆ। ਉਹ ਫੈਸਲਾ ਸੀ ਸਮੁੱਚੀ ਬਾਣੀ ਨੂੰ ਇਕ ਗ੍ਰੰਥ ਸਾਹਿਬ ਜੀ 'ਚ ਇਕੱਤਰ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਹ ਮਹਾਨ ਕਾਰਜ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਦੇ ਕਿਨਾਰੇ ਪੋਥੀ ਸਾਹਿਬ ਲਿਖਣ ਦਾ ਕਾਰਜ ਆਰੰਭਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਇਹ ਇਕ ਬਹੁਤ ਵੱਡਾ ਕਾਰਜ ਸੀ, ਜਿਸ 'ਚ ਸਾਰੀ ਬਾਣੀ ਦਾ ਨਿਖੇੜਾ ਕਰਕੇ ਸ਼ੁੱਧ ਬਾਣੀ ਦੀ ਚੋਣ ਕਰਨਾ ਅਤੇ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਸ਼ੁੱਧ ਰੂਪ 'ਚ ਸੰਗ੍ਰਹਿ ਕਰਨਾ ਸੀ। ਅਖੀਰ ਕਈ ਮਹੀਨਿਆਂ ਦੀ ਮਿਹਨਤ ਸਦਕਾ 1604 ਈਂ 'ਚ ਪੋਥੀ ਸਾਹਿਬ ਦਾ ਸੰਪਾਦਨ ਮੁਕੰਮਲ ਹੋ ਗਿਆ। ਇਕ ਗੱਲ ਪਾਠਕਾਂ ਨਾਲ ਹੋਰ ਸਾਂਝੀ ਕਰਨਾ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸਾਹਿਬ ਵਿਖੇ ਆਪਣੀ ਗੋਦ 'ਚ ਲੈ ਕੇ ਇਹ ਪਵਿੱਤਰ ਬਚਨ ਕੀਤੇ ਸਨ, "ਦੋਹਿਤਾ ਬਾਣੀ ਕਾ ਬੋਹਿਥਾ" ਤਾਂ ਜਾਣੀ ਜਾਣ ਸਤਿਗੁਰੂ ਨੂੰ ਇਹ ਗੱਲ ਭਲੀ ਭਾਂਤ ਪਤਾ ਸੀ ਕਿ ਉਨ੍ਹਾਂ ਦਾ ਦੋਹਤਰਾ ਬਾਣੀ ਦੀ ਬਹੁਤ ਰਚਨਾ ਕਰੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਨਾ ਗੁਰੂ ਜੀ ਦੇ ਵਚਨਾਂ ਨੂੰ ਪੂਰਾ ਕਰਦਿਆਂ ਬਹੁਤ ਸਾਰੀ ਬਾਣੀ ਰਚੀ। ਆਪ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ 'ਚ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ 1345 ਸ਼ਬਦ, 62 ਅਸ਼ਟਪਦੀਆਂ, 62 ਛੰਤ, 6 ਵਾਰਾਂ (ਵਾਰਾਂ ਦੀਆਂ 110 ਪਉੜੀਆਂ ਹਨ ਅਤੇ 7 ਹੋਰ ਪੌੜੀਆਂ ਗਉੜੀ, ਸਾਰੰਗ ਤੇ ਮਲ੍ਹਾਰ ਦੀ ਵਾਰ ਵਿਚ ਰਚੀਆਂ), 277 ਸਲੋਕ (13 ਹੋਰ ਸਲੋਕ ਆਪ ਜੀ ਨੇ ਰਚੇ, 8 ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਅਤੇ 5 ਭਗਤ ਕਬੀਰ ਜੀ ਦੇ ਸਲੋਕ) ਰਚੇ। ਇਸ ਤੋਂ ਇਲਾਵਾ ਪਹਿਰੇ, ਬਾਰਾਮਾਹਾ, ਦਿਨ ਰੈਣਿ, ਬਾਵਨ ਅੱਖਰੀ, ਸੁਖਮਨੀ ਸਾਹਿਬ, ਥੀਤੀ, ਬਿਰਹੜੇ, ਗੁਣਵੰਤੀ, ਰਾਗ ਮਾਰੂ 'ਚ ਅੰਜਲੀਆਂ ਤੇ ਸੋਹਲੇ, ਰਾਗਾਂ ਦੀ ਸਮਾਪਤੀ 'ਤੇ 67 ਸਹਸਕ੍ਰਿਤੀ ਸਲੋਕ, 24 ਸਲੋਕ ਗਾਥਾ, ਫੁਨਹੇ ਦੇ 24, ਚਉਬੋਲੇ ਦੇ 11 ਸ਼ਬਦ ਅਤੇ 20 ਸਵੱਈਆ ਆਦਿ ਦੀ ਰਚਨਾ ਵੀ ਕੀਤੀ। ਇੰਝ ਆਪ ਜੀ ਦੇ ਰਚੇ ਹੋਏ ਕੁੱਲ 2218 ਸ਼ਬਦ ਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ (974 ਸ਼ਬਦ ਤੇ ਸਲੋਕ), ਸ੍ਰੀ ਗੁਰੂ ਅੰਗਦ ਦੇਵ ਜੀ (62 ਸਲੋਕ), ਸ੍ਰੀ ਗੁਰੂ ਅਮਰਦਾਸ ਜੀ (907 ਪਦ ਤੇ ਸਲੋਕ), ਸ੍ਰੀ ਗੁਰੂ ਰਾਮ ਦਾਸ ਜੀ (679 ਪਦ ਤੇ ਸਲੋਕ), ਸ੍ਰੀ ਗੁਰੂ ਅਰਜਨ ਦੇਵ ਜੀ (2218 ਪਦ ਤੇ ਸਲੋਕ), ਸ੍ਰੀ ਗੁਰੂ ਤੇਗ ਬਹਾਦਰ ਜੀ (115 ਪਦ ਤੇ ਸਲੋਕ) ਦੀ ਬਾਣੀ ਸ਼ਾਮਲ ਹੈ। ਕੁੱਝ ਇਤਿਹਾਸਕਾਰ ਮੰਨਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ 'ਚ ਇਕ ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ ਪਰ ਬਹੁਤ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਲਿਖਿਆ ਹੀ ਮੰਨਦੇ ਹਨ।





ਇਸ ਤੋਂ ਇਲਾਵਾ ਭਗਤ ਜੈਦੇਵ (2 ਸ਼ਬਦ), ਸ਼ੇਖ ਫਰੀਦ (130 ਸਲੋਕ, 4 ਸ਼ਬਦ), ਭਗਤ ਤਿਰਲੋਚਨ ਜੀ (4 ਸ਼ਬਦ), ਭਗਤ ਨਾਮਦੇਵ ਜੀ (60 ਸ਼ਬਦ), ਭਗਤ ਰਾਮਾਨੰਦ ਜੀ (1 ਸ਼ਬਦ), ਭਗਤ ਸਧਨਾ ਜੀ (1 ਸ਼ਬਦ), ਭਗਤ ਬੇਣੀ ਜੀ (1 ਸ਼ਬਦ), ਭਗਤ ਰਵਿਦਾਸ ਜੀ (41 ਸ਼ਬਦ), ਭਗਤ ਕਬੀਰ ਜੀ (292 ਸ਼ਬਦ, 249 ਸਲੋਕ), ਭਗਤ ਧੰਨਾ ਜੀ (4 ਸ਼ਬਦ), ਭਗਤ ਪੀਪਾ ਜੀ (1 ਸ਼ਬਦ), ਭਗਤ ਸੈਨ ਜੀ (1 ਸ਼ਬਦ), ਭਗਤ ਪਰਮਾਨੰਦ (1 ਸ਼ਬਦ), ਭਗਤ ਸੂਰਦਾਸ (1 ਸ਼ਬਦ), ਭਗਤ ਭੀਖਨ ਜੀ (2 ਸ਼ਬਦ), ਭਾਈ ਮਰਦਾਨਾ ਜੀ (3 ਸਲੋਕ), ਬਾਬਾ ਸੁੰਦਰ ਜੀ (6 ਪਉੜੀਆਂ), ਛੂਮ ਸੱਤਾ ਤੇ ਰਾਏ ਬਲਵੰਡ (8 ਪਦੇ, ਭਾਵ ਇਕ ਵਾਰ) ਦੀ ਬਾਣੀ ਨੂੰ ਵੀ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਸਨਮਾਨ ਤੇ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ 11 ਭੱਟਾਂ ਕਲਸਹਾਰ, ਜਾਲਪ, ਕੀਰਤ, ਸੱਲ, ਭੱਲ, ਨੱਲ, ਮਥੁਰਾ, ਗਯੰਦ, ਭੀਖਾ, ਬੱਲ ਅਤੇ ਹਰਬੰਸ ਜੀ ਦੇ 123 ਸਵੱਈਏ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ ਗਏ ਹਨ।

ਭਗਤ ਜੈਦੇਵ ਜੀ ਬੰਗਾਲ ਦੇ ਬੀਰਭੂਮ ਜ਼ਿਲੇ ਦੇ ਪਿੰਡ ਕੰਦੂਲੀ, ਸ਼ੇਖ ਫਰੀਦ ਜੀ ਜ਼ਿਲਾ ਮੁਲਤਾਨ, ਭਗਤ ਤਿਰਲੋਚਨ ਜੀ ਸ਼ੋਲਾਪੁਰ ਜ਼ਿਲੇ ਦੇ ਪਿੰਡ ਬਾਰਸੀ, ਭਗਤ ਨਾਮਦੇਵ ਜੀ ਜ਼ਿਲਾ ਸਿਤਾਰਾ ਦੇ ਪਿੰਡ ਨਰਸੀ ਬਾਮਣੀ (ਮਹਾਰਾਸ਼ਟਰ), ਭਗਤ ਰਾਮਾਨੰਦ ਜੀ ਉੱਤਰ ਪ੍ਰਦੇਸ਼, ਭਗਤ ਸਧਨਾ ਜੀ ਸਿੰਧ, ਭਗਤ ਰਵਿਦਾਸ ਜੀ ਬਨਾਰਸ, ਭਗਤ ਕਬੀਰ ਜੀ ਬਨਾਰਸ, ਭਗਤ ਧੰਨਾ ਜੀ ਪਿੰਡ ਧੁਆਨ (ਰਾਜਸਥਾਨ), ਭਗਤ ਪੀਪਾ ਜੀ ਗੁਜਰਾਤ (ਰਿਆਸਤ ਗਗਰੌਨਗੜ੍ਹ ਦੇ ਰਾਜਾ), ਭਗਤ ਸੈਨ ਜੀ ਰਿਆਸਤ ਰੀਵਾਂ, ਭਗਤ ਪਰਮਾਨੰਦ ਮਹਾਰਾਸ਼ਟਰ ਦੇ ਜ਼ਿਲਾ ਸ਼ੋਲਾਪੁਰ ਦੇ ਪਿੰਡ ਬਾਰਸੀ, ਭਗਤ ਸੂਰਦਾਸ ਜੀ ਪਿੰਡ ਸੀਹੀ (ਦਿੱਲੀ), ਭਗਤ ਭੀਖਨ ਜੀ ਪਿੰਡ ਕਾਕੋਰੀ (ਲਖਨਊ), ਭਾਈ ਮਰਦਾਨਾ ਜੀ ਨਨਕਾਣਾ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਦੇ ਮਰਾਸੀ), ਬਾਬਾ ਸੁੰਦਰ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤਰੇ), ਸੱਤਾ ਡੂਮ ਤੇ ਰਾਏ ਬਲਵੰਡ (ਗੁਰੂ ਘਰ ਦੇ ਕੀਰਤਨੀਏ) ਆਦਿ ਦੇਸ਼ ਦੇ ਵੱਖੋ ਵੱਖ ਹਿੱਸਿਆਂ ਨਾਲ ਸਬੰਧਤ ਭਗਤ ਤੇ ਸੰਤ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਦੇ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਜਪੁ ਜੀ ਸਾਹਿਬ' ਨੂੰ ਸਥਾਨ ਦਿੱਤਾ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਵੱਖੋ ਵੱਖ ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਦਰਸਾਉਣ ਲਈ ਉਸ 'ਤੇ ਸਿਰਲੇਖ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਦਿੱਤਾ। ਜਿਸ ਦਾ ਭਾਵ ਸੀ ਜਿਸ ਗੁਰੂ ਦੀ ਬਾਣੀ ਉਹ ਮਹਲੇ ਦਾ ਨਾਂ। ਬਾਣੀ ਨੂੰ ਵੱਖੋ ਵੱਖ ਰਾਗਾਂ ਵਿਚ ਬਹੁਤ ਹੀ ਵਿਲੱਖਣ ਤਰੀਕੇ ਨਾਲ ਵੰਡ ਕੇ ਦਰਜ ਕੀਤਾ ਗਿਆ ਹੈ। ਹਰੇਕ ਰਾਗ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਦੀ। ਜਿਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਹੀਂ ਰਚੀ ਗਈ, ਉਸ ਵਿਚ ਉਨ੍ਹਾਂ ਤੋਂ ਤਰਤੀਬ ਵਾਰ ਬਾਅਦ ਦੇ ਗੁਰੂ ਸਾਹਿਬਾਨ ਦੀ ਬਾਣੀ ਪਹਿਲੇ ਸਥਾਨ 'ਤੇ ਰੱਖੀ ਗਈ ਹੈ। ਹਰੇਕ ਰਾਗ ਵਿਚ ਜਿਸ ਥਾਂ 'ਤੇ ਗੁਰੂ ਸਾਹਿਬਾਨ ਦੀ ਬਾਣੀ ਸਮਾਪਤ ਹੁੰਦੀ ਹੈ। ਉਸ ਤੋਂ ਬਾਅਦ ਜੇਕਰ ਗੁਰੂ ਸਾਹਿਬਾਨ ਵਲੋਂ ਰਚੀ ਗਈ ਕੋਈ ਵਾਰ ਹੈ ਤਾਂ ਉਹ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਭਗਤਾਂ ਦੀ ਬਾਣੀ ਲਿਆਂਦੀ ਗਈ। ਭਗਤਾਂ ਦੀ ਬਾਣੀ ਦਾ ਆਮ ਤੌਰ 'ਤੇ ਆਰੰਭ ਭਗਤ ਕਬੀਰ ਜੀ ਦੀ ਬਾਣੀ ਨਾਲ ਹੁੰਦਾ ਹੈ। ਹਰੇਕ ਰਾਗ ਵਿਚ ਪਹਿਲਾਂ ਦੁਪਦੇ, ਤ੍ਰਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ ਆਦਿ ਲਿਆਂਦੀਆਂ ਗਈਆਂ ਅਤੇ ਇਨ੍ਹਾਂ ਤੋਂ ਬਾਅਦ ਸੋਹਲੇ, ਕੋਈ ਹੋਰ ਵਿਸ਼ੇਸ਼ ਪਦ, ਛੰਤ ਜਾਂ ਵਾਰ ਲਿਖੀ ਗਈ।

ਹਰੇਕ ਸ਼ਬਦ ਤੋਂ ਬਾਅਦ ਪਿਛਲੇ ਕੁੱਲ ਸ਼ਬਦਾਂ ਦਾ ਜੋੜ ਵੀ ਨਾਲ ਦੀ ਨਾਲ ਸੰਪਾਦਨ ਕਰਨ ਸਮੇਂ ਲਿਖਿਆ ਗਿਆ, ਜਿਸ ਤੋਂ ਅਖੀਰ ਵਿਚ ਪਤਾ ਚਲ ਜਾਂਦਾ ਹੈ ਕਿ ਕਿਸ ਰਾਗ ਵਿਚ ਕਿਸ ਗੁਰੂ ਸਾਹਿਬ ਜੀ ਜਾਂ ਭਗਤ ਦੇ ਕਿੰਨੇ ਸ਼ਬਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਪਹਿਲੇ 8 ਅੰਗਾਂ ਤੱਕ ਜਪੁ ਜੀ ਸਾਹਿਬ, 8 ਤੋਂ 12 ਅੰਗਾਂ ਤੱਕ ਸੋਦਰ, ਸੋਪੁਰਖ (ਰਹਿਰਾਸ ਸਾਹਿਬ) ਅਤੇ 12 ਤੋਂ 13 ਅੰਗ ਤੱਕ ਸੋਹਿਲਾ ਨਾਂਅ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਸਿੱਖਾਂ ਦਾ ਨਿੱਤਨੇਮ ਹੈ। ਪਹਿਲਾ ਰਾਗ ਕੀਰਤਨ ਸੋਹਿਲੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਤੇ ਇਹ ਸਿਰੀ ਰਾਗ ਹੈ। ਅੰਗ 14 ਤੋਂ ਲੈ ਕੇ ਅੰਗ 1353 ਤੱਕ ਵੱਖੋ ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਹੈ। ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਇਨ੍ਹਾਂ ਦੀ ਤਰਤੀਬ ਇੰਝ ਹੈ:- ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਨੜਾ, ਕਲਯਾਣ, ਪਰਭਾਤੀ ਅਤੇ ਜੈਜਾਵੰਤੀ। ਰਾਗ ਜੈਜਾਵੰਤੀ ਵੀ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਹੈ। ਇਨ੍ਹਾਂ ਰਾਗਾਂ ਤੋਂ ਬਿਨਾਂ ਕਈ ਥਾਂ ਦੋ ਦੋ ਰਲਵੇਂ-ਮਿਲਵੇ ਰਾਗਾਂ ਵਿਚ ਵੀ ਬਾਣੀ ਰਚੀ ਹੋਈ ਮਿਲਦੀ ਹੈ, ਜਿਵੇਂ ਗਉੜੀ-ਮਾਝ, ਗਉੜੀ-ਦੀਪਕੀ, ਆਸਾ-ਕਾਫੀ, ਤਿਲੰਗ-ਕਾਫੀ, ਪ੍ਰਭਾਤੀ-ਵਿਭਾਸ, ਕਲਯਾਣ-ਭੋਪਾਲੀ, ਬਸੰਤ-ਹਿੰਡੋਲ ਆਦਿ।

ਅੰਗ 1353 ਤੋਂ ਰਾਗ ਮੁਕਤ ਬਾਣੀ ਦਰਜ ਕੀਤੀ ਗਈ ਹੈ। ਸਲੋਕ ਸਹਸਕ੍ਰਿਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 4 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 67 ਸਲੋਕ ਹਨ, ਜੋ ਅੰਗ 1360 ਤੱਕ ਦਰਜ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਰਚਿਤ ਗਾਥਾ ਦੇ 24 ਬੰਦ, ਫੁਨਹੇ ਦੇ 23 ਤੇ ਚਉਬੋਲੇ ਦੇ 11 ਬੰਦ ਅੰਗ 1364 ਤੱਕ ਦਰਜ ਕੀਤੇ ਗਏ ਹਨ। ਭਗਤ ਕਬੀਰ ਜੀ ਦੇ ਸਲੋਕ 1364 ਤੋਂ 1377 ਅੰਗ ਤੱਕ, ਬਾਬਾ ਫਰੀਦ ਜੀ ਦੇ ਸਲੋਕ 1377 ਤੋਂ 1384 ਅੰਗ ਤੱਕ, ਸਵੱਈਏ ਸ੍ਰੀ ਮੁੱਖ ਵਾਕ 1385 ਤੋਂ 1389 ਅੰਗ ਤੱਕ, ਭੱਟਾਂ ਦੇ ਸਵੱਈਏ 1389 ਤੋਂ 1409 ਅੰਗ ਤੱਕ ਦਰਜ ਕੀਤੇ ਗਏ ਹਨ। ਜੋ ਸ਼ਬਦ ਵੱਖੋ ਵੱਖ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਨਹੀਂ ਹੋ ਸਕੇ, ਉਹ ਸਾਰੇ ਹੀ ਸ਼ਬਦ 'ਸਲੋਕ ਵਾਰਾਂ ਤੇ ਵਧੀਕ' ਨਾਂਅ ਦੇ ਸਿਰਲੇਖ ਹੇਠ ਅੰਗ 1426 ਤੱਕ ਦਰਜ ਕੀਤੇ ਗਏ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅੰਗ 1426 ਤੋਂ 1429 ਤੱਕ ਹਨ। ਅਖੀਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਲਿਖਕੇ ਬਾਣੀ ਦੀ ਸਮਾਪਤੀ ਦੀ ਮੋਹਰ ਲਗਾ ਦਿੱਤੀ ਹੈ, ਜੋ ਕਿ ਅੰਗ 1429 'ਤੇ ਦਰਜ ਹੈ। ਸਭ ਤੋਂ ਅਖੀਰ ਵਿਚ ਰਾਗ ਮਾਲਾ ਅੰਗ 1429 ਤੋਂ 1430 ਤੱਕ ਦਰਜ ਕੀਤੀ ਗਈ ਹੈ।

ਸਮੁੱਚੀ ਬਾਣੀ ਵਿਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਹੀ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਪ੍ਰਭੂ ਦਾ ਭਜਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀ ਵਿਚ ਅਧਿਆਤਮਕਵਾਦ ਦੇ ਨਾਲ ਨਾਲ ਸੰਸਾਰਿਕ ਕਦਰਾਂ-ਕੀਮਤਾਂ ਅਤੇ ਪੌਰਾਣਿਕ ਹਵਾਲੇ ਵੀ ਦਿੱਤੇ ਗਏ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੱਚ ਦਾ ਹੀ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸਨੂੰ ਯਾਦ ਰੱਖਣ ਦਾ ਆਦੇਸ਼ ਹੈ। ਇਸ ਨਾਮ 'ਤੇ ਕਿਵੇਂ ਚੱਲਣਾ ਹੈ ਤੇ ਨਾਮ ਨੂੰ ਮਨ 'ਚ ਕਿਸ ਤਰ੍ਹਾਂ ਵਸਾਉਣਾ ਹੈ, ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਖੁੱਲ੍ਹ ਕੇ ਦੱਸਿਆ ਗਿਆ ਹੈ। ਭਾਦਰੋਂ ਸੁਦੀ 1 ਸੰਮਤ 1661 ਮੁਤਾਬਕ ਸਤੰਬਰ 1604 ਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਸੀ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।



੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ
'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ
ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ
ਵਧਾਈਆਂ
ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ
ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ



ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

**ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)**

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

# ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577



# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ
ਸਮੂਹ ਸੰਗਤਾਂ ਨੂੰ



Kuldeep Singh Kang

# ਲੱਖ-ਲੱਖ ਵਧਾਈਆਂ



Sewa Singh Bhinder

# CAPITAL

## Accounting & Tax Services

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**PH : 530-669-5780 Fax : 530-669-5775**

**Cell : 530-908-9386 Cell : 530-405-6020**

# ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਵੱਲ ਆਪਣੇ ਮੂਲ ਰੂਪ ਵਿੱਚ





ਗੁਰਦੇਵ ਸਿੰਘ (ਡਾ.)

21ਵੀਂ ਸਦੀ ਦੇ ਅਰੰਭ ਤੋਂ ਹੀ ਪੱਛਮ ਵਿੱਚ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਦੀ ਲਹਿਰ ਬੜੇ ਉਤਸ਼ਾਹ ਨਾਲ ਸਰਗਰਮ ਹੋਈ। ਇੱਕ ਉਹ ਸਮਾਂ ਸੀ ਜਦੋਂ ਪੂਰਬ ਤੋਂ ਪੱਛਮ ਵੱਲ ਵਿਦਵਾਨ ਕੀਰਤਨੀਏ, ਸੰਗੀਤਕਾਰ ਜਾਂਦੇ ਰਹੇ। ਇਹ ਉਹੀ ਸਮਾਂ ਸੀ ਜਦੋਂ ਭਾਸ਼ਾ ਵਿਗਿਆਨੀ ਅਤੇ ਵਿਦਵਾਨ ਇਹ



ਕਿਆਸਰਾਈਆਂ ਲਾ ਰਹੇ ਸਨ ਤੇ ਚਿੰਤਾ ਵਿਅਕਤ ਕਰ ਰਹੇ ਸਨ ਕਿ ਪੰਜਾਬੀ ਭਾਸ਼ਾ ਜਲਦ ਖਤਮ ਹੋ ਜਾਵੇਗੀ। ਅਜਿਹੇ ਵਿੱਚ ਸਾਡੇ ਪਰਵਾਸੀ ਪੰਜਾਬੀ ਖਾਸ ਕਰਕੇ ਕੇ ਸਿੱਖਾਂ ਨੇ ਜਿੱਥੇ ਆਪਣੇ ਆਪ ਨੂੰ ਆਰਥਿਕ ਤੇ ਰਾਜਨੀਤਿਕ ਤੌਰ 'ਤੇ ਮਜ਼ਬੂਤ ਕੀਤਾ ਉਥੇ ਸਭਿਆਚਾਰਕ ਤੇ ਧਾਰਮਿਕ ਹਿੱਤਾਂ ਨੂੰ ਬਰਕਰਾਰ ਰੱਖਿਆ। ਸਾਨੂੰ ਪ੍ਰਸੰਨਤਾ ਹੈ ਕਿ ਉਨ੍ਹਾਂ ਨੇ ਪੰਜਾਬੀ ਭਾਸ਼ਾ (ਗੁਰਮੁਖੀ), ਗੁਰਮਤਿ ਸੰਗੀਤ ਆਦਿ ਹਿਤ ਪ੍ਰਚਾਰ ਪਾਸਾਰ ਦੀ ਲਹਿਰ ਬੁਲੰਦ ਕੀਤਾ ਜਿਸ ਦਾ ਵਿਲੱਖਣ ਪ੍ਰਭਾਵਸ਼ਾਲੀ ਰੂਪ ਹੁਣ ਦੇਖਣ ਸੁਣਨ ਨੂੰ ਮਿਲ ਰਿਹਾ ਹੈ। ਹੁਣ ਪੱਛਮ ਤੋਂ ਪੂਰਬ ਵੱਲ ਉਸ ਦੀ ਖੁਸ਼ਬੂ ਮਹਿਸੂਸ ਹੋ ਰਹੀ ਹੈ ਜਿਸ ਦੀ ਇੱਕ ਮਿਸਾਲ ਮੈਂ ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਆਪ ਨਾਲ ਸਾਂਝੀ ਕਰ ਰਿਹਾ ਹਾਂ।

ਅਮਰੀਕਾ ਤੋਂ ਇੱਕ ਬੱਚਿਆਂ ਦਾ ਗਰੁੱਪ ਪੰਜਾਬ ਸਮੇਤ ਭਾਰਤ ਦੌਰੇ 'ਤੇ ਆਇਆ ਸੀ ਜਿਨ੍ਹਾਂ ਨੇ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਕੀਰਤਨ ਕੀਤਾ। ਇਨ੍ਹਾਂ ਦੀ ਅਗਵਾਈ ਮੈਡਮ ਲੀਨਾ ਸਿੰਘ ਕਰ ਰਹੇ ਸਨ ਜਿਨ੍ਹਾਂ ਬਾਰੇ ਅੱਗੇ ਗੱਲ ਕਰਾਂਗੇ। ਇਸ ਗਰੁੱਪ ਦੇ ਕੁੱਲ ਮੈਂਬਰ ਅੱਠ ਸਨ। ਇਨ੍ਹਾਂ ਦੀ ਖਾਸ ਗੱਲ ਇਹ ਸੀ ਕਿ ਇਹ ਗੁਰਮਤਿ ਸੰਗੀਤ ਦੇ ਪਰੰਪਰਾਗਤ ਤੰਤੀ ਸਾਜ਼ਾਂ ਨਾਲ ਕੀਰਤਨ ਕਰ ਰਹੇ ਸਨ। ਇਨ੍ਹਾਂ ਸਾਜ਼ਾਂ ਵਿੱਚ ਗੁਰਮਤਿ ਸੰਗੀਤ ਦਾ ਪ੍ਰਥਮ ਸਾਜ਼ ਰਬਾਬ ਤੋਂ ਲੈ ਕੇ ਤਾਊਸ, ਸਾਰੰਦਾ, ਦਿਲਰੁਬਾ ਸਭ ਸ਼ਾਮਿਲ ਸਨ। ਇਸ ਤੋਂ ਇਲਾਵਾ ਸਵਰਮੰਡਲ ਤੇ ਭਾਰਤੀ ਸੰਗੀਤ ਦਾ ਅਤਿ ਪੁਰਾਣਾ ਤੇ ਪ੍ਰਚਲਿਤ ਸਾਜ਼ ਸਿਤਾਰ ਵੀ ਸ਼ਾਮਿਲ ਸੀ। ਵਰਤਮਾਨ ਸਮੇਂ ਭਾਵੇਂ ਹਰਮੋਨੀਅਮ ਸਾਜ਼ ਸ਼ਬਦ ਕੀਰਤਨ ਦਾ ਮੁੱਖ ਅੰਗ ਬਣ ਚੁੱਕਾ ਹੈ ਜਦੋਂ ਕਿ ਗੁਰਮਤਿ ਸੰਗੀਤ ਦੇ ਵਿਦਵਾਨ ਤੇ ਪ੍ਰਮੁੱਖ ਕੀਰਤਨੀਏ ਇਸ ਸਾਜ਼ ਨੂੰ ਸ਼ਬਦ ਕੀਰਤਨ ਦਾ ਮਿਆਰ ਨੀਵਾਂ ਕਰਨ ਦਾ ਕਾਰਨ ਵੀ ਮੰਨਦੇ ਹਨ। ਅੱਜ ਬਿਨਾਂ ਹਰਮੋਨੀਅਮ ਤੋਂ ਸ਼ਬਦ ਕੀਰਤਨ ਦੀ ਕਲਪਨਾ ਨਹੀਂ ਕੀਤੀ ਜਾਂਦੀ ਪਰ ਇਹ ਸਾਜ਼ ਇਸ ਬੱਚਿਆਂ ਦੇ ਗਰੁੱਪ ਵਿੱਚ ਸ਼ਾਮਿਲ ਨਹੀਂ ਸੀ। ਹੁਣ ਵੱਡੀ ਤੇ ਅਹਿਮ ਗੱਲ ਇਹ ਸੀ ਜੋ ਮੇਰੇ ਸਮੇਤ ਬਾਕੀ ਸੰਗਤ ਨੂੰ ਵੀ ਪ੍ਰਭਾਵਿਤ ਕਰ ਰਹੀ ਸੀ ਕਿ ਇਨ੍ਹਾਂ ਸਾਜ਼ਾਂ ਨੂੰ ਵਜਾਉਣ ਵਾਲੇ ਮਹਿਜ 8 ਸਾਲ ਤੋਂ ਲੈ ਕੇ ਕੇਵਲ 22 ਸਾਲ ਦੇ ਵਿਦਿਆਰਥੀ ਸਨ। ਇਹ ਵਿਦਿਆਰਥੀ ਆਪਣੀ ਸਕੂਲੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਦੇ ਸਾਜ਼ਾਂ ਅਤੇ ਕੀਰਤਨ ਦੀ ਸਿਖਲਾਈ ਲੈ ਰਹੇ ਹਨ।

30 ਜੁਲਾਈ 2025 ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਇੱਕ ਗੁਰਮਤਿ ਸਮਾਗਮ ਉਲੀਕਿਆ ਗਿਆ ਸੀ ਜੋ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀ। ਇਸ ਸਮਾਗਮ ਵਿੱਚ ਗੁਰਮਤਿ ਸੰਗੀਤ ਅਕੈਡਮੀ ਦੇ ਸ. ਸੁਖਵਿੰਦਰ ਸਿੰਘ ਤੇ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ ਨੇ ਮੋਹਰੀ ਸੇਵਾ ਨਿਭਾਈ। ਮੈਂ ਵੀ ਆਪਣੇ ਪਰਿਵਾਰ ਨਾਲ ਉਥੇ ਪਹੁੰਚਿਆ ਸੀ। ਇਸ ਗਰੁੱਪ ਦੀ ਅਗਵਾਈ ਕਰ ਰਹੇ ਮੈਡਮ ਲੀਨਾ ਸਿੰਘ ਨੂੰ ਮੈਂ ਨਿੱਜੀ ਤੌਰ 'ਤੇ ਕੁਝ ਕੁ ਸਾਲਾਂ ਤੋਂ ਜਾਣਦਾ ਹਾਂ ਜੋ ਗੁਰਮਤਿ ਸੰਗੀਤ ਨਾਲ ਨੇੜ੍ਹੇ ਤੋਂ ਜੁੜੇ ਹੋਏ ਹਨ। ਇਨ੍ਹਾਂ ਦੇ ਕੀਰਤਨ ਤੋਂ ਪਹਿਲਾਂ ਮੈਂ ਹੀ ਇਸ ਕੀਰਤਨੀ ਗਰੁੱਪ ਬਾਰੇ ਰਸਮੀ ਜਾਣ ਪਛਾਣ ਸੰਗਤ ਨੂੰ ਕਰਵਾਈ। ਮਨ ਵਿੱਚ ਥੋੜਾ ਡਰ ਵੀ ਸੀ ਤੇ ਉਤਸ਼ਾਹ ਵੀ। ਡਰ ਇਸ ਗੱਲ ਦਾ ਸੀ ਕਿ ਮੈਂ ਇਨ੍ਹਾਂ ਬੱਚਿਆਂ ਨੂੰ ਪਹਿਲਾਂ ਕੀਰਤਨ ਕਰਦੇ ਨਹੀਂ ਸੀ ਵੇਖਿਆ ਅਤੇ ਉਤਸ਼ਾਹ ਇਸ ਗੱਲ ਦਾ ਸੀ ਕਿ ਗੁਰੂ ਸਾਹਿਬ ਵਲੋਂ ਬਖਸ਼ਿਸ਼ ਸਾਜ਼ਾਂ ਨਾਲ ਇਲਾਹੀ ਬਾਣੀ ਦੇ ਕੀਰਤਨ ਨਾਲ ਬਣਨ ਵਾਲੇ ਮਾਹੌਲ ਅਤੇ ਬੱਚਿਆਂ ਨੂੰ ਸਾਜ਼ ਵਜਾਉਂਦੇ ਹੋਏ ਕੀਰਤਨ ਕਰਦਿਆਂ ਦੇਖਣ ਸੁਣਨ ਨੂੰ ਮਿਲੇਗਾ। ਸ਼ਬਦ ਕੀਰਤਨ ਦਾ ਪ੍ਰਾਰੰਭ ਮੰਗਲਾਚਰਨ ਨਾਲ ਕੀਤਾ ਗਿਆ। ਉਪਰੰਤ ਵੱਖ-ਵੱਖ ਰਾਗਾਂ ਵਿੱਚ ਵਿਭਿੰਨ ਸ਼ਬਦਾਂ ਦਾ ਕੀਰਤਨ ਹੋਇਆ। ਮਾਹੌਲ ਐਸਾ ਬਣਿਆ ਕਿ ਬਿਆਨ ਕਰਨ ਲਈ ਸ਼ਬਦ ਨਹੀਂ। ਜਿਥੇ ਤੰਤੀ ਸਾਜ਼ਾਂ ਦੀ ਅਹਿਮੀਅਤ ਪ੍ਰਗਟ ਹੋ ਰਹੀ ਸੀ ਉਥੇ ਸੰਗਤ ਨੂੰ ਸ਼ਬਦ ਦਾ ਅਨੰਦ ਮਾਣਦੇ ਹੋਏ ਵੀ ਸਹਿਜੇ ਦੇਖਿਆ ਜਾ ਸਕਦਾ ਸੀ। ਮਨ ਖਿੱੜ ਉਠਿਆ। ਸੰਗਤ ਅਨੰਦਿਤ ਹੋ ਕੇ ਜੈਕਾਰ ਲਾ ਰਹੀ ਸੀ। ਇਸ ਕੀਰਤਨੀ ਗਰੁੱਪ ਨੇ ਇੱਕ ਮੌਲਿਕ ਸੰਗੀਤ ਰਚਨਾ 'ਗੁਰਮਤਿ ਰਾਗਾਂਜਲੀ' ਜੋ ਕਿ ਪੱਛਮੀ ਸੰਗੀਤ ਤੋਂ ਪ੍ਰੇਰਿਤ ਸੀ ਉਸ ਦੇ ਕੁਝ ਹਿੱਸੇ ਦਾ ਵੀ



ਤੰਤੀ ਸਾਜ਼ਾਂ 'ਤੇ ਵਾਦਨ ਕੀਤਾ ਜੋ ਕਿ ਬਹੁਤ ਹੀ ਵਿੱਲਖਣ ਤੇ ਅਨੰਦਾਇਕ ਸੀ। ਅਸਲ ਵਿੱਚ 'ਗੁਰਮਤਿ ਰਾਗਾਂਜਲੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ 'ਤੇ ਆਧਾਰਿਤ ਇੱਕ ਵੱਡ ਅਕਾਰੀ ਤੇ ਵਿਲੱਖਣ ਸੰਗੀਤਕ ਰਚਨਾ ਹੈ ਜਿਸ ਵਿੱਚ 31 ਰਾਗਾਂ ਨੂੰ ਸਥਾਈ ਅੰਤਰੇ ਦੇ ਰੂਪ ਵਿੱਚ ਨਿਰੰਤਰ ਤੰਤੀ ਸਾਜ਼ਾਂ 'ਤੇ ਵਜਾਇਆ ਜਾਂਦਾ ਹੈ। ਇਸ ਨਾਲ ਜਿਥੇ ਰਾਗਾਂ ਦੇ ਸਰੂਪ ਸੰਗਤ ਦੇ ਹਿਰਦੇ ਵਿੱਚ ਵਸ ਜਾਂਦੇ ਹਨ ਉਥੇ ਰਾਗਾਂ ਦੇ ਸਰੂਪਾਂ ਦੀ ਰੰਜਕ ਧੁਨੀ ਨਸ਼ਬਦ ਸੰਗੀਤਕ ਵਾਤਾਵਰਣ ਸਿਰਜਦੀ ਹੈ। ਸੋ ਇਥੇ ਕੀਰਤਨ ਦਾ ਮਾਹੌਲ ਐਸਾ ਬਣਿਆ ਕਿ ਸੰਗਤ ਵਿੱਚੋਂ ਹੋਰ ਕੀਰਤਨ ਕਰਨ ਦੀ ਬੇਨਤੀ ਵਾਰ-ਵਾਰ ਕੀਤੀ ਗਈ। ਅਖੀਰ ਵਿੱਚ ਰਾਮਕਲੀ ਰਾਗ ਅਧੀਨ ਅਨੰਦ ਸਾਹਿਬ ਦੀ ਬਾਣੀ ਦੇ ਗਾਇਨ ਨਾਲ ਕੀਰਤਨ ਦੀ ਸਮਾਪਤੀ ਹੋਈ। 45 ਮਿੰਟ ਦਾ ਕੀਰਤਨ ਤਕਰੀਬਨ ਡੇਢ ਘੰਟਾ ਚੱਲਿਆ। ਸਮਾਪਤੀ ਉਪਰੰਤ ਸੰਗਤਾਂ ਜਿਥੇ ਖੁਸ਼ ਸਨ ਉਥੇ ਇਨ੍ਹਾਂ ਬੱਚਿਆਂ ਦੀ ਮਿਹਨਤ ਬਾਰੇ ਗੱਲਾਂ ਕਰਨ ਲੱਗੀਆਂ। ਮੇਰਾ ਬੇਟਾ ਜੋ ਕਿ 12 ਕੁ ਸਾਲਾਂ ਦਾ ਹੈ ਉਹ ਐਨਾ ਪ੍ਰਭਾਵਿਤ ਹੋਇਆ ਕਿ ਉਹ ਮੈਨੂੰ ਕਹਿਣ ਲੱਗਿਆ ਕਿ "ਪਾਪਾ ਮੈਂ ਵੀ ਇਹ ਕੀਰਤਨ ਸਿੱਖਣਾ ਹੈ, ਮੈਨੂੰ ਇਨ੍ਹਾਂ ਦੇ ਨਾਲ ਕੀਰਤਨ ਸਿੱਖਣ ਲਈ ਹੀ ਭੇਜ ਦਿਓ। ਉਸ ਦੀ ਇਹ ਗੱਲ ਕਿ 'ਇਹ ਕੀਰਤਨ ਸਿੱਖਣਾ' ਬਹੁਤ ਕੁਝ ਕਹਿ ਗਈ। ਇਹ ਸੁਣ ਕੇ ਜਿੱਥੇ ਮੈਨੂੰ ਹੈਰਾਨੀ ਹੋਈ ਉਥੇ ਖੁਸ਼ੀ ਬਹੁਤ ਹੋਈ। ਇਸ ਗੱਲ ਤੋਂ ਜਿੱਥੇ ਕੀਰਤਨ ਦੇ ਸੰਗਤ 'ਤੇ ਪਏ ਪ੍ਰਭਾਵ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਉਥੇ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਇਨ੍ਹਾਂ ਪੱਛਮੀ ਦੇਸ਼ਾਂ ਵਿੱਚ ਜਨਮੇ ਬੱਚਿਆਂ ਨੂੰ ਪੂਰਬ ਦੇ ਬੱਚਿਆਂ ਵਲੋਂ ਆਪਣਾ ਅਦਰਸ਼ਕ ਰੂਪ ਵਿੱਚ ਦੇਖਣਾ ਵੀ ਵੱਡੀ ਗੱਲ ਹੈ।

ਗੁਰਮਤਿ ਸਮਾਗਮ ਦੌਰਾਨ ਮੇਰੇ ਮਨ ਵਿੱਚ ਇੱਕ ਖਿਆਲ ਵਾਰ-ਵਾਰ ਆ ਰਿਹਾ ਸੀ। ਕੀਰਤਨ ਨੂੰ ਸੁਣਨ ਵਾਲੀ ਸੰਗਤ ਵਿੱਚ ਗੁਰਮਤਿ ਸੰਗੀਤ ਅਕੈਡਮੀ ਅਤੇ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੇ ਬਹੁ ਗਿਣਤੀ ਵਿਦਿਆਰਥੀ ਵੀ ਬੈਠੇ ਸਨ। ਉਨ੍ਹਾਂ ਨੇ ਇਹ ਸਾਰਾ ਕੀਰਤਨ ਸਰਵਣ ਕੀਤਾ। ਮੇਰੇ ਮਨ ਵਿੱਚ ਖਿਆਲ ਆਇਆ ਕਿ ਹੁਣ ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਚ ਆਪਣੇ ਮੂਲ ਸਰੂਪ ਵਿੱਚ ਆਇਆ ਹੈ ਤੇ ਉਹ ਇਨ੍ਹਾਂ ਵਿਦਿਆਰਥੀਆਂ ਨੂੰ ਜਿਵੇਂ ਕਹਿ ਰਿਹਾ ਹੋਵੇ ਕਿ ਮੇਰਾ ਅਸਲ ਸਰੂਪ ਇਹੀ ਹੈ, ਮੇਰੀ ਅਸਲ ਸਾਜ਼ ਪਰੰਪਰਾ ਇਹ ਹੈ, ਜਿਸ ਨੂੰ ਤੁਸੀਂ ਭੁੱਲ ਦੇ ਜਾ ਰਹੇ ਹੋ, ਤੁਸੀਂ ਇਸ ਵੱਲ ਧਿਆਨ ਦੇਵੋ। ਖਿਆਲ ਆਇਆ ਕਿ ਜਿਵੇਂ ਗੁਰਮਤਿ ਸੰਗੀਤ ਉਨ੍ਹਾਂ ਵਿਦਿਆਥੀਆਂ ਨੂੰ ਕਹਿ ਰਿਹਾ ਹੋਵੇ ਕਿ ਜੋ ਤੁਸੀਂ ਇਹ ਉਦੇਸ਼ ਮਨ ਵਿੱਚ ਰੱਖਦੇ ਹੋ ਕਿ ਅਸੀਂ ਕੀਰਤਨ ਸਿੱਖ ਕੇ ਬਾਹਰਲੇ ਮੁਲਖਾਂ ਵਿੱਚ ਜਾਵਾਂਗੇ ਅਤੇ ਉਥੇ ਜਾ ਕੇ ਆਪਣਾ ਭਵਿੱਖ ਬਣਾਵਾਂਗੇ ਤਾਂ ਇਹ ਜਾਣ ਲਵੋ ਕਿ ਉਥੇ ਸ਼ਬਦ ਕੀਰਤਨ ਨੂੰ ਸਿੱਖਣ, ਸਿਖਾਉਣ, ਸੁਣਨ ਤੇ ਪਿਆਰ ਕਰਨ ਵਾਲੇ ਹੁਣ ਅਜਿਹੇ ਹਨ ਜੇਹੋ ਜਿਹੇ ਤੁਹਾਡੇ







ਸਾਹਮਣੇ ਕੀਰਤਨ ਕਰ ਰਹੇ ਹਨ। ਇਸ ਲਈ ਮੇਰੇ (ਗੁਰਮਤਿ ਸੰਗੀਤ) ਮੂਲ ਸਰੂਪ ਨਾਲ ਜੁੜੋ ਜਿਸ ਵਿੱਚ ਮੇਰਾ ਸੰਗੀਤ ਵਿਧਾਨ, ਰਾਗਾਤਮਕ ਪਰੰਪਰਾ, ਗਾਇਨ ਵਿਧਾ, ਸਾਜ਼ ਪਰੰਪਰਾ ਆਦਿ ਸ਼ਾਮਲ ਹੈ।

ਅਜਿਹਾ ਨਹੀਂ ਹੈ ਕਿ ਇਥੇ ਦੇ ਵਿਦਿਆਰਥੀ




ਸਿੱਖਣਾ ਨਹੀਂ ਚਾਹੁੰਦੇ ਪਰ ਸਾਧਨਾਂ ਦੀ ਕਮੀ ਅਤੇ ਸਾਡੀਆਂ ਜਵਾਬ ਦੇਹ ਸੰਸਥਾਵਾਂ ਅਵੇਸਲੀਆਂ ਹਨ। ਵਿਦਿਆਰਥੀ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਵੱਖ-ਵੱਖ ਕਾਲਜਾਂ ਵਿੱਚ ਲਗਾਉਂਦੇ ਹਨ ਪਰ ਉਥੇ ਆਮ ਸਾਜ਼ ਤਕ ਉਪਲੱਬਧ ਨਹੀਂ ਹੁੰਦੇ ਚੰਗੇ ਸਾਜ਼ ਤਾਂ ਦੂਰ ਦੀ ਗੱਲ ਹੈ। ਪਰ ਧੰਨ ਨੇ ਇਹ ਅਮਰੀਕੀ ਬੱਚੇ ਜੋ ਆਪਣੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਮੂਲ ਧਾਰਾ ਨਾਲ ਜੁੜਣ ਦਾ ਸਫਲ ਯਤਨ ਕਰ ਰਹੇ ਹਨ। ਇਹ ਬੱਚੇ ਜਿਥੇ ਧੰਨਤਾ ਦੇ ਪਾਤਰ ਹਨ ਉਥੇ ਇਨ੍ਹਾਂ ਦੀ ਅਧਿਆਪਕ ਮੈਡਮ ਲੀਨਾ ਸਿੰਘ ਜੀ ਤੇ ਮਾਪੇ ਵੀ ਵਧਾਈ ਦੀ ਪਾਤਰ ਹਨ ਜੋ ਇਨ੍ਹਾਂ ਦੀ ਸਪ੍ਰਸਤੀ ਕਰ ਰਹੇ ਹਨ। ਪਿਛਲੀ ਵਾਰ ਜਦੋਂ ਮੈਡਮ ਲੀਨਾ ਸਿੰਘ ਪੰਜਾਬ ਆਏ ਸਨ ਤਾਂ ਉਦੋਂ ਮੈਂ ਉਨ੍ਹਾਂ ਦੀ VISIONADFI YT ਚੈਨਲ ਲਈ ਇੰਟਰਵਿਊ ਕੀਤੀ ਸੀ। ਇਸ ਵਾਰ ਅਜਿਹਾ ਸਬੱਬ ਤਾਂ ਨਹੀਂ ਬਣਿਆ ਪਰ ਹਾਂ ਉਨ੍ਹਾਂ ਨਾਲ ਕੁਝ ਗੱਲਬਾਤ ਜ਼ਰੂਰ ਹੋਈ ਜਿਸ ਤੋਂ ਉਨ੍ਹਾਂ ਬਾਰੇ ਹੋਰ ਜਾਨਣ ਦਾ ਮੌਕਾ ਮਿਲਿਆ। ਕਿਉਂ ਜੋ ਉਹ ਇਸ ਗਰੁੱਪ ਦੀ ਅਗਵਾਈ ਕਰ ਰਹੇ ਸਨ ਤਾਂ ਉਨ੍ਹਾਂ ਬਾਰੇ ਗੱਲ ਇਥੇ ਬਹੁਤ ਜ਼ਰੂਰੀ ਹੈ।

ਮੈਡਮ ਲੀਨਾ ਸਿੰਘ ਜੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਜੰਮਪਲ ਹਨ। ਇਥੋਂ ਹੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਕੀਤੀ ਅਤੇ ਫਿਰ ਨੌਕਰੀ ਹਿਤ 1995 ਦੇ ਕਰੀਬ ਅਮਰੀਕਾ ਚਲੇ ਗਏ। ਇਨ੍ਹਾਂ ਦੇ ਪਤੀ ਸ. ਸਰਬਜੀਤ ਸਿੰਘ ਨੇ ਵੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਕੀਤੀ ਹੈ ਅਤੇ ਅਗੋਂ ਤਿੰਨ ਬੱਚਿਆਂ ਚੋਂ ਦੋ ਬੱਚਿਆਂ ਨੇ ਵੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿੱਚ ਗ੍ਰੈਜੂਏਸ਼ਨ ਕੀਤੀ ਹੈ। ਪਰਿਵਾਰ ਦਾ ਦੂਰ-ਦੂਰ ਤੱਕ ਵੀ ਸੰਗੀਤ ਜਾਂ ਗੁਰਮਤਿ ਸੰਗੀਤ ਨਾਲ ਰਿਸ਼ਤਾ ਨਹੀਂ ਪਰ ਮੈਡਮ ਲੀਨਾ ਸਿੰਘ ਨੇ ਆਪਣੀ ਨੌਕਰੀ ਦੇ ਨਾਲ-ਨਾਲ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਹਿਮ ਸਥਾਨ ਬਣਾਇਆ ਹੈ। ਆਪ ਨੇ ਜਿਥੇ ਕੰਪਿਊਟਰ ਦੇ ਖੇਤਰ ਵਿੱਚ ਕਈ ਪੁਸਤਕਾਂ ਲਿਖੀਆਂ ਉਥੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਲੇਖਨ ਦਾ ਕਾਰਜ ਨਿਰੰਤਰ ਕਰ ਰਹੇ ਹਨ। 'ਰਾਗ ਨਾਦ ਜਰਨੀ' ਇਸ ਦੀ ਪ੍ਰਤੱਖ ਉਦਾਹਰਣ ਹੈ ਜੋ ਆਪ ਨੇ ਗੁਰਮਤਿ ਸੰਗੀਤ ਖੇਤਰ ਦੀ ਮੋਹਰਲੀ ਦੇ ਕਤਾਰ ਵਿੱਚ ਸਭ ਤੋਂ ਮੋਹਰੀ ਸਥਾਨ ਰੱਖਣ ਵਾਲੇ ਡਾ. ਗੁਰਨਾਮ ਸਿੰਘ ਜੀ ਨਾਲ ਮਿਲ ਕੇ ਸੰਕਲਿਤ ਕੀਤੀ ਹੋਈ ਹੈ। ਆਪ ਗੁਰਮਤਿ ਸੰਗੀਤ ਪਰੰਪਰਾ ਦੇ ਤੰਤੀ ਸਾਜ਼ ਰਬਾਬ, ਸਾਰੰਦਾ, ਦਿਲਰੁੱਬਾ, ਤਾਊਸ ਆਦਿ ਸਾਜ਼ਾਂ ਦਾ ਵਾਦਨ ਜਾਣਦੇ ਹਨ ਪਰ ਆਪ ਜ਼ਿਆਦਾਤਰ ਰਬਾਬ ਸਾਜ਼ ਨਾਲ ਹੀ ਕੀਰਤਨ ਕਰਦੇ ਹਨ। ਰਬਾਬ ਸਾਜ਼ ਦੀ ਸਿੱਖਿਆ ਆਪ ਨੇ ਰਬਾਬ ਦੇ ਕਿੰਗ ਕਹੇ ਜਾਣ ਵਾਲੇ ਉਸਤਾਦ ਹੁਮਾਯੂੰ ਸਖੀ ਤੋਂ ਪ੍ਰਾਪਤ ਕੀਤੀ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਵਿਸ਼ਵ ਵਿਖਿਆਤ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਤੋਂ ਲਈ ਅਤੇ ਹੁਣ ਵੀ ਨਿਰੰਤਰ ਲੈ ਰਹੇ ਹਨ। ਆਪ ਨੇ ਗੁਰਮਤਿ




ਸੰਗੀਤ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅੰਗਰੇਜ਼ੀ ਅਨੁਵਾਦ ਵੀ ਆਡਿਓ ਰੂਪ ਵਿੱਚ ਕੀਤਾ ਹੈ। ਵਰਤਮਾਨ ਸਮੇਂ ਆਪ ਜੀ ਜਿੱਥੇ ਖੁਦ ਗੁਰਮਤਿ ਸੰਗੀਤ ਦੀ ਨਿਰੰਤਰ ਸਿੱਖਿਆ ਪ੍ਰਾਪਤ ਕਰ ਰਹੇ ਹੋ ਉਥੇ ਆਪ ਨੇ ਦਰਜਨਾਂ ਵਿਦਿਆਰਥੀ ਇਸ ਫੀਲਡ ਵਿੱਚ ਤਿਆਰ ਕੀਤੇ ਹਨ। ਆਪ ਇੱਕ 'ਸਿੱਖ ਹੈਰੀਟੇਜ਼ ਸਿੰਫਨੀ' ਨਾਮ ਦੀ ਸੰਸਥਾ ਵੀ ਚਲਾ ਰਹੇ ਹਨ। ਆਪ ਦੇ ਵਿਦਿਆਰਥੀ USA ਦੀਆਂ ਵੱਡੀਆਂ ਤੇ ਪ੍ਰਚਲਿਤ ਸੰਗੀਤਕ ਸਟੇਜ਼ਾਂ ਜਿਵੇਂ ਕਾਰਨੇਗੀ ਹਾਲ ਨਿਊ ਯਾੱਰਕ ਆਦਿ ਤਕ ਗੁਰਮਤਿ ਸੰਗੀਤ ਨੂੰ ਲੈ ਕੇ ਗਏ ਹਨ। ਜਿਸ ਨਾਲ ਆਪ ਵਿਸ਼ਵ ਦੀਆਂ ਬਾਕੀ ਸੰਗੀਤਕ ਪਰੰਪਰਾਵਾਂ ਦਾ ਧਿਆਨ ਗੁਰਮਤਿ ਸੰਗੀਤ ਵੱਲ ਖਿੱਚਣ ਵਿੱਚ ਸਫਲ ਹੋਏ ਹਨ। ਇਹ ਸਭ ਗੁਰੂ ਕਿਰਪਾ ਤੇ ਗੁਰਮਤਿ ਸੰਗੀਤ ਪ੍ਰਤੀ ਲਗਨ ਦਾ ਨਤੀਜਾ ਹੈ ਨਹੀਂ ਤਾਂ ਐਨਾ ਸਭ ਕੁਝ ਇੱਕਠਾ ਕਰਨਾ ਅਸੰਭਵ ਜਾਪਦਾ ਹੈ।

ਪੰਜਾਬ ਫੇਰੀ ਬਾਰੇ ਗੱਲ ਕਰਦਿਆਂ ਮੈਡਮ ਲੀਨਾ ਸਿੰਘ ਜੀ ਨੇ ਦਸਿਆ ਕਿ ਅਸੀਂ ਪੰਜਾਬ ਸਮੇਤ ਭਾਰਤ ਆਉਣ ਦੀ ਜੋ ਯੋਜਨਾ ਬਣਾਈ ਸੀ ਉਸ ਦਾ ਸੁਝਾਅ ਸਾਨੂੰ ਡਾ. ਗੁਰਨਾਮ ਸਿੰਘ ਜੀ ਨੇ ਦਿੱਤਾ ਅਤੇ ਉਨ੍ਹਾਂ ਨੇ ਇਸ ਨੂੰ ਸਫਲ ਬਣਾਉਣ ਵਿੱਚ ਸਾਡਾ ਜਿਥੇ ਮਾਰਗ ਦਰਸ਼ਨ ਕੀਤਾ ਉਥੇ ਸਾਨੂੰ ਸਾਧਨ ਵੀ ਜੁਟਾਏ ਤੇ ਲਿੰਕ ਵੀ ਉਪਲਬੱਧ ਕਰਵਾਏ। ਅੱਗੇ ਉਹ ਆਖਦੇ ਹਨ ਕਿ ਸਾਨੂੰ ਪਹਿਲਾਂ ਡਰ ਸੀ ਇਹ ਸਭ ਕਿਵੇਂ ਹੋਵੇਗਾ ਪਰ ਗੁਰੂ ਸਾਹਿਬ ਨੇ ਆਪ ਹੀ ਕਰਵਾ ਦਿੱਤਾ। ਦਿੱਲੀ ਸਮੇਤ ਪੰਜਾਬ ਵਿੱਚ ਸਾਨੂੰ ਬਹੁਤ ਪਿਆਰ ਮਿਲਿਆ ਅਸੀਂ ਭਵਿੱਖ ਵਿੱਚ ਵਾਰ-ਵਾਰ ਇਸੇ ਤਰ੍ਹਾਂ ਆਉਣਾ ਦਾ ਯਤਨ ਕਰਦੇ ਰਹਾਂਗੇ।

ਅਮਰੀਕਾ ਤੋਂ ਦੂਰ ਪੰਜਾਬ ਵਿੱਚ ਆਏ ਇਸ ਕੀਰਤਨੀ ਗਰੁੱਪ ਵਿੱਚ ਸ਼ਾਮਿਲ ਸਾਰੇ ਬੱਚੇ ਬਹੁਤ ਖੁਸ਼ ਸਨ। 24 ਜੁਲਾਈ ਤੋਂ 6 ਅਗਸਤ ਤੱਕ ਇਨ੍ਹਾਂ ਬੱਚਿਆਂ ਨੇ ਗੁਰਦੁਆਰਾ ਬੰਗਲਾ ਸਾਹਿਬ, ਗੁ. ਸੀਸਗੰਜ ਸਾਹਿਬ ਦਿੱਲੀ, ਗੁ. ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ; ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ; ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ; ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਛੱਤਰ ਛਾਇਆ ਵਿੱਚ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਵਿਦਿਆਰਥੀਆਂ ਵਿੱਚ ਜਸਪ੍ਰੀਤ ਸਿੰਘ ਤੇ ਰਾਇਸਾ ਕੌਰ ਨੇ ਰਬਾਬ, ਕੀਰਤ ਕੌਰ ਨੇ ਦਿਲਰੁਬਾ, ਅੰਮ੍ਰਿਤ ਕੌਰ ਨੇ ਤਾਊਸ, ਕਿਰਪਾ ਕੌਰ ਤੇ ਸੁਹਾਵੀ ਕੌਰ ਨੇ ਸਿਤਾਰ ਅਤੇ ਆਰਨੀ ਮੰਗਲਾਨੀ ਨੇ ਸਾਰੰਦਾ ਸਾਜ਼ ਨਾਲ ਕੀਰਤਨ ਦੀ ਹਾਜ਼ਰੀ ਭਰੀ। ਪੂਰਾ ਗਰੁੱਪ ਹੀ ਵਧਾਈ ਦਾ ਪਾਤਰ ਹੈ। ਇਹ ਇਨ੍ਹਾਂ ਦੁਆਰਾ ਕੀਤੀ ਵਰ੍ਹਿਆਂ ਦੀ ਸੰਗੀਤਕ ਤੱਪਸਿਆ ਦਾ ਹੀ ਨਤੀਜਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਮਹਾਨ ਸੰਗੀਤ ਨਾਲ ਨਿਵਾਜਦੇ ਰਹਿਣ ਅਤੇ ਇਹ ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ।

ਅਮਰੀਕਾ ਦੇ ਇਨ੍ਹਾਂ ਸਿੱਖ ਬੱਚਿਆਂ ਦਾ ਇਹ ਦੌਰਾ ਪੱਛਮ ਤੋਂ ਪੂਰਬ ਵੱਲ ਗੁਰਮਤਿ ਸੰਗੀਤ ਦੀ ਮੁੜ ਵਾਪਸੀ ਦਾ ਸੰਕੇਤ ਹੈ, ਜੋ ਸਾਨੂੰ ਸਾਡੀ ਪਰੰਪਰਾ ਨਾਲ ਜੁੜਨ ਅਤੇ ਸਾਜ਼ਾਂ ਦੀ ਮਹੱਤਤਾ ਨੂੰ ਸਮਝਣ ਦੀ ਪ੍ਰੇਰਨਾ ਦਿੰਦਾ ਹੈ। ਇਨ੍ਹਾਂ ਨੇ ਸਥਾਨਕ ਵਿਦਿਆਰਥੀਆਂ ਅਤੇ ਸੰਗਤ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਨੌਜਵਾਨਾਂ ਨੂੰ ਗੁਰਮਤਿ ਸੰਗੀਤ ਸਿੱਖਣ ਲਈ ਪ੍ਰੇਰਿਤ ਕੀਤਾ। ਪਰ, ਪੰਜਾਬ ਵਿੱਚ ਸਾਧਨਾਂ ਦੀ ਕਮੀ ਅਤੇ ਸੰਸਥਾਵਾਂ ਦੀ ਅਣਗਹਿਲੀ ਇੱਕ ਚੁਣੌਤੀ ਹੈ। ਭਾਰਤ ਤੋਂ ਬਾਹਰ ਚਾਹੇ ਉਹ ਪੱਛਮੀ ਦੇਸ਼ ਹੋਣ ਜਾਂ ਚਾਹੇ ਭਾਰਤ ਦੇ ਪੂਰਬੀ ਦੇਸ਼ ਉਥੇ ਸਿੱਖਾਂ ਨੇ ਆਪਣੇ ਵਿਰਸੇ ਦੀਆਂ ਜੜ੍ਹਾਂ ਨੂੰ ਮਜ਼ਬੂਤ ਉਦਮ ਕੀਤੇ ਹਨ ਅਤੇ ਨਿਰੰਤਰ ਯਤਨਸ਼ੀਲ ਵੀ ਹਨ। ਉਨ੍ਹਾਂ ਯਤਨਾਂ ਦਾ ਹੀ ਇਹ ਅਸਰ ਹੈ ਕਿ ਅੱਜ ਸਾਨੂੰ ਸਾਡੀ ਮਾਂ ਬੋਲੀ ਪੰਜਾਬੀ, ਸਾਡਾ ਸਿੱਖ ਵਿਰਸਾ, ਸਾਡਾ ਸੰਗੀਤ ਸੁਰੱਖਿਅਤ ਮਹਿਸੂਸ ਹੁੰਦਾ ਹੈ। ਉਕਤ ਅਮਰੀਕੀ ਬੱਚੇ ਇਸ ਦੀ ਪ੍ਰਤੱਖ ਉਦਾਹਰਣ ਹਨ। ਇਨ੍ਹਾਂ ਤੋਂ ਸਾਨੂੰ, ਸਾਡੇ ਬੱਚਿਆਂ ਨੂੰ ਖਾਸ ਕਰਕੇ ਸਾਡੇ ਨੌਜਵਾਨਾਂ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਦੇ ਨਾਲ ਸਾਡੀਆਂ ਸ਼੍ਰੋਮਣੀ ਸੰਸਥਾਵਾਂ, ਗੁਰਦੁਆਰਿਆਂ, ਸਿੱਖ ਮਿਸ਼ਨਰੀ ਕਾਲਜਾਂ, ਗੁਰਮਤਿ ਵਿਦਿਆਲਿਆਂ, ਟਕਸਾਲਾਂ ਨੂੰ ਵੀ ਪ੍ਰਵਾਸੀ ਪੰਜਾਬੀਆਂ ਦੇ ਅਜਿਹੇ ਉਕਤ ਯਤਨਾਂ ਅਪਨਾਉਣਾ ਚਾਹੀਦਾ ਹੈ ਤਾਂ ਜੋ ਸਾਰਥਕ ਨਤੀਜੇ ਨਿਕਲ ਸਕੇ। ਗੁਰਮਤਿ ਸੰਗੀਤ ਦਾ ਵਿਦਿਆਰਥੀ ਹੋਣ ਦੇ ਨਾਤੇ ਆਸ ਕਰਦਾ ਹਾਂ ਕਿ ਇਨ੍ਹਾਂ ਵਿਦਿਆਰਥੀਆਂ ਤੋਂ ਸਾਡੇ ਕੀਰਤਨੀਏ, ਵਿਦਿਆਰਥੀ, ਸਿਖਿਆਰਥੀ ਆਦਿ ਵੀ ਜ਼ਰੂਰ ਸੇਧ ਲੈਣਗੇ ਅਤੇ ਗੁਰਮਤਿ ਸੰਗੀਤ ਦੀ ਮੂਲ ਧਾਰਾ ਨਾਲ ਜੁੜਨ ਦਾ ਯਤਨ ਕਰਨਗੇ।







੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)
ਗਿੱਲ ਬ੍ਰਦਰਜ਼




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ

**Binghamton New York**




# ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ **MEDICARE BENEFITS** ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

***Get more BENEFITS at No Cost $0 Premium***



## Rakhra Tax & Immigration

3073 W Ashlan Ave <> Fresno, CA 93722

**Ph. (559) 243-9200**

**Fax (559) 549-6211**

or visit

**www.rakhrataxservice.com**

**or avtar06@gmail.com**




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ
ਕਰਦੇ ਆ ਰਹੇ ਕਮਿਊਨਿਟੀ
ਦੇ ਨਿਸ਼ਕਾਮ ਸੇਵਕ,
ਉਘੇ ਬਿਜ਼ਨਸਮੈਨ, ਹਰ ਕੌਮੀ ਕੰਮ
ਨੂੰ ਪਹਿਲ ਦੇ ਅਧਾਰ 'ਤੇ
ਕਰਨ ਵਾਲੇ ਗੁਰੂ ਅਤੇ
ਪੰਥ ਦੇ ਸੇਵਾਦਾਰ

**ਸ੍ਰ. ਜੋਗਾ ਸਿੰਘ ਹੀਰਾ**
**925-719-4359**
**ਸ੍ਰ. ਜੀਤ ਸਿੰਘ**
**510-750-2810**





੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
ਸ. ਰਾਜਾ ਧਾਮੀ
L T A Bros
11145 E Clausen Road
Turlock, CA 95380


ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ
ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ
ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ

# ਮੋਲਹਿ ਏਕ ਪਾਗ ਨਹਿ ਪਾਈ॥

## ਕਹਾਣੀ ਸਿਰਮੌਰ ਦੇ ਰਾਜੇ ਦੀ

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)





ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਚਰਿਤ੍ਰੋ ਪਾਖਯਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਲਿਖੀਆਂ ੪੦੫ ਗਾਥਾਵਾਂ ਦਾ ਵਿਸ਼ਾਲ ਗ੍ਰੰਥ ਹੈ। ਇਹ ਵੱਡ ਅਕਾਰੀ ਗ੍ਰੰਥ ਨੈਤਿਕ, ਸਮਾਜਕ, ਇਤਿਹਾਸਕ, ਪੈਰਾਣਕ, ਦੇਸੀ, ਵਿਦੇਸ਼ੀ ਕਹਾਣੀਆਂ ਦਾ ਕੋਸ਼ ਹੈ। ਮਕਸਦ ਸੰਸਾਰ ਵਿਚ ਵਿਚਰਦਿਆਂ ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ। ਕਹੂੰ ਨਿਜ ਨਾਰਿ ਪਰਨਾਰਿ ਕੇ ਨਿਕੇਤ ਹੋ॥ (ਅਕਾਲ ਉਸਤਤਿ) ਯਾਨਿ ਬਿਚਾਰ ਅਤੇ ਅਬਿਚਾਰ ਦੀ ਬਿਚਾਰ ਆਣ ਨਾਲ ਹੀ ਵਿਕਾਰਾਂ ਤੋ ਬਚਿਆ ਜਾ ਸਕਦਾ ਹੈ।

ਇਸ ਗ੍ਰੰਥ ਦਾ ਨਾਮ ਸਤਿਗੁਰੂ ਜੀ ਨੇ ਖੁਦ ਹੀ ਦਿੱਤਾ ਹੈ, ਸ੍ਰੀ ਚਰਿਤ੍ਰ ਪਖ੍ਯਾਨੇ। ਆਸਾ ਕੀ ਵਾਰ ਵਰਣਤ ਟੁੰਡੇ ਅਸਰਾਜ ਦੀ ਤਰਜ਼ ਤੇ ਇਸ ਵਿਚ ਚਿਤ੍ਰ ਸਿੰਘ ਅਤੇ ਉਸ ਦੇ ਪੁੱਤਰ ਹਨਵਤਿ ਸਿੰਘ ਤੋਂ ਇਹ ਕਹਾਣੀ ਆਰੰਭ ਹੁੰਦੀਆਂ ਹਨ। ਇਸ ਗ੍ਰੰਥ ਵਿਚ ਇਸਤ੍ਰੀ ਚਰਿਤ੍ਰ ਵੀ ਹਨ, ਪੁਰਖ ਚਰਿਤ੍ਰ ਵੀ ਹਨ ਅਤੇ ਇਸਤ੍ਰੀ ਪੁਰਖ ਚਰਿਤ੍ਰ ਇਕੱਠੇ ਵੀ ਹਨ। ਜਿਵੇਂ ਇਸ ਪਾਵਟਾ ਨਗਰ ਦੇ ੭੧ਵੇਂ ਚਰਿਤ੍ਰ ਬਾਰੇ ਸਤਿਗੁਰੂ ਜੀ ਨੇ ਦਰਜ ਕੀਤਾ ਹੈ ਸ੍ਰੀ ਚਰਿਤ੍ਰ ਪਖ੍ਯਾਨੇ ਪੁਰਖ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ। ਯਾਨਿ ਕਿ ਰਾਜਾ ਚਿਤ੍ਰ ਸਿੰਘ ਅਤੇ ਉਸਦੇ ਮੰਤ੍ਰੀ ਦਾ ਆਪਸੀ ਸੰਵਾਦ। ਪਰ ਵੇਖਣ ਵਿਚ ਆਇਆ ਹੈ ਕਿ ਅਗਿਆਨਤਾ ਵਸ ਜਾਂ ਦ ?ਵੇਸ਼ ਅਧੀਨ ਕੁਝ ਇਸ ਬਾਣੀ ਨੂੰ ਚਲਿੱਤ੍ਰ ਲਿਖ ਦੇਂਦੇ ਹਨ। ਇਹ ਗੁਰੂ ਨਿੰਦਾ ਹੈ।

ਰਾਜੇ ਅਤੇ ਮੰਤ੍ਰੀ ਦੇ ਇਸ ਸੰਬਾਦ ਜਾਂ ਵਾਰਤਾਲਾਪ ਵਿਚ ਮੰਤ੍ਰੀ ਵਲੋਂ ਸਿਰਮੌਰ (ਸਾਰਮੌਰ) ਰਾਜ ਜਿਸਦੀ ਸਥਾਪਨਾ ੧੬੧੬ ਵਿਚ ਹੋਈ ਸੀ ਦੀ ਕਹਾਣੀ ਸੁਣਾ ਰਿਹਾ ਹੈ। ਨਗਰ ਪਾਵੰਟਾ ਅਤੇ ਨਾਹਨ ਇਸ ਵੱਡੀ ਰਿਆਸਤ ਦਾ ਹਿੱਸਾ ਸਨ। ਇਹ ਰਿਆਸਤ ਮੁਗਲਾਂ ਦੀ ਸਰਪ੍ਰਸਤੀ ਦੇ ਅਧੀਨ ਸੀ ਅਤੇ ਇੱਥੇ ਇਸ ਰਿਆਸਤ ਦੇ ਸ਼ਿਵ ਭਗਤ ਰਾਜੇ ਦੀ ਕਾਲਪਨਿਕ ਕਹਾਣੀ ਸੁਣਾਈ ਗਈ ਹੈ। ਇਸ ਵਿਚ ਰਾਜਾ ਆਪਣੀ ਕਹਾਣੀ ਉੱਤਮ ਪੁਰਸ਼ first person ਵਿਚ ਸੁਣਾ ਰਿਹਾ ਹੈ। ਇਸ ੭੧ਵੇਂ ਚਰਿਤ੍ਰ ਦੀ ਕਥਾ ਕਪਾਲ ਮੋਚਨ ਤੀਰਥ ਦੀ ਹੈ ਜਿਥੇ ਕਪਾਲ=ਸਿਰ ਅਤੇ ਮੋਚਨ=ਵੱਖ ਹੋਣਾ, ਯਾਨਿ ਕਿ ਸਿਰ ਦਾ ਕਟਿਆ ਜਾਣਾ। ਇਸ ਗਾਥਾ ਦੇ ਸਾਰ ਤੇ ਵਿਚਾਰ ਕਰਦਿਆਂ ਕਈ ਨੁਕਤੇ ਸਾਹਮਣੇ ਆਉਂਦੇ ਹਨ। ਇਸ ਵਿਚ ਸਾਰਮੌਰ ਦੇਸ਼ ਦੇ ਰਾਜੇ ਵਲੋਂ ਧਾਰਮਿਕ ਸਥਾਨ ਦੀ ਬੇ-ਹੁਰਮਤੀ ਕਰ ਰਹੇ ਵਿਅਕਤੀਆਂ ਦੀਆਂ ਪਗੜੀਆਂ ਉਤਾਰਨ ਦੀ ਗਾਥਾ ਹੈ। ਜਿਸ ਨੂੰ ਸਮਝਣ ਦੀ ਲੋੜ ਹੈ।

ਚਰਿਤ੍ਰ ਬਚਿਤ੍ਰ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਤੇ ਵਿਸ਼ਾਲ ਕ੍ਰਿਤ ਚਰਿਤ੍ਰੋ ਪਾਖਯਾਨ ਸਮਝਣ ਲਈ ਬਿਬੇਕ ਬੁਧ ਦੇ ਨਾਲ ਨਾਲ ਸ਼ਰਧਾ, ਸਿਦਕ ਅਤੇ ਭਰੋਸੇ ਦੀ ਲੋੜ ਹੈ। ਇਸ ਬਾਰੇ ਸਤਿਗੁਰੂ ਜੀ ਨੇ ਚਰਿਤ੍ਰੋ ਪਾਖਯਾਨ ਦੇ ਅਰੰਭ ਵਿਚ ਹੀ ਬੇਨਤੀ ਦਰਜ ਕੀਤੀ ਹੈ ਕਿ ਜੇਕਰ ਅਕਾਲ ਪੁਰਖ ਕਿਰਪਾ ਕਰੇ ਤਾਂ ਗੂੰਗੇ ਸ਼ਾਸਤ੍ਰਾਂ ਦਾ ਉਚਾਰਣ ਕਰਨ ਲਗ ਜਾਂਦੇ ਹਨ, ਪਿੰਗਲੇ ਪਰਬਤਾਂ ਤੇ ਚੜ੍ਹ ਸਕਦੇ ਹਨ, ਨਾਬੀਨਾ (ਸੂਰਮੇ) ਵੇਖਣ ਲਗ ਜਾਂਦੇ ਹਨ ਅਤੇ ਡੋਰੇ ਸੁਣਨ ਲਗ ਜਾਂਦੇ ਹਨ।

**ਮੂਕ ਉਚਰੈ ਸਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ॥**
**ਅੰਧ ਲਖੈ ਬਦਰੋ ਸੁਨੈ ਜੋ ਤੁਮ ਕਰੌ ਸਹਾਇ॥੪੩॥**

ਇਹ ਇਕ ਇਸ਼ਾਰਾ ਹੈ ਸਤਿਗੁਰੂ ਜੀ ਦੀ ਲੋਹ ਕਲਮ ਦੀ ਕ੍ਰਿਤ ਦਾ ਕਿ ਹਰ ਇਕ ਵੇਖਣ, ਸੁਣਨ, ਬੋਲਣ ਅਤੇ ਉਚਾਈਆਂ ਤਕ ਪਹੁੰਚਣ ਲਈ ਸਹਾਈ ਹੋ ਜਾਂਦਾ ਹੈ। ਕਲਗੀਧਰ ਪਿਤਾ ਦੀ ਰਚਨਾ ਨੂੰ ਕੋਈ ਦਰਕਿਨਾਰ ਨਹੀਂ ਕਰ ਸਕਦਾ। ਇਹ ਰਚਨਾ ਸਮਝਣ ਅਤੇ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਇਹ ਇਕ ਐਸਾ ਅਨਾਹਤ ਨਾਦ ਹੈ ਜੋ ਹਿਰਦੇ ਤੇ ਚੋਟ ਕਰਦਾ ਹੈ।

ਇਸ ਦੇ ਬਾਅਦ ਸਤਿਗੁਰੂ ਜੀ ਨੇ ਵਾਹਿਗੁਰੂ ਅੱਗੇ ਨਿਮਰਤਾ ਅਤੇ ਹਲੀਮੀ ਸਹਿਤ ਜੋਦੜੀ ਕੀਤੀ ਹੈ ਕਿ ਹੇ ਅਕਾਲ ਪੁਰਖ ਤੇਰੇ ਭਰੋਸੇ, ਤੇਰੀ ਦਿੱਤੀ ਬੁੱਧੀ ਅਨੁਸਾਰ ਮੈਂ ਕੁਝ ਕਬਿਤਾ ਲਿਖਣ ਲੱਗਾ ਹਾਂ ਅਤੇ ਇਸਨੂੰ ਵੇਖ ਪੜ੍ਹ ਕੇ ਹਾਸ ਨ ਕਰਿਯਹੁ ਕੋਇ।।

**ਪ੍ਰਥਮ ਮਾਨਿ ਤੁਮ ਕੋ ਕਹੋ ਜਥਾ ਬੁਧਿ ਬਲੁ ਹੋਇ॥**
**ਘਟਿ ਕਬਿਤਾ ਲਖਿ ਕੈ ਕਬਹਿ !**
**ਹਾਸ ਨ ਕਰਿਯਹੁ ਕੋਇ॥੪੫॥**

ਇੱਥੇ ਸਤਿਗੁਰੂ ਜੀ ਵਲੋਂ ਲਫ਼ਜ਼ ਕਬਿਤਾ ਵਰਤਣਾ ਬਹੁਤ ਹੀ ਮਹੱਤਵ ਪੂਰਨ ਹੈ ਕਿ ਇਹ ਇਕ ਸਾਹਿਤਕ ਰਚਨਾ, ਕਹਾਣੀ ਜਾਂ ਅਫਸਾਨਾ ਹੈ। ਇਹ ਕੋਈ ਇਤਿਹਾਸ ਜਾਂ ਆਤਮਕਥਾ ਨਹੀਂ ਹੈ। ਇਸ ੭੧ਵੇਂ ਚਰਿੱਤ੍ਰ ਦਾ ਗੁਰੂ ਸਾਹਿਬ ਜੀ ਦੇ ਪਾਵਨ ਜੀਵਨ ਨਾਲ ਕੋਈ ਸੰਬਧ ਨਹੀਂ ਹੈ। ਉਹ ਤਾਂ ਇਸ ਗਾਥਾ ਦੇ ਰਚਨਹਾਰ ਹਨ। ਇਸ ਚਰਿਤ੍ਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਦਰਜ ਵੀ ਕੀਤਾ ਹੈ, ਮੰਤ੍ਰੀ ਭੂਪ ਸੰਬਾਦੇ। ਇਸ ਦਾ ਸਿੱਧਾ ਪੱਧਰਾ ਅਰਥ ਹੈ ਕਿ ਇਹ ਕਹਾਣੀ ਰਾਜਾ ਮਿਤ੍ਰ ਸਿੰਘ ਦਾ ਵਜ਼ੀਰ ਉਸ ਨੂੰ ਸੁਣਾ ਰਿਹਾ ਹੈ। ਵਯਾਕਰਣ ਦੇ ਇਸ ਸਿੱਧੇ ਪੱਧਰੇ ਨਿਯਮ ਦੀ ਸੋਝੀ ਨਾਲ ਇਹ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ।

ਇਸ ਚਰਿਤ੍ਰ ਦੀ ਕਹਾਣੀ ਵਿਚ ਸਾਰਮੌਰ ਦੇਸ਼ ਦੇ ਰਾਜੇ ਵਲੋਂ ਉੱਤਮ ਪੁਰਸ਼ ਵਿਧੀ first person ਵਿਚ ਕਥਾ ਵਰਣਨ ਕੀਤੀ ਗਈ ਹੈ। ਇਸ ਨਾਲ ਇਹ ਕਹਾਣੀ ਮੰਤ੍ਰੀ ਦੀ ਆਪ-ਬੀਤੀ ਨਹੀਂ ਬਣ ਜਾਂਦੀ। ਇਸ ਵਿਚ ਇਹ ਕਹਾਣੀ ਮੰਤ੍ਰੀ ਰਾਹੀਂ ਰਾਜਾ ਸੁਣਾ ਰਿਹਾ ਹੈ ਕਿ ਸਾਰਮੌਰ ਦੇਸ ਵਿਚ ਪਾਵਟਾ ਨਗਰ ਵਿਚ ਜਮੁਨਾ ਕੰਢੇ ਕਪਾਲ ਮੋਚਨ ਤੀਰਥ ਹੈ। ਪਾਵਟਾ ਨਗਰ ਤੋਂ ਮੈਂ ਇੱਥੇ ਆਣ ਉਤਾਰਾ ਕੀਤਾ ਅਤੇ ਕਾਫੀ ਸ਼ਿਕਾਰ ਕੀਤੇ। ਇਸ ਤੋਂ ਬਾਅਦ ਮੈਂ ਤੀਰਥ ਦੇ ਦਰਸ਼ਨ ਕੀਤੇ। ਇੱਥੇ ਮੇਰੇ ਸਿਖ ਸੇਵਕ ਆਏ। ਉਹਨਾਂ ਨੂੰ ਮੈਂ ਸਿਰਪਾਉ ਦੇਣੇ ਚਾਹੇ ਪਰ ਪਾਵਟਾ ਅਤੇ ਬੂਰੀਏ ਨਗਰਾਂ ਵਿਚ ਕੀਮਤ ਦੇ ਕੇ ਵੀ ਕੋਈ ਪੱਗ ਨਹੀਂ ਮਿਲੀ। ਇਸ ਤੋਂ ਬਾਅਦ ਇਕ ਢੰਗ ਅਪਣਾਇਆ ਕਿ ਪਯਾਦੇ ਭੇਜ ਕੇ ਜਿਹੜੇ ਵੀ ਉਸ ਤੀਰਥ ਤੇ ਪਿਸ਼ਾਬ ਕਰਨ ਆਂਦੇ ਸਨ, ਉਹਨਾਂ ਦੀਆਂ ਪੱਗਾਂ ਉਤਾਰ ਕੇ ਬਿਨਾਂ ਪੱਗਾਂ ਦੇ ਉਨ੍ਹਾਂ ਨੂੰ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਇਕ ਰਾਤ ਵਿਚ ਹੀ ਅੱਠ ਸੌ **ਪਗੜੀ ਇਕੱਠੀ ਕਰ ਲਈ ਗਈ।**

**ਜਬ ਪਯਾਦਨ ਐਸੇ ਸੁਨਿ ਪਾਯੋ॥**
**ਤਿਹੀ ਭਾਂਤਿ ਮਿਲਿ ਸਭਨ ਕਮਾਯੋ ॥**
**ਜੋ ਮਨਮੁਖ ਤੀਰਥ ਤਿਹ ਆਯੋ॥**
**ਪਾਗ ਬਿਨਾ ਕਰਿ ਤਾਹਿ ਪਠਾਯੋ॥੭॥**

ਫਿਰ ਇਹ ਪੱਗਾਂ ਧੁਆ ਕੇ ਆਪਣੇ ਸਿੱਖ ਸੇਵਕਾਂ ਨੂੰ ਬੰਨਵਾ ਦਿੱਤੀਆਂ ਅਤੇ ਬਾਕੀ ਦੀਆਂ ਬਜ਼ਾਰ ਵਿਚ ਵੇਚ ਦਿੱਤੀਆਂ। ਇਸ ਦੇ ਬਾਅਦ ਵੀ ਜਿਹੜੀਆਂ ਬਚੀਆਂ ਉਹ ਸਿਪਾਹੀਆਂ ਨੂੰ ਦੇ ਦਿੱਤੀਆਂ।

**ਬਚੀ ਸੁ ਬੇਚਿ ਤੁਰਤ ਤਹ ਲਈ॥**
**ਬਾਕੀ ਬਚੀ ਸਿਪਾਹਿਨ ਦਈ॥੯॥**

ਇਹ ਪਯਾਦੇ ਅਤੇ ਸਿਪਾਹੀ ਰਾਜੇ ਰਜਵਾੜਿਆਂ ਦੇ ਹੀ ਹੁੰਦੈ ਹਨ, ਗੁਰੂ ਘਰ ਦੇ ਨਹੀਂ। ਇਸ ਕਹਾਣੀ ਦਾ ਕੇਂਦਰ ਬਿੰਦੂ ਹੈ ਹਿੰਦੂ ਤੀਰਥ ਕਪਾਲ ਮੋਚਨ। ਮਹਾਭਾਰਤ ਅਨੁਸਾਰ ਕਪਾਲ ਮੋਚਨ ਦਾ ਪੁਰਾਣਾ ਨਾਮ 'ਔਸ਼ਨਸ ਤੀਰਥ' ਸੀ। ਪੌਰਾਣਕ ਕਥਾ ਅਨੁਸਾਰ ਸ਼ਿਵ ਨੇ ਬ੍ਰਹਮ-ਹੱਤਿਆ ਦੇ ਪਾਪ ਤੋਂ ਮੁਕਤੀ ਲਈ ਇੱਥੇ ਤੀਰਥ ਕੀਤਾ ਸੀ। ਇਸ ਤੋਂ ਇਲਾਵਾ, ਪਾਂਡਵਾਂ ਨੇ ਵੀ ਮਹਾਭਾਰਤ ਦੇ ਯੁੱਧ ਤੋਂ ਬਾਅਦ ਇੱਥੇ ਇਸ਼ਨਾਨ ਕਰਕੇ ਪਾਪ ਮੁਕਤੀ ਪ੍ਰਾਪਤ ਕੀਤੀ ਸੀ।

ਇਸ ਚਰਿੱਤ੍ਰ ਵਿਚ ਵੀ ਸਤਿਗੁਰੂ ਜੀ ਨੇ ਰੋਮਆਂ ਕਲੈ (roman à clef) ਦਾ ਪ੍ਰਯੋਗ ਕੀਤਾ ਹੈ। ਇਸ ਦਾ ਅਰਥ ਹੈ ਕੁੰਜੀਵਤ ਸਾਹਿਤ ਜਾਂ ਘੁੰਡੀਸਹਿਤ ਸਾਹਿਤ। ਇਸ ਵਿਚ ਪ੍ਰਚਲਤ ਕਹਾਣੀ ਜਾਂ ਕਿਸੇ ਕਾਲਪਨਿਕ ਘਟਨਾ ਦਾ ਵਰਣਨ ਕਰਦਿਆਂ ਉਸ ਵਿਚ ਸਹੀ ਸਥਾਨ ਅਤੇ ਇਤਿਹਾਸਕ ਪਾਤਰ ਪਾ ਦਿੱਤੇ ਜਾਂਦੇ ਹਨ। ਇਹ ਇਸ ਕਹਾਣੀ ਨੂੰ ਇਕ ਦਮ ਕਾਲਪਨਿਕ ਜਗਤ ਤੋਂ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਨਾਲ ਜੋੜ ਦਿੰਦਾ ਹੈ। ਮਕਸਦ ਸਾਹਿਤ ਨੂੰ ਯਥਾਰਥ ਜਾਂ ਵਾਸਤਵਿਕਤਾ ਦੇ ਨੇੜੇ ਲੈ ਆਣਾ। ਜਿਵੇਂ ਗੁਰੂ ਜੀ ਨੇ ਕ੍ਰਿਸ਼ਨਾਵਤਾਰ ਵਿਚ ਖੜਗ ਸਿੰਘ, ਬੀਰ ਸਿੰਘ, ਗਜ ਸਿੰਘ ਅਤੇ ਨਿਹੰਗ ਖਾਂ, ਵਾਹਿਦ ਖਾਂ, ਨਿਜਾਬਤ ਖਾਂ, ਆਦਿ ਪਾਤਰ ਖੜੇ ਕਰ ਦਿੱਤੇ। ਇਸ ਨੂੰ ਨਾ ਸਮਝਣ ਕਾਰਨ ਕਈ ਇਸ ਤੇ ਵੀ ਸ਼ੰਕਾ ਕਰਨ ਲਗ ਜਾਂਦੇ ਹਨ ਕਿ ਉਸ ਯੁਗ ਵਿਚ ਸਿੰਘ ਅਤੇ ਮੁਸਲਮਾਨ ਨਾਵਾਂ ਵਾਲੇ ਵਿਅਕਤੀ ਕਿਸ ਤਰ੍ਹਾਂ ਆ ਗਏ।

ਹੁਣ ਇਸ ਪਾਵਟਾ ਵਾਲੇ ਚਰਿਤ੍ਰ ਵਿਚ ਵੀ ਪਾਵਟਾ, ਸਿਰਪਾਉ ਆਦਿ ਸ਼ਬਦਾਂ ਦਾ ਵਰਣਨ ਕੀਤਾ ਹੈ। ਪਰ ਨਾਲ ਹੀ ਰਾਜੇ ਦਾ ਸ਼ਿਵ ਤੀਰਥ ਕਪਾਲ ਮੋਚਨ ਦੇ ਦਰਸ਼ਨ ਕਰਨਾ ਆਦਿ ਸਪਸ਼ਟ ਕਰਦੇ ਹਨ ਕਿ ਇਹ ਮੰਤ੍ਰੀ ਵਲੋਂ ਰਾਜੇ ਨੂੰ ਸੁਣਾਈ ਗਈ ਇਕ ਕਾਲਪਨਿਕ ਕਹਾਣੀ ਹੈ ਜਿਸ ਵਿਚ ਰੋਮਆਂ ਕਲੈ (ਕੁੰਜੀਵਤ ਸਾਹਿਤ) ਦੀ ਵਰਤੋਂ ਕਰਕੇ ਇਸ ਨੂੰ ਯਥਾਰਥ ਦੇ ਨਿਕਟ ਲੈ ਆਂਦਾ ਗਿਆ ਹੈ। ਅਲਬੱਤਾ ਇਸ ਕਹਾਣੀ ਨੂੰ ਗੁਰੂ ਸਾਹਿਬ ਦੇ ਜੀਵਨ ਨਾਲ ਕਿਸੇ ਵੀ ਰੂਪ ਵਿਚ ਜੋੜਨਾ ਅਰਥ ਦਾ ਅਨਰਥ ਕਰਨਾ ਹੋਏਗਾ। ਸਤਿਗੁਰੂ ਜੀ ਦੇ ਬਚਨ ਹਨ, ਅਰਥਹ ਛਾਡਿ ਅਨਰਥ ਬਤਾਵਤ॥ (ਦਸਮ ਗ੍ਰੰਥ ਸਾਹਿਬ)

ਇਸ ਚਰਿਤ੍ਰ ਵਿਚ ਅੰਤਮ ਪੰਗਤੀਆਂ ਬਹੁਤ ਹੀ ਮਹੱਤਵ ਪੂਰਨ ਹਨ ਕਿ ਸਿਰਮੌਰ ਦਾ ਰਾਇ ਜਾਂ ਰਾਜਾ ਇਹ ਚਰਿਤ੍ਰ ਖੇਡ ਗਿਆ ਅਤੇ ਮੂਰਖਾਂ ਨੂੰ ਪਤਾ ਹੀ ਨਹੀਂ ਲਗਾ।

**ਬਟਿ ਕੈ ਪਗਰੀ ਨਗਰ ਕੋ ਜਾਤ ਭਏ ਸੁਖ ਪਾਇ॥**
**ਭੇਦ ਮੂਰਖਨ ਨ ਲਹਿਯੋ ਕਹਾ ਗਯੋ ਕਰਿ ਰਾਇ ? ॥੧੦॥**

ਇਸੇ ਲਈ ਤਾਂ ਚਰਿਤ੍ਰੋ ਪਾਖਯਾਨ ਗ੍ਰੰਥ ਦੇ ਅਖ਼ੀਰ ਵਿਚ ਸਤਿਗੁਰੂ ਜੀ ਘੁੰਡੀ ਖੋਲਦੇ ਹਨ,

**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥**
**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥**

editor@santsipahi.org
www.santsipahi.org;
www.patshahi10.org

### ਸੁਣ ਕੇ ਅੱਖਾਂ ਖੁੱਲ ਜਾਣਗੀਆਂ

# ਜੱਟਾਂ, ਕਾਮਬੋਜਾਂ, ਸੈਣੀਆਂ, ਕਸ਼ਤਰੀਯਾ, ਖੱਤਰੀਆਂ ਅਤੇ ਰਾਜਪੂਤਾਂ ਦਾ ਪਹਿਲਾ ਧਰਮ ਕੀ ਸੀ



ਭਾਈ ਸੁਖਵਿੰਦਰ ਸਿੰਘ
ਨਾਗੋਕੇ

ਜਿਹੜੇ ਲੋਕ ਸਿੱਖਾਂ ਨੂੰ ਕਹਿੰਦੇ ਸੀ ਕਿ ਸਿੱਖ ਹਿੰਦੂਆਂ ਵਿੱਚੋ ਆਏ ਹਨ, ਆਰਐਸਐਸ ਦੇ ਜਨਰਲ ਸੈਕਟਰੀ ਪ੍ਰਵੀਨ ਤੋਗੜੀਆ ਨੇ ਸ੍ਰੀ ਦਰਬਾਰ ਸਾਹਿਬ ਵਿਜਟ ਦੇ ਦੌਰਾਨ ਬਿਆਨ ਦੇ ਕੇ ਸਿੱਖਾਂ ਵਿੱਚ ਤਰਥੱਲੀ ਮਚਾ ਦਿੱਤੀ ਸੀ ਕਿ ਸਿੱਖ ਹਿੰਦੂਆਂ ਦੀ ਔਲਾਦ ਹਨ। ਇਸ ਦਾ ਜਵਾਬ ਦਾਸ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਗੁਰਬਾਣੀ ਕੀਰਤਨ ਦੇ ਸਬਦ ਰਾਹੀਂ ਦਿੱਤਾ ਸੀ, ਸਬਦ ਸੀ :

**ਨਾ ਹਮ ਹਿੰਦੂ ਨਾ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥**

ਜਿਸ ਦੇ ਕਾਰਨ ਦਾਸ ਦੀਆਂ ਬ੍ਰਾਡਕਾਸਟਿੰਗ ਦੀਆਂ ਡਿਊਟੀਆਂ ਪ੍ਰਕਾਸ਼ ਬਾਦਲ ਨੇ ਬੰਦ ਕਰਵਾ ਦਿੱਤੀਆਂ ਸਨ। ਅਸਲ 'ਚ ਭਾਰਤ ਵਿੱਚ ਬ੍ਰਾਹਮਣ ਨੇ ਐਨੇ ਵਹਿਮ ਭਰਮ ਪਾਏ ਨੇ , ਜਿੰਨਾ ਕਰਕੇ ਅਸੀ ਜਾਤਾਂ ਪਾਤਾਂ ਵਿੱਚ ਵੰਡੇ ਗਏ ! ਜਦਕਿ ਬ੍ਰਾਹਮਣ ਨੂੰ ਸਾਡੇ ਰਹਿਬਰਾਂ ਨੇ ਬਹੁਤ ਚੰਗੇ ਵਿਸਥਾਰ ਨਾਲ ਸਮਝਾਇਆਂ ਵੀ ਹੈ, ਪਰ ਇਸ ਨੇ ਸਾਡਾ ਖਹਿੜਾ ਨਹੀਂ ਛੱਡਿਆ। ਕਬਾਲਾ ਬ੍ਰਾਹਮਣ ਭਗਤ ਕਬੀਰ ਜੀ ਨੂੰ ਕਹਿੰਦਾ ਤੁਸੀਂ ਬ੍ਰਾਹਮਾਣਾਂ ਵਿੱਚੋ ਆਏ ਹੋ, ਬ੍ਰਾਹਮਣਾ ਦੀ ਔਲਾਦ ਹੋ! ਬਸ ਭਗਤ ਜੀ ਬ੍ਰਾਹਮਣ ਨੂੰ ਹੱਥ ਨਾਲ ਰੋਕ ਕੇ ਕਿਹਾ:-

**ਗਰਬ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦ ਤੇ ਸਭ ਉਤਪਾਤੀ॥**
**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥**
**ਕਹੁ ਕਬੀਰ ਜੋ ਬ੍ਰਹਮੁ ਬਿਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰ॥**

ਭਗਤ ਜੀ ਦੇ ਸਬਦ ਨੂੰ ਸੁਣ ਕੇ ਬ੍ਰਹਮਣ ਦੀ ਬੋਲਤੀ ਬੰਦ ਹੋ ਗਈ। ਇਸੇ ਤਰ੍ਹਾਂ ਜਾਤਾਂ, ਪਾਤਾਂ, ਵਰਣਵੰਡ ਦੇ ਬਾਰੇ ਬਹੁਤ ਵਿਦਵਾਨਾਂ ਨੂੰ ਸੁਣਿਆਂ, ਖੋਜ ਕਰਦੇ ਕਰਦੇ ਸਾਨੂੰ ਵਿਸ਼ਵ ਦੇ ਰਾਜੇ ਕੁਰਾਸਕੰਬੋਜਿਆ ਦੀ ਵੰਸ਼ਜ ਵਿੱਚੋ ਜੋ ਅੱਜ ਕਰੀਬ 15ਵੀਂ ਪੀੜ੍ਹੀ ਤੋਂ "ਸਿੱਖੀ ਧਾਰਨ" ਕਰਕੇ ਸਾਡੇ ਧਰਮ ਦੀ ਸੋਭਾ ਦੇ ਸਿਤਾਰੇ ਬਣੇ ਹੋਏ ਹਨ।

ਸ੍ਰ: ਸਰਬਜੀਤ ਸਿੰਘ ਨਿਊਯਾਰਕ ਉਨ੍ਹਾਂ ਨਾਲ ਸਾਡਾ ਸੰਪਰਕ ਹੋਇਆ, ਉਨ੍ਹਾਂ ਪਾਸ ਬਹੁਤ ਪੁਰਾਤਨ ਇਤਿਹਾਸ ਦਾ ਖਜ਼ਾਨਾ ਹੈ ਜੋ ਹਜ਼ਾਰਾਂ ਸਾਲ ਪੁਰਾਣਾ ਹੈ, ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਸ਼ਾਤਰ ਬ੍ਰਾਹਮਣ ਨੇ ਕਿਵੇਂ ਦੁਨੀਆਂ ਨੂੰ ਬੁੱਧੂ ਬਣਾਇਆ।

ਅਸਲ ਇਤਹਾਸ ਇਝ ਹੈ ਕਿ ਪਾਰਸੀ ਧਰਮ ਈਰਾਨ ਦਾ ਬਹੁਤ ਪੁਰਾਣਾ ਧਰਮ ਹੈ। ਇਹ ਜਦ ਅਵੇਸਤਾ ਨਾਮ ਦੇ ਧਰਮ-ਗ੍ਰੰਥ ਉਤੇ ਅਧਾਰਿਤ ਹੈ। ਇਸ ਦੇ ਬਾਨੀ ਮਹਾਤਮਾ ਜਰਥੁਸਟਰ ਹਨ। ਇਸ ਲਈ ਇਸ ਧਰਮ ਨੂੰ ਜਰਥੁਸਟਰੀ ਧਰਮ (Zoroastrianism)ਵੀ ਕਹਿੰਦੇ ਹਨ ।

ਵਿਸ਼ਵ ਦੇ ਰਾਜਿਆਂ ਕੁਰੂ, ਕੋਰਾਸ ਕੰਬੋਜੀਆ (ਪਰਸੂਰਾਮ, ਜੁਲਕਰਨੈਨ), ਸਾਇਰਸ ਅਤੇ ਦਾਰਾ ਮਹਾਨ ਦੇ ਅਖਾਮੇਨੀਡ ਅਤੇ ਪਰਥੀਅਨ ਸਾਮਰਾਜਾਂ ਦੇ ਸਮੇ ਦੌਰਾਨ, ਜੋਰਾਸਟ੍ਰੀਅਨ ਧਰਮ ਦੀ ਪਾਲਣਾ ਕਰਨ ਵਾਲੇ ਵੱਖ-ਵੱਖ ਕਬੀਲਿਆਂ ਦੇ ਲੋਕ ਭਾਰਤ ਆਏ ਅਤੇ ਇਹ ਪ੍ਰਾਚੀਨ ਭਾਰਤ ਦੇ ਪਾਰਸੀ ਹਨ।

ਸਾਸਾਨੀ ਸਾਮਰਾਜ ਦੇ ਪਤਨ ਅਤੇ ਇਸਲਾਮ ਦੇ ਫੈਲਣ ਤੋ ਬਾਅਦ, ਆਪਣੀਆਂ ਜਾਨਾਂ ਬਚਾਉਣ ਲਈ ਈਰਾਨ ਤੋਂ ਭਾਰਤ ਆਏ ਪਾਰਸੀ ਦੋ ਵਰਗਾਂ ਦੇ ਸਨ। ਇਕ ਵਰਗ 'ਚ ਸ਼ਾਹੀ ਰਾਜਿਆਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਸਿਪਾਹੀਆਂ (ਸਿਕਿਓਰਟੀ) ਵਾਲਿਆਂ ਦੇ ਪਰਿਵਾਰ ਸ਼ਾਮਲ ਸੀ। ਦੂਜੇ ਵਰਗ 'ਚ ਉਹ ਪਰਵਾਰ ਸਨ ਜੋ ਜੋਰਾਸਟ੍ਰੀਅਨ ਧਰਮ ਦੇ ਧਾਰਮਿਕ ਰੀਤੀ ਰਿਵਾਜਾਂ ਦਾ ਪ੍ਰਚਾਰ ਕਰਦੇ ਸਨ। ਪਰਸ਼ੀਆ ਤੋਂ ਆਏ ਸ਼ਾਹੀ ਰਾਜਿਆਂ ਅਤੇ ਸਿਪਾਹੀਆਂ ਦੇ ਪਰਿਵਾਰਾਂ ਨੇ ਵੱਖ-ਵੱਖ ਧਰਮ ਅਪਣਾਏ ਅਤੇ ਜ਼ਿਆਦਾਤਰ ਪਾਰਸੀ ਜੋ ਜੋਰਸਟ੍ਰੀਅਨ ਧਰਮ ਦੇ ਧਾਰਮਿਕ ਸੰਸਕਾਰ ਕਰਦੇ ਸਨ, ਉਨ੍ਹਾਂ ਕੋਲ ਅਜੇ ਵੀ ਜੋਰਾਸਟ੍ਰੀਅਨ ਧਰਮ ਹੈ ਅਤੇ ਉਹ ਇਸਦਾ ਪਾਲਣ ਕਰਦੇ ਹਨ। ਭਾਰਤ ਵਿੱਚ ਰਹਿਣ ਵਾਲੇ ਜੱਟ, ਜਾਟ, ਕੰਬੋਜ, ਸੈਣੀ, ਕਸਤਰੀਯਾ, ਰਾਜਪੂਤ, ਖੱਤਰੀ ਕਬੀਲਿਆਂ ਦੇ ਲੋਕਾਂ ਦੇ ਪੁਰਖੇ ਇਸਲਾਮ ਤੋਂ ਪਹਿਲਾਂ, ਭਾਰਤ ਆਏ ਸਨ ਅਤੇ ਉਨ੍ਹਾਂ ਦੇ ਪੁਰਖੇ ਪਾਰਸੀ ਧਰਮ ਵਿੱਚ ਵਿਸ਼ਵਾਸ਼ ਰੱਖਦੇ ਸਨ ਅਤੇ ਉਨ੍ਹਾਂ ਨੇ ਬਾਅਦ ਵਿੱਚ ਵੱਖ-ਵੱਖ ਧਰਮ ਅਪਣਾਏ, ਇਹ ਇੱਕ ਇਤਿਹਾਸਕ ਸਚਾਈ ਹੈ! ਜਿਸਦੇ ਸਾਰੇ ਸਬੂਤ ਸਾਡੇ ਪਾਸ ਮੌਜੂਦ ਹਨ। ਇਸ ਖੋਜ ਤੋਂ ਸਾਹਮਣੇ ਆਈਆ ਹੈ ਕੇ ਜੱਟ ਤੇ ਜਾਟ ਤੇ ਉਪਰੋਕਤ ਕਬੀਲੇ ਇੱਕੋ ਹੀ ਕਬੀਲੇ ਹਨ, ਜੋ ਬ੍ਰਾਹਮਣ ਨੇ ਵੱਖ ਵੱਖ ਕਰਕੇ ਰੱਖੇ ਸਨ।

### ਗੁਰੂ ਗ੍ਰੰਥ ਸਾਹਿਬ ਦੇ 421ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ :

# ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

**(ਦੋ ਕਿਸ਼ਤਾਂ ਵਿੱਚ ਲੇਖ : ਭਾਗ ਪਹਿਲਾ)**

ਗੁਰੂ ਗ੍ਰੰਥ ਸਾਹਿਬ ਦੇ 421ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਇਹ ਲੇਖ ਸਾਂਝਾ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ। ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਦਾ ਮੁੱਢ ਬੱਝਦਾ ਹੈ, ਜਿਨ੍ਹਾਂ ਆਪਣੀ ਬਾਣੀ ਸਮੇਤ, ਵੱਖ-ਵੱਖ ਭਗਤਾਂ ਦੀਆਂ ਬਾਣੀਆਂ ਇਕੱਤਰ ਕੀਤੀਆਂ ਅਤੇ ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀਆਂ। ਇਸੇ ਤਰ੍ਹਾਂ ਦੂਜੇ ਗੁਰੂ ਨਾਨਕ ਤੋਂ ਲੈ ਕੇ ਪੰਜਵੇਂ ਗੁਰੂ ਨਾਨਕ ਤੱਕ, ਇਹ ਬਾਣੀਆਂ ਪੋਥੀ ਸਰੂਪ ਵਿੱਚ, ਅਗਾਂਹ ਸੌਂਪੀਆਂ ਜਾਂਦੀਆਂ ਰਹੀਆਂ ਅਤੇ ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਤ, ਗੁਰੂ ਸਾਹਿਬਾਨਾਂ ਅਤੇ ਹੋਰਨਾਂ ਸ਼ਖਸੀਅਤਾਂ ਦੀਆਂ ਬਾਣੀਆਂ ਇਕੱਤਰ ਕਰਦਿਆਂ ਹੋਇਆਂ, 'ਪੋਥੀ ਸਾਹਿਬ' ਦਾ ਸੰਪਾਦਨ ਕਾਰਜ ਕੀਤਾ।

**ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ :**

ਸੰਸਾਰ ਸਾਹਿਤ ਵਿੱਚ ਧਰਮ-ਗ੍ਰੰਥ ਦੀ ਪ੍ਰੰਪਰਾ ਨਾਲੋਂ ਨਿਰਾਲੀ ਮਿਸਾਲ ਕਾਇਮ ਕਰਦੇ ਹੋਏ, ਗੁਰੂ ਅਰਜਨ ਸਾਹਿਬ ਨੇ ਬਾਣੀ ਇਕੱਤਰ ਅਤੇ ਸੰਕਲਨ ਕਰਨ ਦਾ ਕਾਰਜ 1588 ਈ. ਤੋਂ ਲੈ ਕੇ 1603 ਈ. ਤੱਕ ਤਕਰੀਬਨ 15 ਸਾਲ ਦੀ ਘਾਲਣਾ ਕਰਕੇ ਸੰਪੂਰਨ ਕਰਵਾਇਆ। ਗੁਰਮਤਿ ਦੇ ਉੱਘੇ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਰਮਣੀਕ ਕਿਨਾਰੇ ਗੁਰੂ ਅਰਜਨ ਸਾਹਿਬ ਦੇ ਹੁਕਮ ਅਨੁਸਾਰ ਪਾਵਨ ਬੀੜ ਨੂੰ ਲਿਖਣ ਦੀ ਸੇਵਾ ਨਿਭਾਈ। ਪਾਵਨ ਬੀੜ ਸਾਹਿਬ ਦਾ ਸੰਪਾਦਨ ਕਰਦਿਆਂ ਗੁਰੂ ਸਾਹਿਬ ਨੇ ਸਮੁੱਚੀ ਬਾਣੀ ਨੂੰ ਰਾਗਾਂ ਵਿਚ ਤਰਤੀਬ ਅਨੁਸਾਰ ਲਿਖਵਾਇਆ। ਇਕ ਸਾਲ ਨੌਂ ਮਹੀਨੇ ਵਿੱਚ ਸਮੁੱਚੀ ਬਾਣੀ ਲਿਖਵਾ ਕੇ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਵਾਇਆ। ਰਾਮਸਰ ਸਾਹਿਬ ਤੋਂ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਨਗਰ ਕੀਰਤਨ ਰਾਹੀਂ ਦਰਬਾਰ ਸਾਹਿਬ ਤੀਕ ਬਾਬਾ ਬੁੱਢਾ ਜੀ ਦੇ ਸੀਸ ਤੇ ਸਜਾ, ਧੰਨ ਧੰਨ ਸਾਹਿਬ ਗੁਰੂ ਅਰਜਨ ਸਾਹਿਬ ਚੌਰ ਕਰਦੇ ਪੁੱਜੇ ਅਤੇ ਪਹਿਲਾਂ ਪ੍ਰਕਾਸ਼, ਭਾਦੋਂ ਸੁਦੀ ਪਹਿਲੀ ਸੰਮਤ 1661, ਸੰਨ 1604 ਨੂੰ ਸੱਚਖੰਡ ਦਰਬਾਰ ਸਾਹਿਬ ਵਿਖੇ ਹੋਇਆ। ਬਾਬਾ ਬੁੱਢਾ ਜੀ ਸੱਚਖੰਡ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਹੋਏ। ਬਾਬਾ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਕੇ ਮੁੱਖ ਵਾਕ ਲਿਆ ;

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਮੌਕੇ ਪਹਿਲਾ ਮੁੱਖ ਵਾਕ :

**ਸੂਹੀ ਮਹਲਾ ੫ ॥**
**ਸੰਤਾ ਕੇ ਕਾਰਜਿ ਆਪਿ ਖਲੋਇਆ**
**ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ**
**ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ (ਅੰਗ-873)**

ਗੁਰੂ ਅਰਜਨ ਸਾਹਿਬ ਵੱਲੋਂ ਨੂੰ ਪਾਵਨ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦੇਣਾ:

ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਦਾ ਸਤਿਕਾਰ ਕਰਦਿਆਂ, ਉੱਚੇ ਥਾਂ ਤੇ ਪ੍ਰਕਾਸ਼ ਕੀਤਾ ਅਤੇ ਖ਼ੁਦ ਚੌਰ ਸਾਹਿਬ ਕੀਤਾ। ਉਹਨਾਂ ਆਪਣੀ ਬਾਣੀ ਰਾਹੀਂ ਇਹ ਫ਼ੁਰਮਾਨ ਕੀਤਾ ਕਿ ਪੋਥੀ ਸਾਹਿਬ ਦਾ ਸਥਾਨ ਰੱਬ ਦੇ ਤੁਲ ਹੈ। ਦੂਜੇ ਸ਼ਬਦਾਂ ਵਿੱਚ ਗੁਰਬਾਣੀ ਹੀ ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਪੰਚਮ ਪਾਤਸ਼ਾਹ ਨੇ ਖ਼ੁਦ ਹੀ ਪਾਵਨ ਗ੍ਰੰਥ ਸਾਹਿਬ ਨੂੰ ਰੱਬੀ ਰੂਪ ਬਿਆਨ ਕਰਦਿਆਂ ਇਉਂ ਫ਼ੁਰਮਾਨ ਕੀਤਾ:

**ਪੋਥੀ ਪਰਮੇਸਰ ਕਾ ਥਾਨੁ ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥**

**ਸਾਰੰਗ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ ਅੰਗ 1226**

ਦਰਅਸਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਬਾਣੀ ਦੇ ਪ੍ਰਥਾਏ ਇਹ ਸਪਸ਼ਟ ਕਰ ਦਿੱਤਾ ਸੀ ਕਿ ਜਿਵੇਂ ਅਕਾਲ ਪੁਰਖ ਨੇ ਉਹਨਾਂ ਨੂੰ ਬਾਣੀ ਬਖਸ਼ੀ ਹੈ, ਉਸੇ ਤਰ੍ਹਾਂ ਉਹ ਬਿਆਨ ਕਰ ਰਹੇ ਹਨ। ਗੁਰੂ ਸਾਹਿਬ ਦੇ ਪਾਵਨ ਬਚਨ ਹਨ ;

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**ਤਿਲੰਗ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 722.**

ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਸਾਹਿਬ ਨੇ ਗੁਰਬਾਣੀ ਨੂੰ ਪਰਮਾਤਮਾ ਦੇ ਤੁੱਲ ਜਾਣ ਕੇ ਹੀ ਗੁਰਬਾਣੀ ਦੀ ਵਡਿਆਈ ਕੀਤੀ ਹੈ। ਆਪ ਜੀ ਦਾ ਫ਼ੁਰਮਾਨ ਹੈ;

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸੁ ਜੇਵਡੁ ਅਵਰੁ ਨ ਕੋਇ ॥**
**ਸਲੋਕ ਮਹਲਾ 3, ਗੁਰੂ ਗ੍ਰੰਥ ਸਾਹਿਬ ਅੰਗ : 515**

ਪਾਵਨ ਪੋਥੀ ਸਾਹਿਬ (ਆਦਿ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ ਬਾਣੀ ਨੂੰ ਧੁਰ ਕੀ ਕੀ ਬਾਣੀ ਭਾਵ ਰੱਬੀ ਬਾਣੀ ਦਸਦਿਆਂ ਹੋਇਆਂ, ਗੁਰੂ ਸਾਹਿਬ ਨੇ ਸਭ ਭੁਲੇਖੇ ਦੂਰ ਕੀਤੇ ਅਤੇ ਸਿੱਖਾਂ ਨੂੰ ਇਹ ਉਪਦੇਸ਼ ਬਖਸ਼ਿਆ :

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥**

**ਸੋਰਠਿ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 628**

ਇਉ ਪਾਵਨ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਗੁਰੂ ਸਾਹਿਬਾਨ ਨੇ ਖ਼ੁਦ ਸਪੱਸ਼ਟ ਕਰ ਦਿੱਤਾ ਹੈ ਕਿ ਬਾਣੀ ਅਕਾਲ ਪੁਰਖ ਦੇ ਹੁਕਮ ਵਿਚ ਹੀ ਉੱਚਾਰੀ ਹੈ ;

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**

**ਸੂਹੀ ਗੁਣਵੰਤੀ ਮਹਲਾ ਪਹਿਲਾ,**
**ਗੁਰੂ ਗ੍ਰੰਥ ਸਾਹਿਬ : ਅੰਗ 763**

ਇਹਨਾਂ ਪ੍ਰਮਾਣਾਂ ਮਗਰੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਗੁਰਬਾਣੀ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਵਲੋਂ ਗਏ 'ਗੀਤ' ਨਹੀਂ ਹਨ,ਬਲਕਿ ਇਹ



ਡਾ. ਗੁਰਵਿੰਦਰ ਸਿੰਘ
604 825 1550

ਤਾਂ ਰੱਬੀ ਵਿਚਾਰ ਹਨ ;

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**

**ਬਾਣੀ ਭਗਤ ਕਬੀਰ ਜੀ,**
**ਗੁਰੂ ਗ੍ਰੰਥ ਸਾਹਿਬ : ਪੰਨਾ 335**

**ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪਣਾ :**

ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਦੇ ਹੋਏ, ਆਦਿ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਆਪ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਸ਼ਹੀਦੀ ਸਮੇਂ ਸੰਨ 1708 ਈ. ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਪਾਵਨ ਬੀੜ ਸਾਹਿਬ ਨੂੰ ਗੁਰਗੱਦੀ ਦਿੰਦੇ ਹੋਏ 'ਗੁਰੂ' ਗ੍ਰੰਥ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਦਾ ਅਸਲ ਭਾਵ ਇਹ ਹੈ ਕਿ 'ਗੁਰਬਾਣੀ ਹੀ ਗੁਰੂ' ਹੈ ਅਤੇ ਇਹ ਪਾਵਨ ਸ਼ਬਦ ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਸਾਹਿਬ ਨੇ ਪਹਿਲਾਂ ਹੀ ਉਚਾਰਨ ਕੀਤਾ ਹੋਇਆ ਹੈ ;

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

ਨਟ ਮਹਲਾ ਚੌਥਾ, ਗੁਰੂ ਗ੍ਰੰਥ ਸਾਹਿਬ : ਅੰਗ 982)

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਇਹ ਸਮਝਣਾ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪਦਿਆਂ ਗੁਰਤਾ ਗੱਦੀ ਬਖਸ਼ੀ ਹੈ, ਉਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਮੁੱਢ ਵਿੱਚ ਹੀ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦਿੱਤਾ ਹੈ। ਇਉਂ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਗੁਰੂ ਵੀ ਹਨ ਅਤੇ ਰੱਬ ਵੀ ਹਨ। ਰੱਬ ਤੇ ਗੁਰੂ ਵਿੱਚ ਗੁਰੂ ਅਰਜਨ ਸਾਹਿਬ ਸਾਰਾ ਭੇਦ ਖਤਮ ਕਰਦੇ ਹਨ;

**ਗੁਰੁ ਪਰਮੇਸਰੁ ਏਕੋ ਜਾਣੁ ॥**
**ਜੋ ਤਿਸੁ ਭਾਵੈ ਸੋ ਪਰਵਾਣੁ ॥੧॥**
**ਗੋਂਡ ਮਹਲਾ ਪੰਜਵਾਂ, ਗੁਰੂ ਗ੍ਰੰਥ ਸਾਹਿਬ : ਅੰਗ 864**

ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿੱਥੇ ਸਤਿਗੁਰੂ ਜੀ ਨੇ ਗੁਰ ਨੂੰ ਪਰਮਾਤਮਾ ਦੇ ਬਰਾਬਰ ਬਿਆਨ ਕੀਤਾ ਹੈ ;

**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥**
**ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥**

**ਸਿਰੀਰਾਗੁ ਮਹਲਾ ਪੰਜਵਾਂ,**
**ਗੁਰੂ ਗ੍ਰੰਥ ਸਾਹਿਬ : ਅੰਗ 53**

**ਗੁਰੂ ਮਾਨਿਓ ਗ੍ਰੰਥ :**

ਰੋਜ਼ਾਨਾ ਅਰਦਾਸ ਉਪਰੰਤ ਜੋ ਦੋਹੇ ਗਾਇਨ ਕੀਤੇ ਜਾਂਦੇ ਹਨ, ਉਹਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਵਜੋਂ ਸੁਭਾਏਮਾਨ ਕੀਤੇ ਜਾਣ ਸਬੰਧੀ ਬਚਨ ਹਨ। ਇਹ ਜਾਨਣਾ ਜਰੂਰੀ ਹੈ ਕਿ ਇਹ ਦੋਹੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਹੀਂ, ਪਰ ਇਹਨਾਂ ਦੇ ਭਾਵ ਗੁਰੂ ਗ੍ਰੰਥ ਸਾਹਿਬ ਨੂੰ 'ਸਦੀਵੀ ਗੁਰੂ' ਵਜੋਂ ਬਿਆਨ ਕਰਦੇ ਹਨ। ਸਿੱਖ ਵਿਦਵਾਨ ਡਾ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਲੋਂ ਪੰਨਾ 67 ਉਪਰ, ਮੂਲ ਰੂਪ ਵਿੱਚ ਉਚਾਰਣ ਕੀਤੇ ਗਏ ਦੋਹਰਿਆਂ ਦਾ ਸਰੂਪ ਇਸ ਤਰਾਂ ਦਿਤਾ ਗਿਆ ਹੈ ;

**ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ ॥**
**ਸਭ ਸਿੱਖਨ ਕੋ ਹੁਕਮ ਹੈ ਗੁਰੁ ਮਾਨੀਓ ਗ੍ਰੰਥ ॥**
**–**
**ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ ॥**
**ਜੋ ਸਿਖ ਮੋ ਮਿਲਬੋ ਚਹੈ ਖੋਜ ਇਨਹੁ ਮਹਿ ਲੇਹੁ ॥**

**(ਰਹਿਤਨਾਮੇ, ਪੰਨਾ 67)**

ਭਾਈ ਪ੍ਰਹਲਾਦ ਸਿੰਘ ਰਚਿਤ 'ਰਹਿਤਨਾਮਾ' ਨਾਲੋਂ ਥੋੜੇ ਫਰਕ ਨਾਲ ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਇਹੀ ਦੋਹਰੇ ਅੰਕਿਤ ਕੀਤੇ ਹੋਏ ਮਿਲਦੇ ਹਨ। ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' (ਭਾਸ਼ਾ ਵਿਭਾਗ, ਪੰਜਾਬ 1987) ਦੇ ਪੰਨਾਂ 353 ਉੱਤੇ ਅਜਿਹੀਆਂ ਸਤਰਾਂ ਵਾਲਾ ਪੂਰਾ ਕਾਵਿ-ਬੰਦ ਹੇਠਾਂ ਦਿੱਤੇ ਅਨੁਸਾਰ ਪੇਸ਼ ਕੀਤਾ ਹੋਇਆ ਮਿਲਦਾ ਹੈ :

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।**
**ਸਬ ਸਿੱਖਨ ਨੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**
**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ।**

ਉਕਤ ਦੋਹਰੇ ਜਿਸ ਰੂਪ ਵਿੱਚ ਅਸੀਂ ਅੱਜ ਪੜ੍ਹਦੇ ਹਾਂ, ਪਹਿਲੇ ਦੋ ਦੋਹਿਰੇ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿਚੋਂ ਲਏ ਗਏ ਹਨ । ਭਾਈ ਪ੍ਰਹਲਾਦ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼' 1867 ਈਸਵੀ ਵਿੱਚ ਤਿਆਰ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਵਲੋਂ (ਗੁਰਮਤਿ ਮਾਰਤੰਡ-ਪੰਨਾ 331) ਸਪਸ਼ਟ ਨਿਰਣਾ ਦਿਤਾ ਗਿਆ ਹੈ ਕਿ ਇਹਨਾਂ ਦੋਹਰਿਆਂ ਵਿੱਚ ਗਿਆਨੀ ਗਿਆਨ ਸਿੰਘ ਨੇ ਕੁਝ ਤਬਦੀਲੀਆਂ ਕੀਤੀਆਂ ਹਨ ਜਿਵੇਂ 'ਗੁਰੂ ਖਾਲਸਾ ਮਾਨੀਅਹ' ਦੀ ਥਾਂ ਤੇ 'ਗੁਰੂ ਗ੍ਰੰਥ ਜੀ ਮਾਨਯੋ'- 'ਜੋ ਸਿਖ ਮੋ ਮਿਲਬੇ ਚਹਿਹ' ਦੀ ਥਾਂ ਤੇ 'ਜੋ ਪ੍ਰਭ ਕੋ ਮਿਲਬੋ ਚਹੈ'- 'ਖੋਜ ਇਨਹੁ ਮਹਿ ਲੇਹੁ' ਦੀ ਥਾਂ ਤੇ 'ਖੋਜ ਸ਼ਬਦ ਮਹਿ ਲੇਹ' ਆਦਿ। ਡਾ. ਜਸਵੰਤ ਸਿੰਘ ਨੇਕੀ ਕਿਤਾਬ 'ਅਰਦਾਸ' ਦੇ ਪੰਨਾ 342-343 ਤੇ ਲਿਖਦੇ ਹਨ ਕਿ 'ਤੀਜੀ ਗੱਲ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਸਮਝਣਾ ਹੈ। ਇਹ ਗੱਲ ਗੁਰਮਤਿ ਸਿਧਾਂਤ ਅਨੁਸਾਰ ਸਹੀ ਨਹੀਂ, ਸੰਦੇਹ ਜਨਕ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਦੀ ਜੋਤ ਹੈ, ਦੇਹ ਨਹੀਂ। ਗੁਰੂ ਦਾ ਸਰੀਰਕ ਦੀਦਾਰ ਤਾਂ ਖਾਲਸੇ ਵਿੱਚ ਹੈ"

**ਅਜਿਹਾ ਹੀ ਇਕ ਦੋਹਰਾ ਭਾਈ ਦਯਾ ਸਿੰਘ ਵੱਲੋ** ਲਿਖੇ ਰਹਿਤਨਾਮੇ ਵਿਚ ਵੀ ਦਰਜ ਹੈ;

**ਸ਼੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ ॥**
**ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਲ ॥**

**(ਰਹਿਤਨਾਮੇ ਪੰਨਾ 71)**

**ਰਾਜ ਕਰੇਗਾ ਖਾਲਸਾ :**

ਇਹ ਜਾਣਕਾਰੀ ਲਾਹੇਬੰਦ ਹੋਏਗੀ ਕਿ 'ਤਨਖਾਹਨਾਮਾ', ਲਿਖਤ ਭਾਈ ਨੰਦ ਲਾਲ ਜੀ ਵਿੱਚ 'ਰਾਜ ਕਰੇਗਾ ਖਾਲਸਾ' ਵਾਲਾ ਦੋਹਾ ਦਰਜ ਕੀਤਾ ਹੋਇਆ ਹੈ, ਜਿਸ ਨੂੰ ਸਿੱਖ ਸੰਗਤਾਂ ਅਰਦਾਸ ਉਪਰੰਤ ਗਾਇਨ ਕਰਦੀਆਂ ਹਨ ;

**ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।**
**ਖੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ ।3।**

**ਗੁਰੂ ਗ੍ਰੰਥ ਸਾਹਿਬ ਦਾ ਸਰਬ ਵਿਆਪਕ ਤੇ ਸਰਬ ਸਾਂਝਾ ਉਪਦੇਸ਼ :**

ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਰੀ




ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ 'ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ- ਕਾਲੀ, ਸਰਬ - ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17 ਵੀਂ ਸਦੀ ਤੱਕ ਦੀਆਂ, ਪੰਜ ਸਦੀਆਂ ਦੇ 36 ਮਹਾਂ- ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ- ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਵਰਣ- ਵੰਡ, ਉਚ ਨੀਚ, ਜਾਤ- ਪਾਤ ਅਤੇ ਰੰਗ- ਨਸਲ ਤੋਂ ਉਚੇ ਉੱਠ ਕੇ, ਪ੍ਰਭੂ - ਪ੍ਰੇਮ ਵਿੱਚ ਲੀਨ ਹੋ ਕੇ , ਉਚੀ ਆਤਮਕ- ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 4956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜ੍ਹਨ ਵਾਲਾ ਜਗਿਆਸੂ ਸੁੱਤੇ- ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ । ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ , ਦਰਸ਼ਨ , ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ , ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ- ਪੂਰਵਕ ਵਿਚਾਰ ਹੋਇਆ ਹੈ।

**ਗੁਰੂ ਗ੍ਰੰਥ ਸਾਹਿਬ ਵਿੱਚ ਧਰਮ ਦੇ ਨਾਂ 'ਤੇ ਪਖੰਡ ਦਾ ਵਿਰੋਧ ਅਤੇ ਸੱਚੇ ਪ੍ਰੇਮ ਦੀ ਪ੍ਰੇਰਨਾ :**

ਗੁਰਬਾਣੀ ਵਿੱਚ ਪਖੰਡ ਦੀ ਥਾਂ ਸੱਚੀ- ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ, ਸੱਚ ਹੱਕ ਅਤੇ ਇਨਸਾਫ਼ ਦਾ ਸੰਦੇਸ਼ ਵਾਹਕ ਬਣਦੇ ਹੋਏ, ਸਮਾਜ ਦੀ ਪੁਨਰ - ਸਿਰਜਣਾ ਕੀਤੀ ਗਈ ਹੈ। ਸਮਕਾਲੀ ਸੰਪਰਦਾਵਾਂ ਨੂੰ ਅਡੰਬਰ. ਪਖੰਡ ਤੇ ਕੱਟੜਪੁਣੇ ਤੋਂ ਮੁਕਤ ਕਰਕੇ, ਸੱਚੇ ਧਰਮ ਦੇ ਕੇਂਦਰ - ਬਿੰਦੂ ਨਾਲ ਜੋੜਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਨੂੰ ਨਵੀਨ ਅਤੇ ਬਿਬੇਕਮਈ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ : 471**

**ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥**
**ਗਲੀ ਜਿਨਾ੍ ਜਪਮਾਲੀਆ, ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥**
**ਭਗਤ ਕਬੀਰ ਜੀ, ਗੁਰੂ ਗ੍ਰੰਥ ਸਾਹਿਬ ਅੰਗ : 476**

**ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ ॥**
**ਓਇ ਲੇ ਜਾਰੇ, ਓਇ ਲੇ ਗਾਡੇ, ਤੇਰੀ ਗਤਿ ਦੁਹੂ ਨ ਪਾਈ ॥**
**ਭਗਤ ਕਬੀਰ ਜੀ, ਗੁਰੂ ਗ੍ਰੰਥ ਸਾਹਿਬ ਅੰਗ : 654**

**ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥**
**ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰ ॥**

**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ : 789**

**ਗੁਰੂ ਗ੍ਰੰਥ ਸਾਹਿਬ ਵਿੱਚ ਜ਼ਾਲਮ ਹਕੂਮਤ ਦਾ ਤਿੱਖਾ ਵਿਰੋਧ :**

ਗੁਰੂ ਗ੍ਰੰਥ ਸਾਹਿਬ ਜਿੱਥੇ ਧਰਮ ਦੇ ਨਾਂ ਤੇ ਪਖੰਡ ਨੂੰ ਰੱਦ ਕਰਦੇ ਹਨ, ਉੱਥੇ ਜ਼ਾਲਮ ਹਕੂਮਤ ਦਾ ਤਿੱਖਾ ਵਿਰੋਧ ਕਰਦਿਆਂ ਲੋਕਾਂ ਨੂੰ ਲਾਮਬੰਦ ਕਰਦੇ ਹਨ। ਗੁਰੂ ਅਰਜਨ ਸਾਹਿਬ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਹੀ ਅਸਲ ਵਿੱਚ ਪੰਜਵੇਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣੇ। ਗੁਰੂ ਗ੍ਰੰਥ ਸਾਹਿਬ ਵਿੱਚ ਸਮੇਂ ਦੀ ਸੱਤਾ ਨੂੰ ਚੁਣੌਤੀ ਦਿੰਦਿਆਂ ਇਹ ਪਾਵਨ ਸ਼ਬਦ ਫ਼ੁਰਮਾਨ ਕੀਤੇ ਗਏ ਹਨ, ਜਿਨਾਂ ਦੀ ਮਿਸਾਲ ਪਹਿਲਾਂ ਕਦੇ ਨਹੀਂ ਮਿਲਦੀ

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥**
**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 1288**
**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥**

**ਸਲੋਕ ਮਹਲਾ ਪਹਿਲਾ -**
**ਗੁਰੂ ਗ੍ਰੰਥ ਸਾਹਿਬ : ਅੰਗ 142**

**ਗੁਰੂ ਗ੍ਰੰਥ ਸਾਹਿਬ ਵਿੱਚ ਖੰਡਨਾਤਮਕ ਅਤੇ ਮੰਡਨਾਤਮਕ ਵਿਧੀਆਂ :**

ਗੁਰਬਾਣੀ ਖ਼ਾਸ ਵਰਗ ਦੀ ਥਾਂ ਜਨ-ਸਾਧਾਰਨ ਰਾਹੀਂ ਸਮੁੱਚੀ ਮਨੁੱਖਤਾ ਨੂੰ ਸੰਬੋਧਤ ਹੈ। ਗੁਰਬਾਣੀ ਦਾ ਮੁੱਖ ਮੰਤਵ ਉੱਚੇ ਸੁੱਚੇ ਸਿਧਾਂਤ ਨੂੰ ਸਰਲ ਢੰਗ ਨਾਲ ਬਿਆਨ ਕਰਕੇ ਲੋਕ -ਸਮੂਹ ਤੱਕ ਪਹੁੰਚਾਉਣਾ ਹੈ। ਗੁਰਬਾਣੀ ਵਿੱਚ ਲੋਕ-ਧਰਮ ਅਤੇ ਲੋਕ-ਗਾਥਾਵਾਂ ਦਾ ਵਰਨਣ ਖੰਡਨਾਤਮਕ ਤੇ ਮੰਡਨਾਤਮਕ , ਦੋਹਾਂ ਵਿਧੀਆਂ ਰਾਂਹੀ ਹੋਇਆ ਹੈ। ਚਾਰ- ਵਰਣ, ਚਾਰ- ਆਸ਼ਰਮ, ਹੋਮ- ਜੱਗ, ਤੀਰਥ- ਗਮਨ, ਸੂਤਕ - ਪਾਤਕ , ਜਾਤ -ਪਾਤ, ਊਚ-ਨੀਚ ਆਦਿਕ ਕਰਮ - ਕਾਂਡ ਪ੍ਰਤੀ ਖੰਡਨਾਤਮਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਗੁਰਮਤਿ ਦਾ ਮਾਰਗ ਪ੍ਰਵਿਰਤੀ ਮੂਲਕ ਨਵਿਰਤੀ ਅਤੇ ਪ੍ਰੇਮਾ-ਭਗਤੀ ਦਾ ਸਹਿਜ ਤੇ ਸੁਖੈਨ ਮਾਰਗ ਹੈ। ਗੁਰਬਾਣੀ ਦੀ ਕਲਾ ਸਹਿਜ ਅਵਸਥਾ ਵਿਚੋਂ ਹੀ ਉਪਜੀ ਹੈ ਤੇ ਸਹਿਜ ਦਾ ਹੀ ਪ੍ਰਚਾਰ ਕਰਦੀ ਹੈ।

**(ਬਾਕੀ ਹਿੱਸਾ ਦੂਜੀ ਤੇ ਆਖਰੀ ਕਿਸ਼ਤ ਵਿੱਚ ਅਗਲੇ ਹਫਤੇ )**

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

## ਲੱਖ-ਲੱਖ ਵਧਾਈਆਂ







ਗੁਰੂ ਤੇ ਪੰਥ ਦੇ ਦਾਸ

# ਸਮੂਹ ਸਾਧ ਸੰਗਤ ਮਨਟੀਕਾ, ਕੈਲੀਫੋਰਨੀਆ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ



# ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਕੈਲੀਫੋਰਨੀਆਂ ਦੇ ਨੌਜਵਾਨ ਸਿੱਖ ਆਗੂ ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਸੰਗਤਾਂ ਦੇ ਸੇਵਾਦਾਰ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੇ ਖਜ਼ਾਨਚੀ

# CHARKHA'S

ਦੀ ਚੇਨ ਦੇ ਮਾਲਕ



## Pabla Beverages inc &
## Pauls Liquors & Markets

**Www.bevstore.com 408-515-5330,**
**San Jose Morgan Hill Gilroy California**





## Surinder Singh Pabla

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ




Best Western®

Holiday Inn Express® & Suites



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

# ਸ. ਪਰਗਟ ਸਿੰਘ ਸੰਧੂ



੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ



ਜਾਰੀ ਕਰਤਾ
ਸ:ਹਰਮਿੰਦਰ ਸਿੰਘ ਸਮਾਣਾ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
(209) 481-7750

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ



SinghSigns

ELECTRICAL· GRAPHIC· ENGRAVING

Sales - Installation - Repair

WE FABRICATE & SERVICE ALL ELECTRICAL SIGNS

44279 FREMONT BLVD. UNIT P FREMONT, CA 94538

510-573-3162

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

DESIGNED FOR QUALITY SIGH, ENGINEERED TO LAST !



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ


‘ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ



੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ

# ਸ:ਸੰਤੋਖ ਸਿੰਘ ਝਿੰਗੜਾ

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਿਹ



# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ

ਪੰਥ ਦੇ ਸਿਪਾਹੀ ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਉਘੇ ਰਿਆਲਟਰ ਨੌਜਵਾਨ ਸਿੱਖ ਆਗੂ ਅਤੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਨਿਸ਼ਕਾਮ ਸੇਵਾਦਾਰ



# ਸ. ਰਣਜੀਤ ਸਿੰਘ ਮਾਂਗਟ

## ਅਤੇ ਸਮੂਹ ਮਾਂਗਟ ਪਰਿਵਾਰ






VALLEY REAL ESTATE CENTER TRACY

RANJIT SINGH

REALTOR® DRE# 01922089

209.956.1000

408.355.5700

RESIDENTIAL & COMMERCIAL REAL ESTATE

BUYING • SELLING • RESIDENTIAL • COMMERCIAL • MANAGEMENT

ਆਪਣੇ ਘਰ ਜਾਂ ਜਾਇਦਾਦ ਨਾਲ ਸੰਬੰਧਤ ਹਰ ਕਿਸਮ ਦੀਆਂ ਤਸੱਲੀਬਖਸ਼ ਸੇਵਾਵਾਂ ਪ੍ਰਾਪਤ ਕਰਨ ਵਾਸਤੇ ਤੁਰੰਤ ਸੰਪਰਕ ਕਰੋ


ਪੰਥ ਕੀ ਜੀਤ
ਪੰਥ ਕੀ ਜੀਤ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
VANCO
TRUCK & AUTO PLAZA
TEL : 208-466-0833, FAX : 209-466-2740
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)









## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ





ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

# ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ


ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ
ਸ. ਬਲਜੀਤ ਸਿੰਘ ਮਾਨ ਅਤੇ ਸਮੂਹ ਮਾਨ ਪਰਿਵਾਰ




ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ



ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ




ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

# Singh

Semiconductors

Semiconductors, Inc, 1501 Fulton Place, Fremont, CA 94539

**Tel. : 510-490-4900**


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
ਸਵਰਗੀ ਸ਼ਿਵਰਾਜ ਸਿੰਘ ਸੰਘੇੜਾ
ਦੀ ਨਿੱਘੀ ਯਾਦ ਵਿਚ
ਜਥੇਦਾਰ ਸੱਜਣ ਸਿੰਘ ਸੰਘੇੜਾ
ਸ੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ
ਉਨ੍ਹਾਂ ਦੇ ਵੀਰ ਸ੍ਰ. ਜੇ.ਪੀ. ਸਿੰਘ ਲਾਲੀ




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਮੁਲਤਾਨੀ ਬ੍ਰਦਰਜ਼
ਸ੍ਰ. ਨਿਰੰਜਨ ਸਿੰਘ ਮੁਲਤਾਨੀ,
ਸ੍ਰ. ਯਾਦਵਿੰਦਰ ਸਿੰਘ ਮੁਲਤਾਨੀ
ਅਤੇ ਸ੍ਰ. ਕੁਲਵਿੰਦਰ ਸਿੰਘ ਮੁਲਤਾਨੀ




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



## ਗਿੱਲ ਬ੍ਰਦਰਜ਼

ਸ੍ਰ. ਮਹਿੰਦਰ ਸਿੰਘ ਗਿੱਲ
ਸ੍ਰ. ਸੁਖਵਿੰਦਰ ਸਿੰਘ ਗਿੱਲ
ਸ੍ਰ. ਸੁਖਤੇਜ ਸਿੰਘ ਗਿੱਲ




ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ



ਸ੍ਰ. ਕੁਲਦੀਪ ਸਿੰਘ ਭੰਗੂ, ਸ੍ਰ. ਜੱਗ ਸਿੰਘ ਭੰਗੂ, ਸ੍ਰ. ਗੁਲਬਾਗ ਸਿੰਘ ਭੰਗੂ

ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ



ਦਸਾਂ ਪਾਤਸ਼ਾਹੀਆਂ ਦੀ ਜਾਗਦੀ
ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

# A&I Trucking Co.

123 E. Lee Road Watsonville, CA

## Ph: 931-247-4637







ਅਮੋਲਕ ਸਿੰਘ ਗਾਖਲ | ਇਕਬਾਲ ਸਿੰਘ ਗਾਖਲ | ਪਲਵਿੰਦਰ ਸਿੰਘ ਗਾਖਲ

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ











Gurvinder Singh Gakhal | Paramvir Singh Gakhal | Jaskaran Singh Gakhal | Karamvir Singh Gakhal | Amarvir Singh Gakhal

# ਗਾਖਲ ਬ੍ਰਦਰਜ਼

ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ




## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



**ਸ੍ਰ. ਸੁਚਖੈਨ ਸਿੰਘ ਬੱਚਾਜੀਵੀ ਬੇਗੋਵਾਲ,**
**ਸ੍ਰ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ**
**ਅਤੇ ਸਮੂਹ ਬੱਚਾਜੀਵੀ ਪਰਿਵਾਰ**

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ
ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ







ਸਾਬਕਾ ਪ੍ਰਧਾਨ ਮੰਤਰੀ ਸਵ. ਡਾ. ਮਨਮੋਹਨ ਸਿੰਘ ਦੇ ਨਾਲ ਯਾਦਗਾਰੀ ਤਸਵੀਰਾਂ



## ਕਮਿਊਨਟੀ ਦੇ ਨਿਸ਼ਕਾਮ ਸੇਵਾਦਾਰ

# ਡਾ.ਜਸਪਾਲ ਸਿੰਘ ਸੈਣੀ

## ਨਾਰਥ ਰਿਜ਼ ਕੈਲੀਫੋਰਨੀਆ

# ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥




ਇਕਬਾਲ ਸਿੰਘ ਪੁੜੈਣ
ਲੈਕਚਰਾਰ ਕਾਮਰਸ
8872897500

ਗੁਰਬਾਣੀ ਭਵਿੱਖ ਦਾ ਚਾਨਣ ਹੈ, ਗੁਰਬਾਣੀ ਸਾਨੂੰ ਜਿਉਣਾ ਸਿਖਾਉਂਦੀ ਹੈ। ਗੁਰਬਾਣੀ ਜੀਵਨ ਦੇ ਹਰ ਖੇਤਰ ਵਿੱਚ ਸਹਾਈ ਹੈ। ਗੁਰਬਾਣੀ ਦੇ ਪ੍ਰਕਾਸ਼ ਵਿੱਚ ਵਿਕਾਰਾਂ ਦੀ ਧੁੰਧ ਤੇ ਅੰਧ ਵਿਸ਼ਵਾਸ ਦੂਰ ਹੋ ਜਾਂਦੇ ਹਨ। ਗੁਰਬਾਣੀ ਸਾਡੇ ਸੁੱਤੇ ਮਨ ਨੂੰ ਜਗਾ ਕੇ ਭਾਣਾ ਮੰਨਣਾਂ, ਸਬਰ ਤੇ ਸੰਤੋਖ ਦ੍ਰਿੜ ਕਰਵਾ ਨਾਮ ਸਿਮਰਨ ਦੇ ਰੂਹਾਨੀਅਤ ਮਾਰਗ ਤੇ ਚਲਦਿਆਂ ਮਨ ਨੂੰ ਅਕਾਲਪੁਰਖ ਨਾਲ ਇੱਕ ਮਿੱਕ ਕਰਦੀ ਹੈ। ਗੁਰਬਾਣੀ ਸਮੁੱਚੇ ਜੀਵਨ, ਸਰੀਰਕ ਮੌਤ ਸਮੇਂ ਅਤੇ ਮੌਤ ਤੋਂ ਬਾਅਦ ਵੀ ਸਹਾਈ ਹੈ ਭਾਵੇਂ ਸੌ ਚੰਦਰਮਾਂ ਤੇ ਹਜ਼ਾਰ ਸੂਰਜ ਵੀ ਚੜ੍ਹ ਜਾਣ ਤਾਂ ਵੀ ਗੁਰੂ ਦੇ ਬਖ਼ਸ਼ੇ ਗਿਆਨ ਤੋਂ ਬਿਨਾ ਜੀਵਨ ਵਿੱਚ ਵਿਕਾਰਾਂ ਦੀ ਧੁੰਧ ਤੇ ਅੰਧਕਾਰ ਰਹੇਗਾ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿੱਚ, ਗੁਰਬਾਣੀ ਨੂੰ ਪੜ੍ਹਨ, ਸੁਣਨ ਤੇ ਕਮਾਉਣ ਨਾਲ ਭਵਿੱਖ ਉਜਵਲ ਹੋਵੇਗਾ।

ਗੁਰਬਾਣੀ ਸਾਨੂੰ ਦੋ ਰਸਤਿਆਂ ਦਾ ਗਿਆਨ ਕਰਵਾਉਂਦੀ ਹੈ ਇਕ ਧਾਤ ਦਾ ਰਸਤਾ ਤੇ ਦੂਸਰਾ ਲਿਵ ਦਾ ਰਸਤਾ। ਧਾਤ ਦਾ ਮਾਰਗ ਅਕਾਲਪੁਰਖ ਤੋਂ ਵਿਛੋੜਦਾ ਤੇ ਲਿਵ ਦਾ ਮਾਰਗ ਅਕਾਲਪੁਰਖ ਨਾਲ ਜੋੜਦਾ। ਧਾਤ ਦਾ ਰਸਤਾ ਰੂਹਾਨੀਅਤ ਦੀ ਰੁਕਾਵਟ ਹੈ, ਇਹ ਤਮੋ ਗੁਣਾਂ ਵਾਲਾ ਮਾਰਗ ਹੈ। ਜਦੋਂ ਜੀਵ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜੇ ਵਿਕਾਰਾਂ ਦੀ ਦਲਦਲ ਵਿੱਚ ਉਲਝਦਾ ਹੈ ਤਾਂ ਇਹ ਧਾਤ ਮਾਰਗ ਹੈ। ਦੂਸਰਾ ਰਾਸਤਾ ਹੈ ਲਿਵ ਦਾ ਮਾਰਗ ਜੋ ਸਤੋ ਗੁਣਾਂ ਧਰਮ ਤੇ ਚਲਦਿਆਂ ਅਕਾਲਪੁਰਖ ਨਾਲ ਜੋੜਦਾ ਹੈ। ਇਹ ਸੰਤ ਮਾਰਗ ਭਾਵ ਧਰਮ ਦੀ ਪਉੜੀ ਹੈ। ਲਿਵ ਤੇ ਧਾਤ ਦੋਨੋਂ ਮਾਰਗ ਮਾਲਕ ਦੇ ਹੁਕਮ ਵਿੱਚ ਹਨ। ਅਕਾਲਪੁਰਖ ਨੇ ਮਨੁੱਖ ਨੂੰ ਚੌਰਾਸੀ ਲੱਖ ਜੂਨਾਂ ਵਿੱਚ ਉੱਤਮ ਬਣਾਇਆ , ਮਨੁੱਖ ਨੂੰ ਸ਼੍ਰੇਸ਼ਟ ਬੁੱਧੀ ਬਖ਼ਸ਼ਿਸ਼ ਕੀਤੀ ਤਾਂ ਕਿ ਸਹੀ ਗਲਤ ਦੀ ਚੋਣ ਕਰ ਸਕੇ। ਧਾਤ ਦੇ ਰਾਸਤੇ ਚੱਲਣ ਵਾਲੇ ਜੀਵ ਅਮੋਲਕ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ ਤੇ ਲਿਵ ਦੇ ਮਾਰਗ ਚੱਲਣ ਵਾਲੇ ਜੀਵ ਲਾਹਾ ਖੱਟ ਜਾਂਦੇ ਹਨ।

ਗੁਰਬਾਣੀ ਸਾਨੂੰ ਮਨ ਦੇ ਨਾਲ ਨਾਲ ਸਰੀਰ ਅਰੋਗਤਾ ਦਾ ਵੀ ਅਥਾਹ ਗਿਆਨ ਬਖ਼ਸ਼ਿਸ਼ ਕਰਦੀ ਹੈ, ਸਾਡੀ ਖੁਰਾਕ, ਸਾਡਾ ਰਹਿਣ ਸਹਿਣ, ਸਰੀਰਕ ਸਫ਼ਾਈ ਆਦਿ ਦਾ ਗਿਆਨ ਬਖ਼ਸ਼ਿਸ਼ ਕਰਦੀ ਹੈ। ਪੌਣ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਤਾਂ ਕਿ ਅਸੀਂ ਇਨਾਂ ਦੀ ਮਹੱਤਤਾ ਨੂੰ ਸਮਝ ਸਕੀਏ। ਜਦੋਂ ਹਵਾ, ਪਾਣੀ, ਮਿੱਟੀ ਪ੍ਰਦੂਸ਼ਿਤ ਹੁੰਦੀ ਹੈ ਤਾਂ ਭਿਆਨਕ ਰੋਗ ਉਤਪੰਨ ਹੁੰਦੇ ਹਨ। ਲੋੜ ਤੋਂ ਵੱਧ ਖਾਣਾ, ਤੇ ਤਾਮਸੀ ਭੋਜਨ ਸਾਡੇ ਮਨ ਵਿੱਚ ਵਿਕਾਰ ਪੈਦਾ ਕਰਦੇ ਹਨ ਤੇ ਦੁੱਖ ਦਾ ਕਾਰਣ ਬਣਦੇ ਹਨ। ਤਾਮਸੀ ਭੋਜਨ ਮਨ ਵਿੱਚ ਵਿਕਾਰ ਪੈਦਾ ਕਰਦੇ ਹਨ ਇਸ ਲਈ ਸਾਤਵਿਕ ਭੋਜਨ ਹੀ ਛਕੀਏ। ਗੁਰਮੁਖਾਂ ਨੂੰ ਲੋੜ ਅਨੁਸਾਰ ਸਾਤਵਿਕ ਭੋਜਨ ਛਕਣਾ ਚਾਹੀਦਾ ਹੈ। ਖਾਣੇ ਦੇ ਨਾਲ ਨਾਲ ਸਹੀ ਪਹਿਨਣ ਦਾ ਵੀ ਵਰਨਣ ਕੀਤਾ ਗਿਆ ਹੈ।

ਗੁਰਬਾਣੀ ਸਾਨੂੰ ਨਿਰਾਸ਼ਤਾ ਦੇ ਘੋਰ ਅੰਧਕਾਰ ਤੋਂ ਬਾਹਰ ਕੱਢਦੀ ਹੈ। ਅਸੀਂ ਜੀਵਨ ਵਿੱਚ ਕਈ ਵਾਰ ਜਾਣੇ ਅਣਜਾਣੇ ਗਲਤੀਆਂ ਕਰ ਜਾਂਦੇ ਹੈ ਜਿਸ ਦਾ ਝੋਰਾ ਸਾਨੂੰ ਅੰਦਰੋਂ ਅੰਦਰੀਂ ਖਾਈ ਜਾਂਦਾ ਹੈ। ਸਾਨੂੰ ਲਗਦੈ ਅਸੀਂ ਖੋਟੇ ਕਰਮਾਂ ਵਾਲੇ ਹਾਂ, ਅਸੀਂ ਅਪਰਾਧੀ ਹਾਂ ਸਾਡਾ ਜੀਵਨ ਨਰਕ ਬਣ ਗਿਆ ਹੈ। ਗੁਰਬਾਣੀ ਖੋਟਿਆਂ ਨੂੰ ਵੀ ਖਰਾ ਬਣਾਉਂਦੀ ਹੈ। ਜਦੋਂ ਜੀਵ ਪਰਮਾਤਮਾ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਆਪਣੇ ਮਾੜੇ ਕਰਮਾਂ ਤੋਂ ਤੋਬਾ ਕਰਦਾ ਤੇ ਗੁਰੂ ਜੀ ਦੀ ਸ਼ਰਣ ਵਿੱਚ ਬਾਣੀ ਸੰਗ ਜੁੜਦਾ ਤਾਂ ਖੋਟਿਓ ਖਰਾ ਹੋ ਜਾਂਦਾ ਹੈ।

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬੀ ਜੋਤ ਹੈ ਜੋ ਮਨ ਨੂੰ ਪ੍ਰਕਾਸ਼ਮਾਨ ਕਰ ਵਿਕਾਰਾਂ ਦੀ ਧੁੰਧ ਲਾਹ ਦਿੰਦੀ ਹੈ। ਦਸ ਗੁਰੂ ਸਾਹਿਬਾਨਾਂ ਦੇ ਨਾਂ ਅਤੇ ਸਰੀਰ ਭਾਵੇਂ ਵੱਖਰੇ ਵੱਖਰੇ ਸਨ ਪਰ ਜੋਤ ਇੱਕ ਹੈ। ਦਸਾਂ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਵੀ ਇਕੋ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਛੱਤੀ ਮਹਾਂਪੁਰਖਾ ਦੀ ਬਾਣੀ ਹੈ ਜੋ ਰੱਬ ਨਾਲ ਜੋੜਦੀ ਹੈ। ਚੰਗਾ ਜੀਵਨ ਜਿਉਣ ਲਈ ਬਹੁਤ ਵਿਧੀਆਂ ਹਨ ਜੋ ਕੇਵਲ ਜਿਉਂਦੇ ਰਹਿਣ ਤੱਕ ਹੀ ਮੱਦਦਗਾਰ ਹਨ ਪਰ ਗੁਰਬਾਣੀ ਅਨੁਸਾਰ ਜੀਵਨ ਜਿਉਣਾ, ਸੇਵਾ ਸਿਮਰਨ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ, ਮਨ ਵਿੱਚ ਸ਼ੀਤਲਤਾ ਆਉਂਦੀ ਹੈ ਭਾਵ ਮਨ ਵਿੱਚ ਕੋਈ ਕਲੇਸ਼ ਨਹੀਂ ਰਹਿੰਦਾ।

ਗੁਰਬਾਣੀ ਸਾਨੂੰ ਭਵਿੱਖ ਦੀ ਹਰ ਚਣੌਤੀ ਲਈ ਤਿਆਰ ਕਰਦੀ ਹੈ। ਗੁਰਬਾਣੀ ਤਰਕ ਅਧਾਰਿਤ ਹੈ। ਗੁਰਬਾਣੀ ਵਿਗਿਆਨਾਂ ਦਾ ਵਿਗਿਆਨ ਹੈ। ਹੁਣ ਤਾਂ ਵਿਗਿਆਨ ਵੀ ਗੁਰਬਾਣੀ ਤੋਂ ਸੇਧ ਲੈਂਦੇ ਹਨ। ਗੁਰਬਾਣੀ ਖੋਜ ਦਾ ਮਾਰਗ ਹੈ। ਸਭ ਖੰਡ ਬ੍ਰਹਿਮੰਡ ਪਿੰਡੇ ਵਿੱਚ ਮੌਜੂਦ ਹਨ, ਜੋ ਵੀ ਖੋਜਦਾ ਸਭ ਖਜ਼ਾਨੇ ਪ੍ਰਾਪਤ ਹੁੰਦੇ ਹਨ। ਰੂਹਾਨੀਅਤ ਜੰਗਲਾਂ ਵਿੱਚ ਭਟਕਣ ਤੇ ਪਹਾੜਾਂ ਵਿੱਚ ਜਾਣ ਨਾਲੋਂ ਘਰ ਪਰਿਵਾਰ ਵਿੱਚ ਜਿੰਮੇਵਾਰੀ ਨਿਭਾਉਂਦਿਆਂ ਆਪਣੀ ਕਾਇਆ ਭਾਵ ਮਨ ਨੂੰ ਖੋਜਣ ਦਾ ਵਿਸ਼ਾ ਹੈ। ਜਿਵੇਂ ਕਮਲ ਦਾ ਫੁੱਲ ਰਹਿੰਦਾ ਪਾਣੀ ਵਿੱਚ ਹੈ ਪਰ ਰਹਿੰਦਾ ਚਿੱਕੜ ਤੋਂ ਨਿਰਲੇਪ ਹੈ, ਮੁਰਗਾਬੀ ਰਹਿੰਦੀ ਪਾਣੀ ਵਿੱਚ ਹੈ ਪਰ ਖੰਭਾਂ ਨੂੰ ਭਿੱਜਣ ਨਹੀਂ ਦਿੰਦੀ ਉਸੇ ਤਰ੍ਹਾਂ ਪੂਰੇ ਗੁਰੂ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਗੁਰਮੁਖ ਗ੍ਰਹਿਸਥੀ ਹੁੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿ ਰੱਬੀ ਰੰਗਾਂ ਵਿੱਚ ਰੰਗੇ ਰਹਿੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸ਼ਮੇਸ਼ ਪਿਤਾ ਜੀ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬੱਤ ਦਾ ਗੁਰੂ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਛੱਤੀ ਮਹਾਂਪੁਰਖਾਂ ਦੀ ਬਾਣੀ ਸਾਨੂੰ ਜੀਵਨ ਜਾਚ ਸਿਖਾਉਂਦੀ ਹੈ ਅਤੇ ਮਨ ਨੂੰ ਅਕਾਲਪੁਰਖ ਨਾਲ ਜੋੜਦੀ ਹੈ। ਕਲਯੁਗ ਦੇ ਸਮੇਂ ਅੰਦਰ ਕਾਲ ਵੱਸ ਦੇਹਧਾਰੀ ਗੁਰੂ ਖੁੰਭਾਂ ਵਾਂਗ ਉੱਗ ਰਹੇ ਹਨ ਜਿਨ੍ਹਾਂ ਵਿੱਚੋਂ ਜਿਆਦਾਤਰ ਮਾਇਆ ਦੇ ਗੁਲਾਮ ਤੇ ਭੋਲੀ ਭਾਲੀ ਜਨਤਾ ਨੂੰ ਆਪਣੇ ਨਾਲ ਜੋੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਨੂੰ ਲੋਕ ਤੇ ਪ੍ਰਲੋਕ ਦੇ ਸੁੱਖ ਬਖ਼ਸ਼ਿਸ਼ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨਾਂ ਵਿੱਚ ਪ੍ਰਕਾਸ਼ ਕਰ ਔਗੁਣਾਂ ਨੂੰ ਧੂਅ ਬਾਹਰ ਕੱਢਦੀ ਹੈ। ਗੁਰਬਾਣੀ ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ । ਪਾਰਸ ਵੀ ਲੋਹੇ ਨੂੰ ਸੋਨਾ ਬਣਾਉਂਦੇ ਨਾ ਕਿ ਪਾਰਸ ਪਰ ਪੂਰਨ ਗੁਰੂ ਇਕ ਰੂਹਾਨੀ ਦੀਪਕ ਹੈ ਜੋ ਰੂਹਾਂ ਨੂੰ ਜਗਾ ਆਪਣੇ ਵਰਗਾ ਹੀ ਬਣਾਉਂਦਾ ਹੈ।

ਸ੍ਰਿਸ਼ਟੀ ਵਿੱਚ ਔਰਤ ਦਾ ਅਹਿਮ ਯੋਗਦਾਨ ਹੈ। ਬਿਨਾ ਇਸਤਰੀ ਤੋਂ ਸ਼੍ਰਿਸ਼ਟੀ ਨਹੀਂ ਚੱਲ ਸਕਦੀ। ਭਾਵੇਂ ਕਿ ਲੜਕਾ ਜਾਂ ਲੜਕੀ ਦਾ ਪੈਦਾ ਹੋਣ ਲਈ ਇਸਤਰੀ ਜਿੰਮੇਵਾਰ ਨਹੀਂ ਪਰ ਫਿਰ ਵੀ ਅਗਿਆਨਤਾ ਵੱਸ ਮਰਦ ਪ੍ਰਧਾਨ ਸਮਾਜ ਅੰਦਰ ਔਰਤ ਨੂੰ ਦੋਸ਼ੀ ਸਮਝਿਆ ਜਾਂਦਾ ਹੈ। ਪੁਰਾਤਨ ਸਮੇਂ ਇਸਤਰੀ ਜਾਤੀ ਨੂੰ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ। ਗੁਰਬਾਣੀ ਨੇ ਇਸਤਰੀ ਜਾਤੀ ਨੂੰ ਮਾਣ ਸਨਮਾਨ ਸਤਿਕਾਰ ਬਖ਼ਸ਼ਿਆ।

ਗੁਰਬਾਣੀ ਉਚ ਨੀਚ, ਛੂਤ ਛਾਤ , ਕਾਣੀ ਵੰਡ ਤੇ ਜਾਤ ਪਾਤ ਆਦਿ ਦੇ ਭੇਦਭਾਵ ਨੂੰ ਨਹੀਂ ਮੰਨਦੀ ਸਗੋਂ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ। ਜੋ ਸਾਨੂੰ ਮਾਲਕ ਨੇ ਬਖ਼ਸ਼ਿਸ਼ ਕੀਤਾ ਰਲਮਿਲ ਕੇ ਖਾਣ ਦਾ ਉਪਦੇਸ਼ ਦਿੱਤਾ। ਸਾਨੂੰ ਗਿਆਨ ਤੇ ਦੁਨਿਆਵੀ ਪਦਾਰਥ ਇਕ ਦੂਸਰੇ ਨੂੰ ਵੰਡਣੇ ਚਾਹੀਦੇ ਹਨ। ਰੂਹਾਨੀ ਗਿਆਨ ਜਿੰਨਾਂ ਵੰਡੋਗੇ ਉਨਾਂ ਹੀ ਵਧੇਗਾ। ਵੰਡ ਕੇ ਛਕਣ ਨਾਲ ਕਦੇ ਵੀ ਤੋਟ ਨਹੀਂ ਆਉਂਦੀ। ਜੋ ਜੀਵ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਕਮਾਈ ਵਿੱਚੋਂ ਦਾਨ ਪੁੰਨ ਕਰਦੇ ਹਨ ਸਮਝੋ ਧਰਮ ਦੀ ਪਉੜੀ ਤੇ ਸਵਾਰ ਹਨ।

ਰਾਜਨੀਤੀ ਦਾ ਹਰ ਦੇਸ਼ ਅੰਦਰ ਅਹਿਮ ਸਥਾਨ ਹੈ। ਰਾਜਨੀਤੀ ਬਗੈਰ ਦੇਸ਼ ਦੀ ਹੋਂਦ ਸੰਭਵ ਨਹੀਂ। ਗੁਰਬਾਣੀ ਹਲੇਮੀ ਰਾਜ ਦੀ ਹਾਮੀ ਹੈ ਜਿਸ ਰਾਹੀਂ ਸਭਨਾਂ ਦੀ ਭਲਾਈ ਹੋਵੇ। ਰਾਜਨੀਤੀ ਮਾੜੀ ਨਹੀਂ ਪਰ ਜਦੋਂ ਰਾਜਨੀਤੀ ਵਿੱਚ ਦਵੈਤ , ਹਉਮੈ ਅਹੰਕਾਰ ਤੇ ਜ਼ੁਲਮ ਆ ਜਾਣ ਤਾਂ ਘਾਤਕ ਹੈ। ਗੁਰਬਾਣੀ ਅਨੁਸਾਰ ਜੋ ਰਾਜੇ ਰਾਜ ਭਾਗ ਪਾ ਕੇ ਹਉਮੈ ਅਹੰਕਾਰ ਅੰਦਰ ਜਨਤਾ ਤੇ ਜ਼ੁਲਮ ਢਾਹੁੰਦੇ ਹਨ, ਜੋ ਇਨਸਾਫ਼ ਤੋਂ ਆਕੀ ਹੋ ਗਏ ਹਨ ਉਹ ਨਰਕਾਂ ਦੇ ਭਾਗੀ ਹਨ ਤੇ ਕੁੱਤੇ ਦੀ ਜੂਨ ਪੈਂਦੇ ਹਨ।

ਗੁਰਬਾਣੀ ਨਸ਼ਿਆਂ ਦਾ ਤਿਆਗ ਕਰ ਸੱਚ ਦੇ ਮਾਰਗ ਚੱਲਣ ਦਾ ਉਪਦੇਸ਼ ਬਖ਼ਸ਼ਦੀ ਹੈ। ਨਸ਼ਾ ਚਾਹੇ ਸੱਤਾ ਦਾ ਹੋਵੇ ਭਾਵੇਂ ਦੁਨਿਆਵੀ ਪਦਾਰਥਾਂ ਦਾ ਤਬਾਹੀ ਕਰਦਾ ਹੈ। ਅੱਜ ਦੀ ਪੀੜੀ ਨਸ਼ਿਆਂ ਦੀ ਅੱਗ ਵਿੱਚ ਝੁਲਸਦੀ ਜਾ ਰਹੀ ਹੈ। ਨਸ਼ੇ ਸਰੀਰਕ, ਆਰਥਿਕ ਤੇ ਮਾਨਸਿਕ ਹਰ ਪੱਧਰ ਲਈ ਨੁਕਸਾਨਦੇਹ ਹਨ। ਨਸ਼ੇ ਘਰ ਪਰਿਵਾਰ ਦੀਆਂ ਨੀਹਾਂ ਹਿਲਾ ਦਿੰਦੇ ਹਨ, ਹੱਸਦੇ ਖੇਡਦੇ ਪਰਿਵਾਰ ਬਿਖਰ ਜਾਂਦੇ ਹਨ। ਨਸ਼ੇ ਰੂਹਾਨੀਅਤ ਦੇ ਰਾਸਤੇ ਦੀ ਰੁਕਾਵਟ ਹਨ। ਨਸ਼ੇ ਅਨੇਕਾਂ ਅਪਰਾਧਾਂ ਨੂੰ ਜਨਮ ਦਿੰਦੇ ਹਨ। ਜੋ ਜੀਵ ਗੁਰਬਾਣੀ ਦਾ ਪੱਲਾ ਫੜਦੇ ਹਨ, ਗੁਰਬਾਣੀ ਪੜ੍ਹਦੇ, ਸੁਣਦੇ ਤੇ ਕਮਾਉਂਦੇ ਹਨ ਜ਼ਿੰਦਗੀ ਦੀ ਬਾਜ਼ੀ ਜਿੱਤ ਜਾਂਦੇ ਹਨ।

ਗੁਰਬਾਣੀ ਨੇ ਸਾਨੂੰ ਅੰਧਵਿਸ਼ਵਾਸ ਤੇ ਵਿਅਰਥ ਦੇ ਕਰਮ ਕਾਂਡਾਂ ਤੋਂ ਬਾਹਰ ਕੱਢਿਆ। ਵਿਅਰਥ ਕਰਮ ਕਾਂਡ ਤੇ ਅੰਧਵਿਸ਼ਵਾਸ ਦੀ ਦਲਦਲ ਵਿੱਚ ਧਸਿਆ ਜੀਵ ਰੂਹਾਨੀਅਤ ਦੇ ਮਾਰਗ ਤੋਂ ਦੂਰ ਹੋ ਜਾਂਦਾ ਹੈ। ਗੁਰਬਾਣੀ ਨੇ ਬਰਤ, ਟੂਣੇ ਟਾਮਣ, ਦਿਨ ਵਾਰ , ਤਰੀਕਾਂ ਆਦਿ ਨਾਲ ਜੁੜੇ ਅੰਧਵਿਸ਼ਵਾਸਾਂ ਦਾ ਖੰਡਨ ਕੀਤਾ। ਜੀਵਾਂ ਦੀਆਂ ਅੱਖਾਂ ਤੋਂ ਅੰਧਵਿਸ਼ਵਾਸ ਦੀ ਪੱਟੀ ਉਤਾਰ ਸੱਚ ਦੇ ਮਾਰਗ ਤੋਰਿਆ। ਗੁਰਬਾਣੀ ਨੇ ਤਰਕ ਅਧਾਰਿਤ ਨਾਟਕੀ ਢੰਗਾਂ ਨਾਲ ਸਮਝਾ ਜੀਵਾਂ ਨੂੰ ਸਿੱਧੇ ਰਾਸਤੇ ਪਾਇਆ।

ਗੁਰਬਾਣੀ ਨੇ ਨਿਸ਼ਕਾਮ ਸੇਵਾ ਦਾ ਸੰਕਲਪ ਦ੍ਰਿੜ ਕਰਵਾਇਆ। ਸੇਵਾ ਨਾਲ ਮਨ ਦੀ ਹਉਮੈ ਰੂਪੀ ਮੈਲ ਦੂਰ ਹੁੰਦੀ ਹੈ ਤੇ ਮਨ ਨਿਰਮਲ ਹੋ ਰੂਹਾਨੀਅਤ ਦੇ ਮਾਰਗ ਚਲਦਾ ਹੈ। ਤਨ ਮਨ ਧਨ ਦੀ ਸੇਵਾ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਸੇਵਾ ਭਾਵਨਾ ਨਾਲ ਮਨ ਨੂੰ ਖੁਸ਼ੀ ਅਨੰਦ ਸੰਤੁਸ਼ਟੀ ਮਿਲਦੀ ਹੈ। ਮਨ ਚਿੱਤ ਲਾ ਹਿਰਦੇ ਤੋਂ ਹੋਈ ਸਤਿਗੁਰੂ ਜੀ ਦੀ ਸੇਵਾ ਸਫ਼ਲ ਹੈ ਜਿਸ ਨਾਲ ਸਦੀਵੀ ਸੁੱਖ ਅਨੰਦ ਪ੍ਰਾਪਤ ਹੁੰਦਾ।

ਜ਼ਿੰਦਗੀ ਦੁੱਖਾਂ ਸੁੱਖਾਂ ਦਾ ਸੰਮੇਲ ਹੈ, ਜ਼ਿੰਦਗੀ ਵਿੱਚ ਅਨੇਕਾਂ ਉਤਰਾਅ ਆਉਂਦੇ ਹਨ। ਸਮਾਂ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਅਰਦਾਸ ਦਾ ਸੰਕਲਪ ਦ੍ਰਿੜ ਕਰਵਾਉਂਦੇ ਹਨ। ਸਿੱਖ ਦੇ ਜੀਵਨ ਵਿੱਚ ਅਰਦਾਸ ਨਿਰੰਤਰ ਚਲਦੀ ਹੈ ਭਾਵ ਜਨਮ ਤੋਂ ਪਹਿਲਾਂ, ਜੀਵਨ ਭਰ, ਮੌਤ ਸਮੇਂ ਤੇ ਮੌਤ ਤੋਂ ਬਾਅਦ ਭਾਵ ਅਰਦਾਸ ਨਿਰੰਤਰ ਹੈ। ਸਿੱਖ ਦੁੱਖ ਸੁੱਖ, ਗਮੀ ਸ਼ੁਦੀ ਭਾਵ ਹਰ ਸਮੇਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹਨ। ਅਰਦਾਸ ਦਿਲ ਦੀ ਤਾਰ ਨੂੰ ਅਕਾਲਪੁਰਖ ਨਾਲ ਜੋੜਦੀ ਹੈ। ਅਰਦਾਸ ਡਿੱਗਦੇ ਨੂੰ ਸਹਾਰਾ ਬਲ ਪ੍ਰਦਾਨ ਕਰਦੀ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਦੇਸ਼ ਦਿੰਦੇ ਹਨ ਕਿ ਅਰਦਾਸ ਹਮੇਸ਼ਾ ਅਕਾਲਪੁਰਖ ਦਾ ਧਿਆਨ ਧਰਦਿਆਂ ਕਰੀਏ ਜਿਸਨੇ ਦਇਆ ਮਿਹਰ ਬਖ਼ਸ਼ਿਸ਼ ਕਰਕੇ ਸਾਨੂੰ ਇਨਸਾਨੀ ਜਾਮਾ ਬਖ਼ਸ਼ਿਸ਼ ਕੀਤਾ ਤੇ ਅਮੋਲਕ ਸਵਾਸ ਦੇ ਜ਼ਿੰਦਾ ਰੱਖ ਰਿਹਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਦੇਸ਼ ਦਿੰਦੇ ਹਨ ਕਿ ਦੁੱਖ ਸੁੱਖ ਦੋਵੇਂ ਕੱਪੜੇ ਹਨ ਜੋ ਕਰਮਾਂ ਅਨੁਸਾਰ ਸਾਨੂੰ ਮਿਲਦੇ ਹਨ। ਕਿਸੇ ਵੀ ਔਕੜ, ਬਿਮਾਰੀ ਜਾਂ ਹੋਰ ਤਕਲੀਫ਼ ਸਮੇਂ ਹੌਸਲਾ ਨਹੀਂ ਛੱਡਣਾ, ਸਾਰਥਕ ਯਤਨ ਕਰਦਿਆਂ ਵਾਹਿਗੁਰੂ ਜੀ ਦਾ ਓਟ ਆਸਰਾ ਲੈਣਾ ਚਾਹੀਦਾ ਹੈ। ਅਕਾਲਪੁਰਖ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਸੂਲੀ ਤੋਂ ਸੂਲ ਬਣਦਿਆਂ ਦੇਰ ਨਹੀਂ ਲਗਦੀ। ਵਾਹਿਗੁਰੂ ਜੀ ਦਾ ਨਾਮ ਸਿਮਰਨ ਹੀ ਸਾਰੇ ਦੁੱਖ ਕਲੇਸ਼ਾ ਦਾ ਇਲਾਜ ਹੈ ਸੋ ਵਾਹਿਗੁਰੂ ਜੀ ਦੀ ਕਿਰਪਾ ਨਦਰਿ ਨਾਲ ਕਰਮ ਸੁਕਰਮ ਬਣ ਜਾਂਦੇ ਹਨ ਜਿਸ ਨਾਲ ਦੁੱਖ ਰੋਗ ਪਾਪ ਕੱਟੇ ਜਾਂਦੇ ਹਨ।

ਗੁਰਬਾਣੀ ਸਾਨੂੰ ਜੋਗ ਸੰਬੰਧੀ ਗਿਆਨ ਬਖ਼ਸ਼ਿਸ਼ ਕਰਦੀ ਹੈ। ਕਹਿੰਦੇ ਹਨ ਜੋਗਾ ਦੀ ਸ਼ੁਰੂਆਤ ਭਾਰਤ ਤੋਂ ਹੋਈ ਤੇ ਅੱਜ ਦੁਨੀਆਂ ਦੇ ਹਰ ਕੋਨੇ ਪਹੁੰਚਿਆ। ਬਾਹਰੀ ਜੋਗ ਮਨ ਦੀ ਮੈਲ ਨਹੀਂ ਉਤਾਰ ਸਕਦੇ, ਰਿਧੀਆਂ ਸਿਧੀਆਂ ਨਾਲ ਹਉਮੈ ਲਿਆਉਂਦੇ ਹਨ। ਗੁਰਬਾਣੀ ਸਾਨੂੰ ਸੱਚੇ ਯੋਗ, ਸੁਰਤਿ ਸ਼ਬਦ ਦੇ ਯੋਗ ਦਾ ਗਿਆਨ ਬਖ਼ਸ਼ਿਸ਼ ਕਰਦੀ ਹੈ ਜੋ ਸਦੀਵੀ ਸੁੱਖ ਦਾ ਗਿਆਨ ਹੈ। ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਰੂਹਾਨੀਅਤ ਦੇ ਰਸਤੇ ਚਲਦਿਆਂ ਹੀ ਸੱਚਾ ਯੋਗ ਕਮਾਇਆ ਜਾ ਸਕਦਾ ਹੈ ਜੋ ਪਰਮਾਤਮਾ ਨਾਲ ਜੋੜਦਾ ਹੈ। ਰੂਹਾਨੀਅਤ ਦੇ ਯੋਗ ਨਾਲ ਮਨ ਨੂੰ ਲੱਗੀ ਹਉਮੈ ਦੀ ਮੈਲ ਉੱਤਰਦੀ ਹੈ ਤੇ ਮਨ ਨਿਰਮਲ ਹੋ ਤ੍ਰੈ ਗੁਣਾਂ ਤੋਂ ਉੱਪਰ ਉੱਠ ਚੌਥੇ ਪਦ ਵਿੱਚ ਉਡਾਰੀਆਂ ਮਾਰਦਾ ਹੈ ਤੇ ਪ੍ਰਭੂ ਚਰਨਾਂ ਵਿੱਚ ਸਦੀਵੀ ਸੁੱਖ ਆਨੰਦ ਪ੍ਰਾਪਤ ਕਰਦਾ।

ਗੁਰਬਾਣੀ ਸਾਨੂੰ ਮੰਗਣ ਦੀ ਜਾਚ ਸਿਖਾਉਂਦੀ ਹੈ। ਅਸੀਂ ਮੰਗਣਾਂ ਅਕਾਲਪੁਰਖ ਕੋਲੋਂ ਹੈ ਜਿਸ ਨੇ ਸਾਨੂੰ ਜਨਮ ਦਿੱਤਾ, ਜੋ ਸਵਾਸ ਦੇ ਕੇ ਜ਼ਿੰਦਾ ਰੱਖ ਰਿਹਾ ਹੈ, ਜਿਸ ਦੇ ਹੁਕਮ ਬਿਨਾ ਪੱਤਾ ਨਹੀਂ ਝੁਲਦਾ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਅਕਾਲਪੁਰਖ ਨਾਲ ਜੋੜਦੇ ਹਨ ਸੋ ਪੂਰੇ ਗੁਰੂ ਤੋਂ ਬਿਨਾ ਦਰ ਦਰ ਭਟਕਣ ਦੀ ਲੋੜ ਨਹੀਂ ਹੈ। ਸਾਰੀ ਸ੍ਰਿਸ਼ਟੀ ਤੇ ਪਦਾਰਥਾਂ ਦਾ ਕਰਤਾ ਅਕਾਲਪੁਰਖ ਹੈ ਸੋ ਸਾਡਾ ਸੀਸ ਹਮੇਸ਼ਾ ਪੂਰਨ ਗੁਰੂ ਸਨਮੁੱਖ ਅਕਾਲਪੁਰਖ ਨੂੰ ਹਾਜ਼ਰ ਨਾਜ਼ਰ ਧਿਆਨ ਧਰਦਿਆਂ ਝੁਕਣਾ ਚਾਹੀਦਾ ਹੈ। ਕਲਯੁਗੀ ਸੰਸਾਰ ਅੰਦਰ ਭਰਮ ਗਿਆਨੀਆਂ, ਅਸੰਤਾਂ ਤੇ ਡੰਮ ਗੁਰੂਆਂ ਦੀ ਭਰਮਾਰ ਹੈ ਜੋ ਜੀਵਾਂ ਨੂੰ ਆਪਣੇ ਨਾਲ ਜੋੜਦੇ ਹਨ, ਭੋਲੀ ਭਾਲੀ ਜਨਤਾ ਨੂੰ ਅੰਧਵਿਸ਼ਵਾਸ ਵਿੱਚ ਭਰਮਾ ਲੁੱਟਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਐਸੇ ਢੋਂਗੀ ਬਾਬਿਆਂ ਤੋਂ ਸੁਚੇਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚ ਦ੍ਰਿੜ ਕਰਵਾਉਂਦੇ ਹਨ, ਅਕੱਥ ਦਾ ਗਿਆਨ ਬਖ਼ਸ਼ਿਸ਼ ਕਰਦੇ ਹਨ, ਸੱਚੇ ਸ਼ਬਦ ਨਾਮ ਨਾਲ ਜੋੜਦੇ ਹਨ ਜਿਸ ਰਾਹੀਂ ਜੀਵ ਮਾਲਕ ਦੀ ਦਰਗਾਹ ਅੰਦਰ ਨਿਵਾਜੇ ਜਾਂਦੇ ਹਨ।

ਗੁਰਬਾਣੀ ਸਾਨੂੰ ਜੰਗਲਾਂ, ਪਹਾੜਾਂ, ਦੂਰ ਦੁਰਾਡਿਆਂ ਥਾਵਾਂ ਤੇ ਘਰ ਬਾਰ ਤਿਆਗ ਕੇ ਭਗਤੀ ਕਰਨ ਦਾ ਖੰਡਨ ਕਰਦੀ ਹੈ। ਗੁਰਬਾਣੀ ਅਨੁਸਾਰ ਗ੍ਰਿਹਸਥ ਧਰਮ ਦਾ ਪਾਲਣ, ਸੱਚੀ ਸੁੱਚੀ ਕਿਰਤ , ਨਾਮ ਜਪਣਾ, ਘਾਲ ਕਮਾਈ ਵਿੱਚੋਂ ਦਾਨ ਪੁੰਨ, ਪੂਰਨ ਗੁਰੂ ਜੀ ਦੀ ਸੰਗਤ ਵਿੱਚ ਸੇਵਾ ਸਿਮਰਨ ਦਾ ਉਪਦੇਸ਼ ਬਖ਼ਸ਼ਿਸ਼ ਕਰਦੀ ਹੈ ਜੋ ਧਰਮ ਦੀ ਪਉੜੀ ਹੈ ਜੋ ਅਕਾਲਪੁਰਖ ਦੇ ਦਰ ਜਾਂਦੀ ਹੈ।

ਜਦੋਂ ਅਸੀਂ ਕਿਸੇ ਨਾਲ ਛਲ ਕਪਟ ਕਰ ਹੱਕ ਮਾਰਦੇ ਹਾਂ, ਮਾੜੇ ਫਿੱਕੇ ਬੋਲ ਬੋਲਦੇ ਹਾਂ ਭਾਵ ਕਿਸੇ ਦਾ ਬੁਰਾ ਕਰਦੇ ਹਾਂ ਤਾਂ ਆਪ ਵੀ ਅਸ਼ਾਂਤ ਰਹਿੰਦੇ ਹਾਂ। ਭਾਈ ਲਾਲੋ ਜੀ ਤੇ ਮਲਕ ਭਾਗੋ ਦੀ ਕਥਾ ਤੋਂ ਸਪੱਸ਼ਟ ਹੈ ਕਿ ਮਾਲਕ ਜ਼ੁਲਮ ਪਾਪ ਨਾਲ ਨਹੀਂ ਸਗੋਂ ਕਿਰਤੀ , ਨਿਰਮਲ ਮਨ ਵਾਲਿਆਂ ਨਾਲ ਖੜਦਾ ਹੈ। ਦਿਲੋਂ ਮਿੱਠਾ ਬੋਲਣਾ, ਵਾਹਿਗੁਰੂ ਜੀ ਦੇ ਭੈ ਵਿੱਚ ਰਹਿ ਗੁਰਬਾਣੀ ਗੁਰੂ ਜੀ ਦੇ ਬਚਨਾ ਤੇ ਪਹਿਰਾ ਦੇਣ ਵਾਲੇ ਜਿੰਦਗੀ ਸਫ਼ਲ ਕਰ ਜਾਂਦੇ ਹਨ।

ਗੁਰਬਾਣੀ ਗੁਰੂ ਦਾ ਉਪਦੇਸ਼ ਹੈ ਨਾ ਕਿਸੇ ਨੂੰ ਭੈਅ ਦੇਣਾ ਅਤੇ ਨਾ ਹੀ ਕਿਸੇ ਦਾ ਭੈਅ ਮੰਨਣਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਤਾਂ ਜ਼ੁਲਮੀ ਰਾਜਿਆਂ ਨੂੰ ਕੁੱਤੇ ਤੱਕ ਆਖ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸ਼ਮੇਸ਼ ਪਿਤਾ ਜੀ ਨੇ ਜ਼ਫ਼ਰਨਾਮੇ ਰਾਹੀਂ ਉਪਦੇਸ਼ ਬਖ਼ਸ਼ਿਸ਼ ਕੀਤਾ ਕਿ ਜਦੋਂ ਸਮਝੌਤੇ ਦੇ ਸਾਰੇ ਹੀਲੇ ਵਸੀਲੇ ਖਤਮ ਹੋ ਜਾਣ ਤਾਂ ਜ਼ੁਲਮ ਅੱਗੇ ਸ਼ਮਸ਼ੀਰ ਉਠਾਉਣੀ ਜਾਇਜ਼ ਹੈ। ਗੁਰੂ ਦੇ ਸਿੱਖ ਨੇ ਜ਼ੁਲਮ ਅੱਗੇ ਢਾਲ ਬਣ ਕੇ ਖੜਨਾ ਹੈ। ਬਾਬਰ, ਜਹਾਂਗੀਰ ਤੇ ਔਰੰਗਜ਼ੇਬ ਆਦਿ ਰਾਜਿਆਂ ਦੇ ਜ਼ੁਲਮ ਅੱਗੇ ਗੁਰੂ ਸਾਹਿਬਾਨ ਤੇ ਗੁਰੂ ਦੇ ਸਿੱਖ ਚੜ੍ਹਦੀ ਕਲਾ' ਚ ਰਹੇ। ਅੱਜ ਜ਼ੁਲਮੀ ਰਾਜਿਆਂ ਦਾ ਨਾਮੋ ਨਿਸ਼ਾਨ ਮਿਟ ਗਿਆ ਹੈ ਤੇ ਖਾਲਸੇ ਦੇ ਨਿਸ਼ਾਨ ਸਾਰੀ ਦੁਨੀਆਂ ਵਿੱਚ ਝੂਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਲੋਕ ਪ੍ਰਲੋਕ ਦੇ ਸੁੱਖ ਨਾ ਪੈਸੇ ਨਾਲ, ਨਾ ਨ੍ਰਿਪ ਨਾਟੇ ਰੰਗ ਤਮਾਸ਼ਿਆਂ ਨਾਲ, ਦੁਨੀਆਂ ਦੇ ਪਦਾਰਥਾਂ ਵਿੱਚ ਖਚਿਤ ਹੋਣ ਨਾਲ ਅਤੇ ਨਾ ਹੀ ਅਨੇਕਾਂ ਦੇਸ਼ ਘੁੰਮਣ ਨਾਲ ਪ੍ਰਾਪਤ ਹੁੰਦੇ ਹਨ, ਸੱਚਾ ਤੇ ਸਦੀਵੀ ਸੁੱਖ ਕੇਵਲ ਤੇ ਕੇਵਲ ਸੱਚੇ ਨਾਮ ਵਿੱਚ ਹੀ ਹੈ ਜੋ ਪੂਰਨ ਗੁਰੂ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਸੰਸਾਰ ਨਾਸ਼ਵਾਨ ਹੈ, ਸੰਸਾਰ ਦੇ ਹਰ ਦੁਨਿਆਵੀ ਪਦਾਰਥ ਨਾਸ਼ਵਾਨ ਹਨ, ਸੰਸਾਰਿਕ ਪਦਾਰਥਾਂ ਦੀ ਖ਼ੁਸ਼ੀ ਚਾਰ ਦਿਨ ਦੀ ਹੀ ਹੈ, ਸੰਸਾਰਿਕ ਕੋਈ ਪਦਾਰਥ ਐਸਾ ਨਹੀਂ ਜੋ ਅੰਤ ਸਮੇਂ ਨਿਭ ਸਕੇ। ਗੁਰਬਾਣੀ ਗੁਰੂ ਜੀ ਦਾ ਉਪਦੇਸ਼ ਹੈ ਐਸੇ ਸੰਤਾਂ ਮਹਾਤਮਾਂ ਸਾਧੂਆ ਦਾ ਸੰਗ ਕਰਨਾ ਜੋ ਨਾਮ ਨਾਲ ਜੋੜਦੇ ਹਨ, ਨਾਮ ਅੰਤ ਸਮੇਂ ਤੇ ਦੇਹ ਛੱਡਣ ਤੋਂ ਬਾਅਦ ਵੀ ਸਹਾਈ ਹੈ।

ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ ਕਿ ਜਦੋਂ ਅੰਤ ਸਮੇਂ ਜਮ ਕਰਮਾਂ ਅਨੁਸਾਰ ਸਵਾਸਾਂ ਦੀ ਗੰਢ ਜਮ ਖੋਲਦੇ ਹਨ ਤਾਂ ਜੀਵ ਘਬਰਾ ਜਾਂਦਾ, ਬੇਨਤੀਆਂ ਕਰਦਾ ਕੁਝ ਸਮਾਂ ਬਖ਼ਸ਼ ਦਿਓ ਮੈਂ ਆਪਣੇ ਘਰਦਿਆਂ ਨੂੰ ਮਿਲ ਲਵਾਂ, ਉਹਨਾਂ ਨੂੰ ਸਮਝਾ ਦੇਵਾਂ ਤੇ ਜਮਾਂ ਨੂੰ ਵੀ ਦੁਨਿਆਵੀ ਸਮਝ ਲਾਲਚ ਦਿੰਦਾ ਪਰ ਉਸ ਸਮੇਂ ਸਿਵਾਏ ਪਛਤਾਵੇ ਤੋਂ ਕੁੱਝ ਵੀ ਹੱਥ ਨਹੀਂ ਆਉਂਦਾ। ਸਾਡੇ ਖੋਟੇ ਖਰੇ ਕਰਮਾਂ ਅਨੁਸਾਰ ਸਾਡਾ ਲੇਖਾ ਜੋਖਾ ਹੁੰਦਾ। ਮਾੜੇ ਕਰਮਾਂ ਵਾਲਿਆਂ ਨੂੰ ਘੋਰ ਦੁੱਖਾਂ ਦੇ ਸਾਹਮਣਾ ਕਰਨਾ ਪੈਂਦਾ। ਖੋਟੇ ਕਰਮਾਂ ਵਾਲੇ ਮਨਮੁਖ ਜੀਵ ਅਮੋਲਕ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ ਤੇ ਗੁਰਮੁਖ ਪੱਤ ਨਾਲ ਸਿਰ ਉੱਚਾ ਕਰ ਮਾਣ ਨਾਲ ਜਾਂਦੇ ਹਨ ਤੇ ਗੁਰਮੁਖਾਂ ਨੂੰ ਧਰਮਰਾਜਾ ਵੀ ਸਤਿਕਾਰ ਨਾਲ ਭੇਟ ਦੇ ਮਿਲਦਾ ਹੈ। ਜਿਹੜੇ ਜੀਵ ਸਤੋਗੁਣੀ ਵਿਚਰਦਿਆਂ ਸਾਰਾ ਜੀਵਨ ਪੂਰਨ ਸਤਿਗੁਰੂ ਜੀ ਦੀ ਸ਼ਰਣ ਵਿੱਚ ਨਾਮ ਸਿਮਰਨ ਵਿੱਚ ਗੁਜ਼ਾਰਦੇ ਹਨ ਸ਼ੋਭਾ ਪਾਉਂਦੇ ਹਨ, ਵਾਹਿਗੁਰੂ ਜੀ ਵੱਲੋਂ ਨਿਵਾਜ਼ੇ ਜਾਂਦੇ ਹਨ।

ਸੋ ਗੁਰਬਾਣੀ ਸਾਡੇ ਭਵਿੱਖ ਦਾ ਚਾਨਣ ਹੈ ਜਿਸਦੀ ਅਪਾਰ ਦਇਆ ਮਿਹਰ ਬਖ਼ਸ਼ਿਸ਼ ਨਾਲ, ਜਿਸ ਦੇ ਦਰਸਾਏ ਮਾਰਗ ਤੇ ਚਲਦਿਆਂ ਲੋਕ ਪ੍ਰਲੋਕ ਦੇ ਸੁੱਖ ਭੋਗਾਂਗੇ ਤੇ ਮਨੁੱਖਾ ਜਨਮ ਦਾ ਲਾਹਾ ਲੈਂਦਿਆ ਜਿੰਦਗੀ ਦੀ ਬਾਜ਼ੀ ਜਿੱਤ ਕੇ ਆਪਣੇ ਅਸਲੀ ਘਰ ਬੇਗਮਪੁਰੇ ਦੇ ਵਾਸੀ ਬਣ ਜਾਵਾਂਗੇ ਤੇ ਸਦੀਵੀ ਆਨੰਦ ਅਵਸਥਾ ਨੂੰ ਪ੍ਰਾਪਤ ਕਰ ਲਵਾਂਗੇ। ਭੁੱਲ ਚੁੱਕ ਲਈ ਗੁਰੂ ਤੇ ਸੰਗਤ ਮਾਫ਼ ਕਰਨਾ ਜੀ।

# ਵਿਸ਼ਵ ਦਾ ਨਿਰਾਲਾ ਗ੍ਰੰਥ-ਗੁਰੂ ਗ੍ਰੰਥ ਸਾਹਿਬ ਜੀ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ। ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ।

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ--

ਭਿੰਨ ਪ੍ਰਕਾਰ ਦਾ ਜੁਦਾ, ਜੁਦੀ, 'ਭਗਤਾ ਕੀ ਚਾਲ ਨਿਰਾਲੀ' (ਅਨੰਦ) ੨ ਏਕਾਂਤ ੩ ਵਿਲੱਖਣ ਅਜੀਬ ੪ ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵੀਤਯ (ਅਦੁੱਤੀ)

ਸੋ ਨਿਰਾਲਾ ਦਾ ਭਾਵ ਹੈ, ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ? ਆਓ ਵਿਚਾਰ ਕਰੀਏ ....

1. **ਗ੍ਰੰਥ ਦਾ ਕਰਤਾ ਅਤੇ ਲਿਖਣ ਕਾਲ** : ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ । ਵੱਖ ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ-

**ਹਿੰਦੂ ਧਰਮ** : ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ

ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜ਼ਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ ਆਦਿ, ਨਾ ਤਾਂ ਇਹ ਗ੍ਰੰਥ ਉਨ੍ਹਾਂ ਨੇ ਆਪ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਨਹੀਂ ਲਿਖੇ ਗਏ। ਜਾਂ ਤਾਂ ਜਿਵੇਂ ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ ਹੈ ਅਤੇ ਜਾਂ ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

**ਇਸਲਾਮ ਧਰਮ** : ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ। ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਉਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

**ਬੁੱਧ ਧਰਮ** : ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

**ਈਸਾਈ ਧਰਮ** : ਮੁੱਖ ਧਾਰਮਿਕ ਗ੍ਰੰਥ ਬਾਈਬਲ ਹੈ। ਇਹ ਕਿਸੇ ਇੱਕ ਲੇਖਕ ਵਲੋਂ ਨਹੀਂ ਲਿਖੀ ਗਈ। ਸਗੋਂ 40 ਦੇ ਕਰੀਬ ਲੇਖਕਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਸੰਗ੍ਰਹਿ ਹੈ। ਇਸ ਦੇ ਦੋ ਰੂਪ ਮਿਲਦੇ ਹਨ। ਓਲਡ ਟੈਸਟਾਮੈਂਟ ਅਤੇ ਨਿਊ ਟੈਸਟਾਮੈਂਟ । ਓਲਡ ਟੈਸਟਾਮੈਂਟ ਈਸਾ ਮਸੀਹ ਤੋਂ ਕਾਫੀ ਸਮਾਂ ਪਹਿਲਾਂ (ਪੰਜ ਤੋਂ ਅੱਠ ਸਦੀਆਂ ਪਹਿਲਾਂ) ਲਿਖੀ ਗਈ ਸੀ। ਨਊ ਟੈਸਟਾਮੈਂਟ ਈਸਾ ਮਸੀਹ ਦੀ ਮੌਤ ਤੋਂ 20-65 ਸਾਲ ਪਿੱਛੋਂ ਲਿਖੀ ਗਈ । ਇਸ ਤਰਾਂ ਇਹ ਨਾ ਤਾਂ ਈਸਾ ਮਸੀਹ ਨੇ ਆਪ ਲਿਖਿਆ, ਤੇ ਨਾ ਉਸਦੇ ਸਮੇਂ ਹੀ ਲਿਖਿਆ ਗਿਆ।

**ਸਿੱਖ ਧਰਮ-ਗੁਰੂ ਗ੍ਰੰਥ ਸਾਹਿਬ** : ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ-

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।।**
**(ਭਾਈ ਗੁਰਦਾਸ ਜੀ, ਵਾਰ ੧ ਪਉੜੀ ੩੨)**

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇਕੱਠੀ ਕੀਤੀ ਗਈ ਬਾਣੀ ਵੀ ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ, ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

2. **ਗ੍ਰੰਥਾਂ ਦੀ ਭਾਸ਼ਾ** : ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ।

ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ।

ਓਲਡ ਟੈਸਟਾਮੈਂਟ ਹੈਬਰਿਊ ਭਾਸ਼ਾ ਵਿੱਚ ਸੀ । ਜਦ ਕਿ ਨਿਊ ਟੈਸਟਾਮੈਂਟ ਦੀ ਮੂਲ ਭਾਸ਼ਾ ਯੂਨਾਨੀ ਸੀ। ਭਾਵੇ ਅੱਜ ਉਹਨਾਂ ਦੇ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ।

ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ। ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ, ਉਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ। ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

3. **ਮਨੁੱਖਤਾ ਦਾ ਗ੍ਰੰਥ - ਵਿਸ਼ਵ ਦੀਆਂ ਕਦਰਾਂ ਕੀਮਤਾਂ** : ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਹਮੇਸ਼ਾ ਇੱਕੋ ਸੱਚਾਈ ਦੀ ਗੱਲ ਕਰਦਾ ਹੈ। ਇੰਸ ਵਿੱਚ ਬਿਆਨਿਆ ਗਿਆ ਸੱਚ ਜਿੰਨਾ ਇਸ ਦੇ ਲਿਖਣ ਸਮੇਂ ਸਾਰਥਕ ਅਤੇ ਮਹੱਤਵਪੂਰਨ ਸੀ, ਉਤਨਾ ਹੀ ਅੱਜ ਹੈ ਅਤੇ ਉਤਨਾ ਹੀ ਭਵਿੱਖ ਵਿੱਚ ਵੀ ਰਹੇਗਾ। ਇਸ ਦਾ ਕਾਰਨ ਇਸ ਦੀ ਸਮਦ੍ਰਿਸ਼ਟੀ, ਸਰਬ ਸਾਂਝੀਵਾਲਤਾ, ਮਨੁੱਖਤਾ ਦੀਆਂ ਮੁੱਢਲੀਆਂ ਨੈਤਿਕ ਕਦਰਾਂ ਕੀਮਤਾਂ ਤੇ ਜੋਰ, ਕੁਦਰਤ ਦੀ ਸੰਭਾਲ ਅਤੇ ਉਸ ਨਾਲ ਇੱਕਮਿੱਕਤਾ, ਜਾਤਾਂ, ਧਰਮਾਂ, ਰੰਗਾਂ, ਨਸਲਾਂ, ਬੋਲੀਆਂ, ਇਲਾਕਿਆਂ ਦੇ ਬਹੁਤ ਹਲਕੇ ਵਿਤਕਰੇ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਹ ਇੱਕ ਵੱਖਰੀ ਤ੍ਰਾਸਦੀ ਹੈ ਕਿ ਅਸੀਂ ਇਸਦੀਆਂ ਇਹਨਾਂ ਖੂਬੀਆਂ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ ਨਹੀਂ ਕਰ ਸਕੇ। ਜੇ ਅਸੀਂ ਪੂਰੀ ਸੁਹਿਰਦਤਾ, ਇਮਾਨਦਾਰੀ ਅਤੇ ਸਿੱਠਤ ਨਾਲ ਇਸ ਦੇ ਸਿਧਾਂਤ ਫੈਲਾਏ ਹੁੰਦੇ, ਤਾਂ ਨਾ ਕੇਵਲ ਅੱਜ ਇਹ ਸਾਰੇ ਵਿਸ਼ਵ ਦਾ ਇੱਕੋ ਇੱਕ ਗ੍ਰੰਥ ਹੋਣਾ ਸੀ, ਸਗੋਂ ਵਿਸ਼ਵ ਦਾ ਇਤਿਹਾਸ ਵੀ ਕੁਝ ਹੋਰ ਹੀ ਹੋਣਾ ਸੀ। ਸੰਖੇਪ ਵਿੱਚ ਉਹ ਵਿਸ਼ੇਸ਼ਤਾਵਾਂ ਸਾਂਝੀਆਂ ਕਰਨੀਆਂ ਜਰੂਰੀ ਹਨ - ਇਹ ਵਿਸ਼ੇਸ਼ਤਾਈਆਂ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦੀਆਂ ।

੧. **ਸਰਬ ਸਾਂਝੀਵਾਲਤਾ** : ਕਿਸੇ ਹੋਰ ਗ੍ਰੰਥ ਵਿੱਚ ਏਨੀ ਸਰਲਤਾ ਅਤੇ ਏਨੇ ਜੋਰ ਦੇ ਕੇ ਸਰਬ-ਸਾਂਝੀਵਾਲਤਾ ਦੀ ਗੱਲ ਨਹੀਂ ਹੋਣੀ, ਜਿੰਨੀ ਇਸ ਗ੍ਰੰਥ ਵਿੱਚ ਮਿਲਦੀ ਹੈ -

**ਅਵਲਿ ਅਲਹ ਨੂਰੁ ਉਪਾਇਆ,**
**ਕੁਦਰਤਿ ਕੇ ਸਭ ਬੰਦੇ।।**
**ਏਕ ਨੂਰ ਤੇ ਸਭੁ ਜਗੁ ਉਪਜਿਆ,**
**ਕਉਨ ਭਲੇ ਕੋ ਮੰਦੇ।।** (ਪੰਨਾ ੧੩੪੯, ਪ੍ਰਭਾਤੀ)

ਜਦੋਂ ਸਭ ਨੂੰ ਇੱਕੋ ਪਿਤਾ ਦੀ ਸੰਤਾਨ ਸਮਝ ਲਿਆ, ਤਾਂ ਦੂਸਰ ਭਾਵ ਰਿਹਾ ਹੀ ਕਿੱਥੇ? ਜਦੋ ਸਭ ਜੀਵਾਂ ਵਿੱਚ ਇੱਕੋ ਜੋਤ ਪਸਰ ਰਹੀ ਆਖ ਦਿੱਤਾ ਤਾਂ ਕੋਈ ਦੂਈ ਦਵੈਤ, ਝਗੜਾ, ਤਕਰਾਰ, ਉਚ ਨੀਚ ਦੇ ਭੇਦ ਕਿਵੇਂ ਰਹਿ ਸਕਦੇ ਹਨ?

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।**
**(ਪੰਨਾ ੬੧੧, ਸੋਰਠਿ ਮਹਲਾ ੫ ਘਰੁ ੨ ਚਉਪਦੇ)**

ਬਾਣੀ ਤਾਂ ਡੰਕੇ ਦੀ ਚੋਟ ਤੇ ਆਖ ਰਹੀ ਹੈ -

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।।**
**ਦੂਰਿ ਪਰਾਇਓ ਮਨ ਕਾ ਬਿਰਹਾ ਤਾਂ ਮੇਲੁ ਕੀਓ ਮੇਰੈ ਰਾਜਨ।।**
**(ਪੰਨਾ ੬੭੧, ਧਨਾਸਰੀ ਮ : ੫.)**

੨. **ਗੁਣ ਕਉ ਧਾਵੈ, ਅਉਗਣ ਧੋਵੈ** : ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਹੀ ਗੱਲਾਂ ਤੇ ਸਭ ਤੋਂ ਵੱਧ ਜੋਰ ਹੈ ਇੱਕ ਪ੍ਰਭੂ ਦਾ ਨਾਮ ਜਪਣਾ ਅਤੇ ਦੂਜਾ ਨਿਰਮਲ ਕਰਮ। ਨਿਰਮਲ ਕਰਮ ਬਹੁਤ ਵੱਡੀ ਅਤੇ ਵਿਸ਼ਾਲ ਧਾਰਨਾ ਹੈ। ਬਾਣੀਕਾਰ ਮਨੁੱਖ ਦੇ ਅੰਦਰੂਨੀ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਤ, ਨਿੰਦਾ ਆਦਿ ਸਾਰੇ ਔਗਣਾਂ ਨੂੰ ਦੂਰ ਕਰਕੇ ਸਤ, ਸੰਤੋਖ, ਦਇਆ, ਧਰਮ, ਸਹਿਣਸ਼ੀਲਤਾ,


ਜਸਵਿੰਦਰ ਸਿੰਘ ਰੁਪਾਲ
9814715796




ਖਿਮਾ, ਨਿਮਰਤਾ ਆਦਿ ਵਰਗੇ ਦੈਵੀ ਗੁਣਾਂ ਨੂੰ ਧਾਰਨ ਕਰਨ ਤੇ ਜੋਰ ਦਿੰਦੇ ਹਨ। ਇਸ ਲਈ ਉਹ ਪ੍ਰਭੂ ਦਾ ਨਾਮ ਜਪਣ, ਗੁਰੂ ਦੀ ਸ਼ਰਨ ਵਿੱਚ ਜਾਣਾ ਅਤੇ ਭਲਿਆਂ ਦੀ ਲਗਾਤਾਰ ਸੰਗਤ ਕਰਦੇ ਰਹਿਣ ਦੇ ਤਰੀਕੇ ਵੀ ਦੱਸਦੇ ਹਨ। ਅਜਿਹੇ ਗੁਣਾਂ ਵਾਲਾ ਇਨਸਾਨ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਵਰਗ ਦੇ ਇਨਸਾਨ ਕੋਲ ਜਾ ਬੈਠੇ, ਉਸਨੂੰ ਆਪਣਾ ਬਣਾ ਲੈਣ ਦੀ ਯੋਗਤਾ ਰੱਖਦਾ ਹੈ।

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।।**
**ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ।।**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।।**
ਪੰਨਾ ੭੬੫, ਰਾਗੁ ਸੂਹੀ ਛੰਤ ਮਹਲਾ ੧ ਘਰੁ ੪)

੩. **ਵਿਸ਼ਵ ਸ਼ਾਂਤੀ ਦਾ ਪਹਿਰੇਦਾਰ** : ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨਸਾਨ ਨੂੰ ਪ੍ਰੇਮ ਕਰਨਾ ਸਿਖਾਉਂਦੀ ਹੈ। ਦਇਆ ਨੂੰ ਧਰਮ ਦਾ ਮੂਲ ਦੱਸਦੀ ਹੈ। ਆਪਾ ਭਾਵ ਗਵਾ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਤਾਕੀਦ ਕਰਦੀ ਹੈ। ਖਲਕਤ ਵਿਚੋਂ ਖਾਲਕ ਨੂੰ ਦੇਖਦੀ ਹੈ ਅਤੇ ਪ੍ਰਭੂ ਦੇ ਸਾਜੇ ਹੋਏ ਸਾਰੇ ਇਨਸਾਨਾਂ ਨੂੰ ਉਸਦਾ ਰੂਪ ਜਾਣ ਕੇ ਮਨੁੱਖ ਜਾਤੀ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਜਾਨ ਤੱਕ ਕੁਰਬਾਨ ਕਰ ਦੇਣੀ ਸਿਖਾਉਂਦੀ ਹੈ। ਇਹੀ ਕਾਰਨ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਥਾਂ ਤੇ ਕੋਈ ਵੀ ਕੁਦਰਤੀ ਜਾਂ ਮਨੁੱਖ ਨਿਰਮਿਤ ਆਫ਼ਤ ਆਈ ਹੈ, ਭੁਚਾਲ, ਤੂਫ਼ਾਨ, ਹੜ੍ਹ, ਸੁਨਾਮੀ, ਜੰਗ, ਕੋਈ ਮਹਾਂਮਾਰੀ, ਕੋਈ ਮੰਦੀ ...ਕੁਝ ਵੀ ਹੋਵੇ, ਇਸ ਗ੍ਰੰਥ ਦੇ ਮੰਨਣ ਵਾਲਿਆਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਵੀ ਦੁਖੀ ਲੋਕਾਂ ਦੀ ਮੱਦਦ ਕੀਤੀ ਹੈ। ਇਹ ਤਦ ਹੀ ਹੋ ਸਕਿਆ ਹੈ ਜੇ ਇਸ ਬਾਣੀ ਦਾ ਸੰਦੇਸ਼ ਇਹਨਾਂ ਦੇ ਖੂਨ ਵਿੱਚ ਰਮਿਆ ਹੋਇਆ ਸੀ।

੪. **ਔਰਤ ਦਾ ਸਤਿਕਾਰ** : ਇਸ ਨਿਰਾਲੇ ਗ੍ਰੰਥ ਵਿਚ ਸਦੀਆਂ ਪਹਿਲਾਂ ਤੋਂ ਹੀ ਔਰਤ ਨੂੰ ਜੱਗ-ਜਨਨੀ ਆਖ ਕੇ ਸਤਿਕਾਰਿਆ ਗਿਆ ਹੈ। ਸੰਸਾਰ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਤਾਂ ਬਹੁਤ ਜੋਰ ਲਗਾ ਕੇ ਅੱਜ ਤੱਕ ਔਰਤ ਨੂੰ ਉਸਦਾ ਬਣਦਾ ਸਨਮਾਨ ਨਹੀਂ ਦੇ ਸਕੀਆਂ, ਪਰ ਬਾਣੀਕਾਰਾਂ ਨੇ ਉਸਨੂੰ ਮਰਦ ਦੇ ਬਰਾਬਰ ਦਾ ਸਤਿਕਾਰ ਦਿੱਤਾ ਹੈ। ਜਿੱਥੇ ਕਈ ਧਰਮਾਂ ਵਿੱਚ ਅੱਜ ਵੀ ਔਰਤ ਨੂੰ ਆਪਣੇ ਧਾਰਮਿਕ ਸਥਾਨ ਵਿੱਚ ਜਾਣ ਦੀ ਇਜਾਜ਼ਤ ਨਹੀਂ, ਕੁਝ ਵਿਚ ਉਹ ਧਾਰਮਿਕ ਰਸਮਾਂ ਨਹੀਂ ਨਿਭਾ ਸਕਦੀ। ਕੁਝ ਉਸਨੂੰ ਮੁੱਢੋਂ ਹੀ ਅਧੂਰੀ ਅਤੇ ਅਸ਼ੁੱਧ ਸਮਝਦੇ ਹਨ, ਪਰ ਇਸ ਗ੍ਰੰਥ ਦੇ ਸਾਰੇ ਰਚਣਹਾਰਿਆਂ ਨੇ ਉਸਨੂੰ ਪੂਰਨ ਸਤਿਕਾਰ ਦਿੱਤਾ ਹੈ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।।**
(ਪੰਨਾ ੪੭੩, ਮ:੧)

੫. **ਸਾਰੇ ਧਰਮਾਂ ਦਾ ਸਤਿਕਾਰ** : ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਇਸ ਦੇ ਬਾਣੀਕਾਰ ਹਿੰਦੂ ਵੀ ਹਨ, ਮੁਸਲਿਮ ਵੀ ਹਨ, ਹੋਰ ਹੋਰ ਮੱਤਾਂ ਦੇ ਵੀ ਹਨ, ਪਰ ਸਾਰੇ ਇੱਕ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੇ ਹੋਏ ਇੱਕ ਹੋ ਜਾਂਦੇ ਹਨ। ਗੁਰੂ ਨਾਨਕ ਜੀ ਸਾਫ ਸ਼ਬਦਾਂ ਵਿੱਚ ਆਖਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਪਿਤਾ ਦੀ ਉਪਮਾ ਹੋ ਰਹੀ ਹੈ, ਉਸਨੂੰ ਮਾਣ ਵਡਿਆਈ ਦੇ ਅਤੇ ਉਸਦਾ ਸਤਿਕਾਰ ਕਰ।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ।।**
**ਸੋ ਘਰੁ ਰਾਖੁ ਵਡਾਈ ਤੋਇ।।**
ਪੰਨਾ ੧੨, ਰਾਗੁ ਆਸਾ ਮਹਲਾ ੧)

੬. **ਵਿਗਿਆਨਕ ਸੋਚ ਦਾ ਸੰਦੇਸ਼ਵਾਹਕ** : ਇਸ ਗ੍ਰੰਥ ਵਿੱਚ ਕਿਸੇ ਵੀ ਤਰਾਂ ਦੀਆਂ ਮਿਥਿਹਾਸਕ ਕਥਾ ਕਹਾਣੀਆਂ ਨਹੀਂ ਹਨ। ਅੱਜ ਸਾਰੇ ਸੰਸਾਰ ਵਿੱਚ ਵਿਗਿਆਨਕ ਸੋਚ ਨੂੰ ਮਾਣਤਾ ਮਿਲੀ ਹੋਈ ਹੈ। ਅਤੇ ਜਿਵੇਂ ਈਸਾਈਆਂ ਦੇ ਗ੍ਰੰਥ ਪੀਹਲਾਂ ਵਿਗਿਆਨ ਦੇ ਵਿਰੁੱਧ ਲਿਖਦੇ ਸਨ। ਉਹਨਾਂ ਨੇ ਵਿਗਿਆਨਕਾਂ ਤੇ ਜ਼ੁਲਮ ਵੀ ਕੀਤੇ। ਪਰ ਅਖੀਰ ਉਹਨਾਂ ਨੂੰ ਆਪਣੀ ਇਸ ਗਲਤੀ ਨੂੰ ਸੁਧਾਰਨਾ ਵੀ ਪਿਆ ਅਤੇ ਮੁਆਫੀ ਵੀ ਮੰਗਣੀ ਪਈ। ਇਸੇ ਤਰ੍ਹਾਂ ਹਿੰਦੂ ਗ੍ਰੰਥਾਂ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਵਿਗਿਆਨਕ ਸੋਚ ਦੀ ਨਵੀਂ ਪੀੜ੍ਹੀ ਲਈ ਹਜ਼ਮ ਕਰਨਾ ਔਖਾ ਹੈ। ਪਰ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਇੱਕ ਵੀ ਪੰਕਤੀ ਅਜਿਹੀ ਨਹੀਂ ਹੈ ਜਿਹੜੀ ਵਿਗਿਆਨ ਦੀ ਕਸਵੱਟੀ ਤੇ ਪੂਰੀ ਨਾ ਉੱਤਰਦੀ ਹੋਵੇ। ਕਿਉਂ ਅਤੇ ਕਿਵੇਂ ਪ੍ਰਸ਼ਨਾਂ ਨੂੰ ਗੁਰੂ ਸਾਹਿਬ ਨੇ ਵਡਿਆਇਆ ਹੈ ਅਤੇ ਸਾਰਥਕ ਸੰਵਾਦ ਰਚਾਉਣ ਦੀ ਪ੍ਰੇਰਨਾ ਵੀ ਦਿੱਤੀ ਹੈ।

੭. **ਕਿਰਤੀ ਵਰਗ ਦੇ ਹੱਕਾਂ ਦਾ ਰਖਵਾਲਾ** : ਸਾਰਾ ਸੰਸਾਰ ਕਿਰਤੀ ਵਰਗ ਨੂੰ ਪੂਰਾ ਮਾਣ ਮਿਲਦੇ ਦੇਖਣ ਦਾ ਇੱਛਕ ਹੈ ਕਿਉਂਕਿ ਸੰਸਾਰ ਵਿੱਚ ਬਹੁ ਗਿਣਤੀ ਤਾਂ ਆਮ ਕਾਮੇ ਵਰਗ ਦੀ ਹੈ, ਪਰ ਬਹੁਤ ਘੱਟ ਗਿਣਤੀ ਦੇ ਸਰਮਾਏਦਾਰ ਵਰਗ ਨੇ ਵਿਸ਼ਵ ਆਰਥਿਕਤਾ ਨੂੰ ਕਾਬੂ ਕੀਤਾ ਹੋਇਆ ਹੈ ਅਤੇ ਉਹ ਆਪਣੇ ਮੁਨਾਫੇ ਲਈ ਸੰਸਾਰ ਨੂੰ ਲੁੱਟ ਰਹੇ ਹਨ।

ਗੁਰੂ ਸਾਹਿਬ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ ਅਤੇ ਉਸਨੂੰ ਵੀ ਵੰਡ ਕੇ ਛਕਣ ਲਈ ਆਖਦੇ ਹਨ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਕਿਰਤ ਕੀਤਿਆਂ ਅਤੇ ਵੰਡ ਕੇ ਛਕਣ ਨਾਲ ਫਾਲਤੂ ਦੀ ਮਾਇਆ ਜਮ੍ਹਾਂ ਹੀ ਨਹੀਂ ਹੁੰਦੀ, ਜਿਹੜੀ ਵਿਕਾਰਾਂ ਦਾ ਕਾਰਨ ਬਣਦੀ ਹੈ।

**ਘਾਲਿ ਖਾਇ ਕਿਛੁ ਹਥਹੁ ਦੇਇ।।**
**ਨਾਨਕ ਰਾਹੁ ਪਛਾਣਹਿ ਸੇਇ।।**
**(ਪੰਨਾ ੧੨੪੫, ਸਲੋਕ ਮ : ੧)**

੮. **ਛੋਟੀਆਂ ਅਤੇ ਨੀਚ ਕਹਾਉਣ ਵਾਲਿਆਂ ਦਾ ਪੱਖ ਪੂਰਨਾ** : ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਨੀਚ ਕਹਾਉਣ ਵਾਲੇ, ਕਥਿਤ ਛੋਟੀ ਜਾਤ ਵਾਲੇ, ਦੱਬੇ ਕੁਚਲੇ ਅਤੇ ਲਤਾੜੇ ਲੋਕਾਂ ਦੀ ਬਾਂਹ ਫੜਨੀ ਹਰ ਇਨਸਾਨ ਦਾ ਮੁਢਲਾ ਫਰਜ ਹੈ। ਉਹ ਆਪ ਗੱਜ ਵੱਜ ਕੇ ਨੀਵਿਆਂ ਨਾਲ ਖੜ੍ਹੇ ਹੋਣ ਦਾ ਹੋਕਾ ਦਿੰਦੇ ਹਨ -

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼।।**
**(ਪੰਨਾ ੧੫, ਸਿਰਿਰਾਗੁ ਮਹਲਾ ੧)**

ਇਸ ਤੋਂ ਵੱਧ ਕੇ ਕਿਹੜਾ ਸਮਾਜਵਾਦ ਹੋ ਸਕਦਾ ਹੈ?

੯. **ਮਨੁੱਖੀ ਆਜ਼ਾਦੀ, ਸਵੈ ਮਾਣ ਅਤੇ ਹੱਕਾਂ ਦਾ ਪਹਿਰੇਦਾਰ** : ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਆਪਣੇ ਫਰਜ਼ ਪੂਰੇ ਕਰਨ ਲਈ ਸਿੱਖਿਆ ਦਿੱਤੀ ਗਈ ਹੈ। ਉੱਥੇ ਪੂਰੇ ਮਾਣ ਸਤਿਕਾਰ ਨਾਲ ਜਿਊਣ ਦੀ ਗੱਲ ਵੀ ਕੀਤੀ ਹੈ। ਆਪਣੇ ਬਣਦੇ ਹੱਕ ਲੈਣੇ ਵੀ ਹਨ। ਆਪਣੀ ਆਜ਼ਾਦੀ ਨੂੰ ਹਰਗਿਜ਼ ਨਹੀਂ ਗੁਆਉਣਾ ਅਤੇ ਆਪਣਾ ਸਨਮਾਨ ਬਣਾਈ ਰੱਖਣਾ ਹੈ।

**ਜੇ ਜੀਵੈ ਪਤਿ ਲਥੀ ਜਾਇ।।**
**ਸਭੁ ਹਰਾਮੁ ਜੇਤਾ ਕਿਛੁ ਖਾਇ।।**
**(ਪੰਨਾ ੧੪੨, ਮ:੧ ਸਲੋਕੁ)**

ਇਸ ਤਰਾਂ ਦੀਆਂ ਅਣਗਿਣਤ ਖੂਬੀਆਂ ਇਸ ਨਿਰਾਲੇ ਗ੍ਰੰਥ ਵਿੱਚ ਹਨ। ਇਹ ਰਾਜਿਆਂ, ਸਰਮਾਰਦਾਰਾਂ, ਨਵਾਬਾਂ, ਧਨੀਆਂ, ਧਾਰਮਿਕ ਅਤੇ ਸਮਾਜਿਕ ਲੀਡਰਾਂ, ਪੁਜਾਰੀਆਂ, ਸੰਤਾਂ, ਕਾਜੀਆਂ, ਪੰਡਿਤਾਂ, ਜੋਗੀਆਂ, ਕਿਸੇ ਦੀ ਵੀ ਬੇਲੋੜੀ ਅਧੀਨਗੀ ਨਹੀਂ ਝੱਲਦਾ। ਗੁਰਮਤਿ ਸਿਧਾਂਤ ਨਾ ਡਰਨਾ ਅਤੇ ਨਾ ਡਰਾਉਣਾ ਹੈ। ਉਹ ਇੱਕ ਨਿਰਭਉ ਅਤੇ ਨਿਰਵੈਰ ਇਨਸਾਨ ਬਣਾਉਣ ਦੀ ਸਿੱਖਿਆ ਦਿੰਦੇ ਹਨ, ਜਿਹੜਾ ਪੂਰਨ ਇਨਸਾਨ ਕਹਾਏਗਾ

4. **ਇੱਕੋ ਇੱਕ ਗ੍ਰੰਥ ਜੋ ਗੁਰੂ ਹੈ -ਗੁਰੂ ਗ੍ਰੰਥ ਸਾਹਿਬ ਜੀ** : ਸਾਰੇ ਸੰਸਾਰ ਵਿੱਚ, ਸਾਰੇ ਧਰਮਾਂ ਵਿਚੋਂ ਇਹ ਇੱਕੋ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਇਸ ਦੇ ਨਾਮ ਤੇ ਜਾਇਦਾਦ ਰਜਿਸਟਰ ਕਰਵਾਈ ਜਾ ਸਕਦੀ ਹੈ ਅਤੇ ਅਦਾਲਤਾਂ ਨੇ ਵੀ ਜੀਵਤ-ਗੁਰੂ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨੂੰ ਗੁਰੂ ਮੰਨਣ ਦੇ ਆਦੇਸ਼ ਤੇ ਸਿੱਖਾਂ ਨੇ ਫੁੱਲ ਚੜ੍ਹਾਏ ਹਨ। ਬਹੁਤ ਜਿਆਦਾ ਸਤਿਕਾਰ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਇਸ ਗ੍ਰੰਥ ਨੂੰ ਦਿੱਤਾ ਗਿਆ ਹੈ, ਜਿਸ ਦਾ ਇਹ ਹੱਕਦਾਰ ਵੀ ਹੈ। ਇਸ ਇੱਕੋ ਇੱਕ ਗ੍ਰੰਥ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਨੇ ਆਪਣੀਆਂ ਜ਼ਿੰਦਗੀਆਂ ਦੀ ਆਹੂਤੀ ਦਿੱਤੀ ਹੈ ਅਤੇ ਇਸ ਤੇ ਵਾਰ ਕਰਨ ਵਾਲੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ।

ਇਸ ਤਰ੍ਹਾਂ ਦੀਆਂ ਹੋਰ ਵਿਸ਼ੇਸ਼ਤਾਈਆਂ ਗਿਣਨ ਲੱਗੇ, ਤਾਂ ਲੇਖ ਬਹੁਤ ਲੰਮਾ ਹੋ ਜਾਏਗਾ।

**ਅੰਤਿਕਾ** : ਇੰਨੇ ਖੂਬਸੂਰਤ ਗੁਣਾਂ ਨਾਲ ਸ਼ਿੰਗਾਰੇ ਹੋਏ ਇਸ ਗ੍ਰੰਥ ਦੀ ਸਿੱਖਿਆ ਨੂੰ ਜੇ ਅਸੀਂ ਕੁਝ ਕੁ ਹਿਰਦਿਆਂ ਤੱਕ ਹੀ ਸੀਮਿਤ ਕਰ ਦਿੱਤਾ ਹੈ, ਤਾਂ ਅਸੀਂ ਖੁਦ ਬਹੁਤ ਵੱਡੇ ਅਪਰਾਧੀ ਹਾਂ। ਕਿਉਂ ਨਹੀ ਅੱਜ ਸੰਸਾਰ ਦੇ ਲੋਕ ਇਸ ਤੋਂ ਸੇਧ ਲੈਣ ਆਉਂਦੇ? ਸਾਨੂੰ ਮਿਲ ਬੈਠਣ ਦੀ ਲੋੜ ਹੈ। ਨਵੀਆਂ ਨੀਤੀਆਂ ਬਣਾਉਣ ਦੀ ਲੋੜ ਹੈ। ਬੇਲੋੜੀਆਂ ਸ਼ਰਧਾ ਪੂਰਨ ਕਰਮ ਕਾਂਡ ਵਾਲੀਆਂ ਰਸਮਾਂ ਅਤੇ ਕੱਟੜਤਾ ਨੂੰ ਤਿਆਗ ਕੇ ਇਸ ਦਾ ਵਿਸ਼ਵ-ਵਿਆਪੀ ਪ੍ਰੇਮ ਦਾ ਸੰਦੇਸ਼ ਸਾਰੀ ਦੁਨੀਆਂ ਤੱਕ ਪਹੁੰਚਾਏ ਜਾਣ ਦੀ ਲੋੜ ਹੈ। ਲੱਖ ਸਾਡੇ ਵਿਰੋਧੀ ਸਾਜਿਸ਼ਾਂ ਕਰਦੇ ਰਹਿਣ, ਲੱਖ ਹਮਲਾਵਰ ਹਮਲੇ ਕਰਦੇ ਰਹਿਣ, ਜੇ ਸਾਨੂੰ ਸ਼ਬਦ ਤੋਂ ਸੇਧ ਲੈਣੀ ਆ ਗਈ, ਤਾਂ ਉਸਦੀ ਸੁਗੰਧੀ ਸਾਡੇ ਵਿਵਹਾਰ ਅਤੇ ਕਿਰਦਾਰ ਵਿੱਚੋਂ ਝਲਕੇਗੀ ਅਤੇ ਕੋਈ ਵਿਰੋਧੀ ਕਦੇ ਕਾਮਯਾਬ ਨਹੀਂ ਹੋ ਸਕੇਗਾ। ਬ੍ਰਹਿਮੰਡੀ ਪ੍ਰੇਮ ਆਏ ਸ਼ਾਂਤੀ ਦਾ ਇਹ ਅਨੂਠਾ ਸੰਦੇਸ਼ ਸਾਰੇ ਸੰਸਾਰ ਨੂੰ ਜ਼ਰੂਰ ਮਹਿਕਾਏਗਾ। ਯਤਨ ਸਾਡੇ, ਬਖਸ਼ਿਸ਼ ਅਕਾਲ ਪੁਰਖ ਦੀ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ





**ਡਾ. ਜਸਬੀਰ ਸਿੰਘ ਸਰਨਾ**

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਭਗਤ** ਨਾਮਦੇਵ: ਜੀਵਨ ਤੇ ਸਿੱਖਿਆ (1980), ਗੁਰੂ ਤੇਗ ਬਹਾਦਰ: ਹਿੰਦ ਦੀ ਚਾਦਰ (1981), ਗੁਰਮਤਿ ਵਿਵੇਚਨ (1982), ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ (1999) ਅਤੇ ਅਕਾਲ ਤਖ਼ਤ: ਜੋਤਿ ਤੇ ਜੁਗਤਿ (1995) ਸ਼ਾਮਲ ਹਨ। ਉਨ੍ਹਾਂ ਨੇ ਸਿੱਖ ਧਰਮ ਵਿਚ ਸੰਗਤ, ਭਗਤੀ, ਸੇਵਾ ਅਤੇ ਅਰਦਾਸ ਤੇ ਵੀ ਵਿਸ਼ਲੇਸ਼ਣਾਤਮਕ ਲਿਖਤਾਂ ਪ੍ਰਸਤੁਤ ਕੀਤੀਆਂ। ਉਹ 'ਨਾਨਕ ਪ੍ਰਕਾਸ਼ ਪੱਤਰਿਕਾ' (1984-2000) ਦੇ ਸੰਪਾਦਕ ਰਹੇ ਅਤੇ ਪੰਜਾਬ ਯੂਨੀਵਰਸਿਟੀ ਦੀਆਂ ਵੱਖ-ਵੱਖ ਅਕਾਦਮਿਕ ਕਮੇਟੀਆਂ ਦੇ ਮੈਂਬਰ ਵਜੋਂ ਸੇਵਾ ਨਿਭਾਈ। ਬਲਕਾਰ ਸਿੰਘ ਨੇ ਸਿੱਖ ਧਾਰਮਕ ਅਧਿਐਨ ਵਿਚ ਮਹੱਤਵਪੂਰਨ ਆਲੋਚਕ ਅਤੇ ਵਿਦਵਾਨ ਵਜੋਂ ਆਪਣੀ ਪਹਚਾਣ ਬਣਾਈ।

**ਡਾ. ਕੁਲਵੰਤ ਸਿੰਘ (1941)**

ਡਾ. ਕੁਲਵੰਤ ਸਿੰਘ (ਜਨਮ: 2 ਮਈ 1941, ਪਿੰਡ ਨੱਥਵਾਲ, ਬਟਾਲਾ) ਪੰਜਾਬੀ ਦੇ ਮਸ਼ਹੂਰ ਆਲੋਚਕ, ਚੇਤਨ ਲੇਖਕ ਅਤੇ ਵਿਦਵਾਨ ਹਨ। ਉਨ੍ਹਾਂ ਨੇ ਭਾਈ ਗੁਰਦਾਸ ਦੀਆਂ ਵਾਰਾਂ 'ਤੇ ਪੀ.ਐਚ.ਡੀ. ਕੀਤੀ। 1966-1970 ਤੱਕ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੇ ਲਾਇਬ੍ਰੇਰੀਅਨ ਅਤੇ 1970 ਤੋਂ 2001 ਤੱਕ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੰਜਾਬੀ ਵਿਭਾਗ ਦੇ ਅਧਿਆਪਕ ਰਹੇ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ: ਪੱਛਮੀ ਆਲੋਚਨਾ ਦੇ ਸਿਧਾਂਤਾਂ ਦੀ ਰੂਪ-ਰੇਖਾ (1969), ਵਾਰ ਨਾਦਰ ਸ਼ਾਹ (1972), ਮਿਥ-ਅਧਿਐਨ ਤੇ ਵਾਰਾਂ ਭਾਈ ਗੁਰਦਾਸ (1982), ਮਿਥ ਵਿਗਿਆਨ ਤੇ ਸਾਹਿਤ (1985), ਮੱਕੇ ਮਦੀਨੇ ਦੀ ਗੋਸ਼ਟਿ (1988), ਸ੍. ਕਪੂਰ ਸਿੰਘ: ਜੀਵਨ ਤੇ ਰਚਨਾ (1988), ਪੁਰਾਤਨ ਕਾਵਿ ਰਮਜ਼ਾਂ (1991) ਅਤੇ ਪੰਜਾਬੀ ਵਾਰਤਕ: ਸੰਚਾਰ ਅਤੇ ਵਿਉਹਾਰ (1996)। ਉਨ੍ਹਾਂ ਦੀ ਆਲੋਚਨਾ ਤੇ ਪੁਰਾਤਨ ਸਾਹਿਤ ਅਧਿਐਨ ਵਿੱਚ ਅਹੰਕਾਰਪੂਰਕ ਭੂਮਿਕਾ ਰਹੀ।

**ਡਾ. ਜੋਗਿੰਦਰ ਸਿੰਘ ਕੈਰੋਂ (1941)**

12 ਅਪ੍ਰੈਲ 1941 ਨੂੰ ਚੱਕ ਨੰ: 359, ਟੋਭਾ ਟੇਕ ਸਿੰਘ (ਲਾਇਲਪੁਰ, ਪਾਕਿਸਤਾਨ) ਵਿਖੇ ਜਨਮੇ। ਐਮ.ਏ. (ਪੰਜਾਬੀ), ਬੀ.ਏ. (ਫ਼ਾਰਸੀ), ਪੀਐਚ.ਡੀ. (ਲੋਕਧਾਰਾ) ਪੜ੍ਹੇ ਡਾ. ਕੈਰੋਂ ਪੰਜਾਬੀ ਲੋਕਧਾਰਾ ਅਤੇ ਸਾਹਿਤ ਅਧਿਐਨ ਵਿਚ ਵਿਸ਼ੇਸ਼ ਪਛਾਣ ਰੱਖਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿਚ ਮਹੱਤਵਪੂਰਨ ਅਹੁਦੇ ਨਿਭਾ ਚੁੱਕੇ ਹਨ। ਉਨ੍ਹਾਂ ਦੀਆਂ ਰਚਨਾਵਾਂ 'ਨਾਦ-ਬਿੰਦ', 'ਨੀਲੇ ਤਾਰਿਆਂ ਦੀ ਮੌਤ', 'ਪੰਜਾਬੀ ਲੋਕ-ਵਾਰਤਾ' ਅਤੇ 'ਪੰਜਾਬੀ ਲੋਕਧਾਰਾ ਅਧਿਐਨ : ਇਤਿਹਾਸ ਤੇ ਮੁਲਾਂਕਣ' ਆਦਿ ਸ਼ਾਮਲ ਹਨ।

**ਗੁਰਬਚਨ ਸਿੰਘ ਬਚਨ (1943)**

ਗੁਰਬਚਨ ਸਿੰਘ ਬਚਨ, ਜਨਮ 19 ਮਾਰਚ 1943 (ਖੁੱਡਾ, ਹੁਸ਼ਿਆਰਪੁਰ), ਪ੍ਰਸਿੱਧ ਭੂਗੋਲ ਵਿਦਵਾਨ ਅਤੇ ਮਨੁੱਖਤਾ ਸੇਵੀ ਹਨ। ਉਹ ਮੁੰਬਈ ਯੂਨੀਵਰਸਿਟੀ ਦੀ ਸ਼੍ਰੀ ਗੁਰੂ ਗੋਬਿੰਦ ਸਿੰਘ ਚੇਅਰ ਦੇ ਆਨਰੇਰੀ ਚੇਅਰਮੈਨ ਹਨ। ਉਨ੍ਹਾਂ ਦੀਆਂ ਮਹੱਤਵਪੂਰਨ ਕਿਤਾਬਾਂ ਵਿੱਚ 'ਜ਼ਿਲ੍ਹਾ ਜਲੰਧਰ ਦਾ ਭੂਗੋਲ', 'ਗੁਰੂ ਨਾਨਕ ਤੇ ਪ੍ਰਸਥਿਤੀ ਵਿਗਿਆਨ', 'ਦਸਵੇਂ ਪਾਤਸ਼ਾਹ ਜੀ ਦੀ ਗੰਗਾ ਤੋਂ ਗੋਦਾਵਰੀ ਯਾਤਰਾ' ਆਦਿ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਵਜੋਂ ਉਨ੍ਹਾਂ ਨੇ ਦਰਬਾਰ ਸਾਹਿਬ ਸਰੋਵਰ ਫਿਲਟ੍ਰੇਸ਼ਨ ਅਤੇ ਫਲਾਈਓਵਰ ਪੁਲ ਦੀ ਯੋਜਨਾ ਨੂੰ ਅਮਲ ਵਿੱਚ ਲਿਆ। ਉਨ੍ਹਾਂ ਦੀ ਮਨੁੱਖਤਾ ਪਰਤੀ ਨਿਸ਼ਕਾਮ ਸੇਵਾ ਲਈ ਉਨ੍ਹਾਂ ਨੂੰ 'Best Citizen of India' ਅਤੇ India International Friendship Society ਵਲੋਂ ਸਨਮਾਨਿਤ ਕੀਤਾ ਗਿਆ।

**ਬਿਕਰਮ ਸਿੰਘ ਘੁੰਮਣ (1943)**

ਜਨਮ: ਪਿੰਡ ਛੱਜਾਂ ਵਾਲਾ (ਜ਼ਿਲ੍ਹਾ ਫ਼ਿਰੋਜ਼ਪੁਰ) ਵਿੱਚ 10 ਅਪ੍ਰੈਲ 1943 ਨੂੰ ਹੋਇਆ। ਪੇਸ਼ਾ: ਸਕੂਲ ਅਧਿਆਪਕ (1965-71), ਰਿਸਰਚ ਸਕਾਲਰ (1971-73), ਲੈਕਚਰਾਰ, ਰੀਡਰ, ਪ੍ਰੋਫੈਸਰ ਤੇ ਮੁਖੀ (ਪੰਜ਼ਾਬੀ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ), ਰੀਟਾਇਰ 2003। ਉਨ੍ਹਾਂ ਦੀਆਂ ਰਚਨਾਵਾਂ ਹਨ : ਸੁਜਾਨ ਸਿੰਘ ਦੀ ਕਹਾਣੀ ਕਲਾ, ਕਰਤਾਰ ਸਿੰਘ ਦੁੱਗਲ ਦਾ ਕਹਾਣੀ ਜਗਤ, ਜੀਵਨ ਫ਼ਲਸਫ਼ਾ: ਗੁਰੂ ਤੇਗ਼ ਬਹਾਦਰ, ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ, ਆਸਾ ਦੀ ਵਾਰ: ਚਿੰਤਨ ਤੇ ਕਲਾ, ਦੁਖਾਂਤ ਪਰੰਪਰਾ ਤੇ ਪੰਜਾਬੀ ਕਿੱਸਾ ਕਾਵਿ। ਟੀਚਰਜ਼ ਐਸੋਸੀਏਸ਼ਨ ਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਵਿੱਚ ਸਹਿਭਾਗ। ਉਨ੍ਹਾਂ ਦੀ ਪੱਕੀ ਰਿਹਾਇਸ਼ ਅੰਮ੍ਰਿਤਸਰ ਸੀ ।

**ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ (1943)**

(ਜਨਮ: 11 ਜੁਲਾਈ 1943, ਸੂਰੋ ਪੱਡਾ, ਅੰਮ੍ਰਿਤਸਰ) ਇੱਕ ਸਮਰਪਿਤ ਪੰਜਾਬੀ ਸਾਹਿਤਕਾਰ, ਸੰਗੀਤ ਪ੍ਰੇਮੀ ਅਤੇ ਧਾਰਮਿਕ ਵਿਅਕਤੀ ਹਨ। ਸਕੂਲੀ ਪੜ੍ਹਾਈ ਸਿਰਫ ਪਹਿਲੀ ਜਮਾਤ ਤੱਕ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਲਾਗ ਅਤੇ ਸਿੱਖਿਆ ਪਿਆਸ ਰਾਹੀਂ ਗਿਆਨ ਦੀ ਪੂੰਜ ਇਕੱਠੀ ਕੀਤੀ। ਗਿਆਨੀ ਦੀ ਪੜਾਈ ਪੰਜਾਬ ਯੂਨੀਵਰਸਿਟੀ ਤੋਂ ਅਤੇ ਰਾਗ ਵਿਦਿਆ ਦੀ ਪ੍ਰਬੀਨਤਾ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਗੁਰਦੁਆਰਾ ਪਿੱਪਲੀ ਸਾਹਿਬ ਵਿਖੇ ਆਪਣਾ ਸੇਵਾ ਜਨਮ ਦਿੱਤਾ ਅਤੇ ਆਪਣੀ ਮਧੁਰ ਅਤੇ ਬੁਲੰਦ ਆਵਾਜ਼ ਨਾਲ ਸਮੁੱਚੇ ਖੇਤਰ ਵਿਚ ਪਛਾਣ ਬਣਾਈ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ 'ਸੱਚੇ ਦਾ ਸੱਚਾ ਢੋਆ', 'ਉਜਲ ਕੈਹਾਂ ਚਿਲਕਣਾ', 'ਯਾਦਾਂ ਭਰੀ ਚੰਗੇਰ', 'ਬਾਤਾਂ ਬੀਤੇ ਦੀਆਂ' ਅਤੇ 'ਜੋ ਵੇਖਿਆ ਸੋ ਆਖਿਆ' ਹਨ। ਸੰਤੋਖ ਸਿੰਘ ਦੀ ਲਿਖਤ ਵਿਚ ਸਰਲਤਾ, ਸੰਵੇਦਨਾ ਅਤੇ ਉੱਚ ਆਦਰਸ਼ਾਂ ਦੀ ਝਲਕ ਮਿਲਦੀ ਹੈ। ਉਹ ਸਰਬ ਧਰਮ ਸਤਿਕਾਰ, ਸਰਬੱਤ ਦੇ ਭਲੇ ਅਤੇ ਸਿੱਖ ਮੂਲ ਸਿਧਾਂਤਾਂ ਦੇ ਪ੍ਰਤੀ ਅਡਿੱਗ ਨਿਸ਼ਠਾ ਰੱਖਦੇ ਹਨ। ਭਾਵੇਂ ਆਸਟ੍ਰੇਲੀਆ ਵਿਚ ਵੱਸਦੇ ਹਨ, ਪਰ ਪੰਜਾਬ ਦੀ ਮਿੱਟੀ ਨਾਲ ਉਹਦੀ ਰੂਹਾਨੀ ਡੋਰ ਅਟੁੱਟ ਹੈ।

**ਹਰਜੀਤ ਸਿੰਘ ਬੇਦੀ (1946)**

ਹਰਜੀਤ ਸਿੰਘ ਬੇਦੀ ਦਾ ਜਨਮ 24 ਅਪ੍ਰੈਲ 1946, ਪਿੰਡ ਬਦੋਮੱਲੀ, ਜ਼ਿਲ੍ਹਾ ਸਿਆਲਕੋਟ ਵਿੱਚ ਬੇਦੀ ਲਾਲ ਸਿੰਘ ਸਾਹਿਤਕਾਰ ਦੇ ਘਰ ਹੋਇਆ। ਪ੍ਰਸਿੱਧ ਪੰਜਾਬੀ ਸਾਹਿਤਕਾਰ, ਸੰਪਾਦਕ ਅਤੇ ਪ੍ਰਸ਼ਾਸਕੀ ਅਧਿਕਾਰੀ ਸਨ। ਉਨ੍ਹਾਂ ਦੀ ਰਚਨਾਤਮਕ ਯਾਤਰਾ ਕਹਾਣੀ, ਨਿਬੰਧ ਅਤੇ ਸਾਹਿਤਕ  ਤਕ ਵਿਸਥਾਰਤ ਹੈ। ਉਨ੍ਹਾਂ ਦੇ ਮੁੱਖ ਕਾਵਿ ਅਤੇ ਗਦ ਰਚਨਾ-ਸੰਗ੍ਰਹਿ ਵਿੱਚ ਅਸੀਂ ਤੁਹਾਡੇ ਮਹਿਰਮ ਹੋਇ (1966), ਨੂਰਾ ਗਰਦਾਂ ਦੀ ਹਸਰਤ (1969), ਚਾਨਣ ਦੀ ਫੁਲਕਾਰੀ (1972) ਅਤੇ ਕਲਮਾਂ ਦੇ ਮੀਤਾਂ ਦੇ ਨਾਂ (1979) ਆਦਿ ਪ੍ਰਸਿੱਧ ਹਨ। ਸਾਹਿਤਿਕ ਜੀਵਨ ਦੇ ਨਾਲ, ਉਨ੍ਹਾਂ ਨੇ ਲੋਕ ਸੰਪਰਕ ਸਾਖਾ, ਕਲਾ ਕੇਂਦਰ ਛੇਹਰਟਾ (1966-1998) ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੂੰ 1971 ਦੀ ਜਨ-ਗਣਨਾ ਵਿੱਚ ਸਰਵੋਤਮ ਸੇਵਾ ਲਈ ਭਾਰਤ ਦੇ ਰਾਸ਼ਟਰਪਤੀ ਵੱਲੋਂ ਗੋਲਡ ਮੈਡਲ ਮਿਲਿਆ, ਜਦਕਿ 1997 ਵਿੱਚ ਅਮਰੀਕਨ ਬਾਇਓਗ੍ਰਾਫੀਕਲ ਇੰਸਟੀਚਿਊਟ ਵੱਲੋਂ ਵੀ ਗੋਲਡ ਮੈਡਲ ਨਾਲ ਸਨਮਾਨਿਤ ਕੀਤੇ ਗਏ। ਸੰਪਾਦਕੀ ਯਾਤਰਾ ਦੌਰਾਨ ਉਨ੍ਹਾਂ ਨੇ ਕੰਵਲ (ਮਾਸਿਕ, ਅੰਮ੍ਰਿਤਸਰ, 1971-75) ਦਾ ਸੰਪਾਦਨ ਕੀਤਾ। ਹਰਜੀਤ ਸਿੰਘ ਬੇਦੀ ਪੰਜਾਬੀ ਸਾਹਿਤ ਅਤੇ ਲੋਕ ਸੰਪਰਕ ਖੇਤਰ ਵਿੱਚ ਆਪਣੀ ਵਿਅਕਤੀਗਤ ਪਹਿਚਾਨ ਅਤੇ ਯੋਗਦਾਨ ਲਈ ਜਾਣੇ ਜਾਂਦੇ ਸਨ।

(ਚਲਦਾ)

# ਸੌਖਾ ਨਹੀਂ ਕੈਨੇਡਾ 'ਚ ਵਿਦਿਆਰਥੀ ਜੀਵਨ



**ਜਗਮੋਹਨ ਸਿੰਘ ਲੱਕੀ**

ਇਕ ਸਮਾਂ ਅਜਿਹਾ ਵੀ ਸੀ ਜਦੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ 'ਸੁਪਨ ਨਗਰੀ' ਕਿਹਾ ਜਾਂਦਾ ਸੀ। ਹੁਣ ਇਹ ਸੁਪਨਾ ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਅਮਰੀਕਾ ਤੋਂ ਬਾਅਦ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀਆਂ ਅੱਖਾਂ ਵਿਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਉਥੇ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਸ ਦੇਸ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕਿਸੇ ਸਮੇਂ ਵਿਸ਼ਵ ਦੀ ਵੱਡੀ ਆਰਥਿਕ ਸ਼ਕਤੀ ਰਹੇ ਕੈਨੇਡਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਥੇ ਰੁਜ਼ਗਾਰ, ਰਿਹਾਇਸ਼ ਦੀ ਘਾਟ, ਦਿਨੋਂ-ਦਿਨ ਵਧ ਰਹੀ ਮਹਿੰਗਾਈ, ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਸਮੇਤ ਅਨੇਕਾਂ ਵੱਡੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਕੈਨੇਡਾ ਦੇ ਅਨੇਕਾਂ ਵਸਨੀਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ ਅਤੇ ਹੋਰ ਮੁਲਕਾਂ 'ਚ ਚਲੇ ਗਏ ਹਨ। ਇੱਥੇ ਦੀ ਨਵੀਂ ਸਰਕਾਰ ਭਾਵੇਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਇਸ ਦੇ ਮੌਜੂਦਾ ਹਾਲਤ ਤੋਂ ਪੂਰੀ ਦੁਨੀਆ ਜਾਣੂੰ ਹੈ। ਕੈਨੇਡਾ 'ਚ ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਭਾਰਤ ਦੇ ਲੋਕਾਂ ਵਿਚ ਇੱਥੇ ਜਾਣ ਦੀ ਜੋ ਚਾਹਤ ਦਿਨੋਂ ਦਿਨ ਵਧ ਰਹੀ ਹੈ, ਉਹ ਜ਼ਰੂਰ ਕਈ ਸਵਾਲ ਖੜ੍ਹੇ ਕਰਦੀ ਹੈ।

ਭਾਰਤ ਵਿਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਨ੍ਹਾਂ ਨੂੰ ਵੀ ਕੈਨੇਡਾ ਵਿਚ ਜਾ ਕੇ ਸ਼ਿਫਟਾਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ-ਬਿਰੰਗੀਆਂ ਰੋਸ਼ਨੀਆਂ ਵਿਚ ਅੱਖਾਂ ਵਿਚ ਅਨੇਕਾਂ ਸੁਪਨੇ ਲੈ ਕੇ ਇਸ ਮੁਲਕ ਲਈ ਜਹਾਜ਼ ਚੜ੍ਹੇ ਸਨ।

ਅੰਕੜੇ ਕਹਿੰਦੇ ਹਨ ਕਿ ਕੈਨੇਡਾ 'ਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ 'ਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ ਹਰ 10 ਵਿਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਦੀ ਗਿਣਤੀ ਨੂੰ ਲਗਾਤਾਰ ਘਟਾ ਰਿਹਾ ਹੈ। ਕੈਨੇਡੀਅਨ ਸਰਕਾਰ ਦੇ ਇਮੀਗ੍ਰੇਸ਼ਨ ਰਿਫਿਊਜ਼ੀ ਐਂਡ ਸਿਟੀਜ਼ਨਸ਼ਿਪ ਵਿਭਾਗ ਨੇ ਨਵੇਂ ਅੰਕੜੇ ਜਾਰੀ ਕੀਤੇ ਹਨ ਜਿਸ ਅਨੁਸਾਰ 2025 ਦੀ ਪਹਿਲੀ ਤਿਮਾਹੀ ਵਿਚ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾਬਲੇ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿਚ 31 ਫ਼ੀਸਦੀ ਦੀ ਕਮੀ ਆਈ ਹੈ। 2024 ਦੀ ਪਹਿਲੀ ਤਿਮਾਹੀ ਵਿਚ 44,295 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ।

ਦਰਅਸਲ, ਕੈਨੇਡੀਅਨ ਸਰਕਾਰ ਵਿਦੇਸ਼ਾਂ ਤੋਂ ਪੜ੍ਹਾਈ ਲਈ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ। ਸਾਲ 2023 ਵਿਚ ਉਸ ਨੇ 6,81,155 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਪਰ ਉਦੋਂ ਤੋਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਾਲ 2024 ਵਿਚ ਕੈਨੇਡਾ ਨੇ ਕੁੱਲ 5,16,275 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਗਿਣਤੀ 1,88,465 ਸੀ। ਇਥੇ ਰਿਕਾਰਡ ਇਮੀਗ੍ਰੇਸ਼ਨ ਅਤੇ ਇਸ ਦੇ ਨਤੀਜੇ ਵਜੋਂ ਉੱਥੇ ਘਰਾਂ ਦੀ ਕੀਮਤ ਵਿਚ ਵਾਧਾ ਅਤੇ ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਕਾਰਨ ਕੈਨੇਡੀਅਨ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਵਿਚ ਕਟੌਤੀ ਕਰਨ ਦਾ ਫ਼ੈਸਲਾ ਕੀਤਾ। ਉਸ ਨੇ 2023 ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ ਤੇ 2023 ਵਿਚ ਕੁੱਲ 6.81 ਲੱਖ ਸਟੱਡੀ ਪਰਮਿਟ ਜਾਰੀ ਕੀਤੇ, ਜਿਨ੍ਹਾਂ ਵਿਚੋਂ 2.78 ਲੱਖ ਭਾਰਤੀ ਵਿਦਿਆਰਥੀਆਂ ਲਈ ਸਨ। 2024 ਵਿਚ ਪਰਮਿਟਾਂ ਦੀ ਕੁੱਲ ਗਿਣਤੀ ਘਟ ਕੇ 5.16 ਲੱਖ ਹੋ ਗਈ, ਜਿਨ੍ਹਾਂ ਵਿਚੋਂ 1.88 ਲੱਖ ਭਾਰਤੀ ਵਿਦਿਆਰਥੀ ਸਨ। ਇਸ ਕਾਰਨ ਇਥੇ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਲਗਪਗ 40 ਫ਼ੀਸਦੀ ਘਟ ਗਈ ਹੈ।

ਕੈਨੇਡਾ ਵਿਚ ਰਹਿ ਰਹੇ ਵਿਦਿਆਰਥੀ ਦੱਸਦੇ ਹਨ ਕਿ ਇੱਥੇ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਇੱਥੇ ਦੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿਚ ਐਕਟਿਵ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ। ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ। ਇਸ ਤੋਂ ਇਲਾਵਾ ਭਾਰਤੀ ਖਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਵਿਚ ਇਕ-ਦੂਜੇ ਦੀ ਦੇਖਾ-ਦੇਖੀ ਵੀ ਕੈਨੇਡਾ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਥਾਂ ਭਾਰਤ ਵਿਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿਚ ਵਿਦੇਸ਼ ਜਾਣ ਦੀ ਇੱਛਾ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ-ਪੁੱਤਰਾਂ ਨੂੰ ਉਚੇਰੀ ਪੜ੍ਹਾਈ ਲਈ ਦੂਸਰੇ ਮੁਲਕ ਭੇਜਣਾ ਪੈਂਦਾ ਹੈ।

ਇਸ ਸਮੇਂ ਪੂਰੀ ਦੁਨੀਆਂ ਕਿਸੇ ਨਾ ਕਿਸੇ ਰੂਪ ਵਿਚ ਆਰਥਿਕ ਤੰਗੀ ਨਾਲ ਜੂਝ ਰਹੀ ਹੈ ਤੇ ਸੁਭਾਵਿਕ ਹੈ ਕਿ ਇਸ ਦਾ ਅਸਰ ਕੈਨੇਡਾ ਵਿਚ ਵੀ ਹੋ ਰਿਹਾ ਹੈ। ਮਹਿੰਗਾਈ ਵਿਚ ਵਾਧਾ ਹੋਣ ਕਾਰਨ ਅਨੇਕਾਂ ਭਾਰਤੀ ਲੋਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਜਾਣ ਲੱਗੇ ਹਨ। ਕੈਨੇਡਾ ਵਿਖੇ ਉਨ੍ਹਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ ਜੋ ਇੱਥੇ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਵਾਪਸ ਭਾਰਤ ਪਰਤਣਾ ਚਾਹੁੰਦੇ ਹਨ ਪਰ ਉਹ ਇਹ ਸੋਚ ਕੇ ਵਾਪਸ ਨਹੀਂ ਜਾਂਦੇ ਕਿ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਪਿੰਡ ਵਾਸੀ ਕੀ ਕਹਿਣਗੇ?

ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਇਹ ਤਾਂ ਉਨ੍ਹਾਂ ਲਈ ਮਿੱਠੀ ਜੇਲ੍ਹ ਹੈ ਜਿੱਥੇ ਹਰ ਚੀਜ਼ ਮਿਲ ਜਾਂਦੀ ਹੈ ਪਰ ਅਪਣੱਤ ਨਹੀਂ ਮਿਲਦੀ। ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ 'ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?'। ਇੱਥੇ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਰੋਜ਼ੀ-ਰੋਟੀ ਕਮਾਉਣ ਵਿਦੇਸ਼ਾਂ ਵਿਚ ਗਏ ਬੱਚਿਆਂ ਦੀਆਂ ਮੌਤਾਂ ਦੀਆਂ ਖ਼ਬਰਾਂ ਸੁਣ ਕੇ ਵੀ ਦਿਲ ਦੁਖੀ ਹੋ ਜਾਂਦਾ ਹੈ। ਕੁਝ ਸਮਾਂ ਪਹਿਲਾਂ ਵਿਦੇਸ਼ ਰਾਜ ਮੰਤਰੀ ਨੇ ਰਾਜ ਸਭਾ ਵਿਚ ਪੁੱਛੇ ਗਏ ਇਕ ਸਵਾਲ ਦਾ ਲਿਖਤੀ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ 2018 ਤੋਂ ਲੈ ਕੇ 2023 ਦੇ ਦਸੰਬਰ ਮਹੀਨੇ ਤੱਕ ਵਿਦੇਸ਼ ਵਿਚ 403 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਇਸ ਵਿਚੋਂ ਸਭ ਤੋਂ ਜ਼ਿਆਦਾ 91 ਮੌਤਾਂ ਕੈਨੇਡਾ ਵਿਚ ਹੋਈਆਂ। ਕੁਝ ਮੌਤਾਂ ਕੁਦਰਤੀ ਪਰ ਕੁਝ ਦਾ ਕਾਰਨ ਚਿੰਤਾ ਵੀ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਹਾਲਾਤ ਦੇ ਬਾਵਜੂਦ ਨੌਜਵਾਨ ਜਾਇਜ਼ ਤੇ ਨਾਜਾਇਜ਼ ਦੋਵਾਂ ਤਰੀਕਿਆਂ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਕੈਨੇਡਾ ਜਾਂ ਹੋਰ ਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਪੰਜਾਬ 'ਚ ਹੀ ਕੋਈ ਕੰਮ ਸ਼ੁਰੂ ਕਰਨ। ਇਸ ਨਾਲ ਉਨ੍ਹਾਂ ਨੂੰ ਚੰਗੀ ਆਮਦਨੀ ਵੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰ ਅਤੇ ਜੱਦੀ ਘਰਾਂ ਤੋਂ ਦੂਰ ਵੀ ਨਹੀਂ ਹੋਣਾ ਪਵੇਗਾ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ।

# ਅਮਰੀਕਾ ਬੁਰੀ ਤਰ੍ਹਾਂ ਹਾਰੇਗਾ ਵਪਾਰਕ ਜੰਗ



-ਦਰਬਾਰਾ ਸਿੰਘ ਕਾਹਲੋਂ

ਟਰੰਪ ਦਾ ਵਪਾਰਕ ਸਮਝੌਤਾ ਕਿਸੇ ਦੇਸ਼ ਨਾਲ ਸਥਾਈ ਨਹੀਂ। ਟਰੰਪ ਟੈਰਿਫ ਸਥਾਈ ਨਹੀਂ। ਧਮਕਾਓ ਤੇ ਮਨਮਰਜ਼ੀ ਦਾ ਸਮਝੌਤਾ ਕਰੋ। ਟਰੰਪ ਬਿਮਾਰ ਮਾਨਸਿਕਤਾ ਵਾਲਾ ਵਿਅਕਤੀ ਹੈ। ਪਤਾ ਨਹੀਂ ਕਦੋਂ ਕੀ ਕਹਿ ਦੇਵੇ। ਵ੍ਹਾਈਟ ਹਾਊਸ ਵਿਚ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਰਾਮਾਫੋਸਾ ਦੀ ਬੇਇੱਜ਼ਤੀ ਤੋਂ ਕੌਣ ਜਾਣੂ ਨਹੀਂ?

ਅਮਰੀਕੀ ਰਾਸ਼ਟਰਪਤੀ ਪਦ ਦੀ ਚੋਣ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਨੇ ਦੂਜੀ ਵਾਰ 21 ਜਨਵਰੀ 2025 ਨੂੰ ਇਹ ਅਹੁਦਾ ਸੰਭਾਲਿਆ। ਟਰੰਪ ਦਾ ਪਿਛਲਾ ਕਾਰਜਕਾਲ ਸੰਨ 2017 ਤੋਂ 2021 ਤਿੱਖੇ ਵਿਵਾਦਾਂ, ਅੰਦਰੂਨੀ ਅਤੇ ਬਾਹਰੀ ਟਕਰਾਵਾਂ ਜਿਸ ਵਿਚ ਦੋ ਵਾਰ ਚੱਲੇ ਮਹਾਦੋਸ਼ ਵੀ ਸ਼ਾਮਲ ਹਨ, ਵਿਚ ਗੁਜ਼ਰ ਗਿਆ। ਇਸ ਕਾਰਜਕਾਲ ਵਿਚ ਪੈਂਦਿਆਂ ਹੀ ਉਸ ਨੇ ਕੌਮਾਂਤਰੀ ਵਿਸ਼ਵ ਵਪਾਰ ਸਿਸਟਮ ’ਤੇ ਤਾਬੜਤੋੜ ਹਮਲਾ ਕਰਦੇ ਹੋਏ ਆਲਮੀ ਪੱਧਰ ’ਤੇ ਵਪਾਰਕ ਜੰਗ ਛੇੜ ਦਿੱਤੀ।

ਓਧਰ ਅਮਰੀਕੀ ਰਾਸ਼ਟਰਪਤੀ ਟਰੰਪ ਵੀ ਅਮਰੀਕਾ ਨੂੰ ‘ਮੁੜ ਮਹਾਨ ਸ਼ਕਤੀਸ਼ਾਲੀ ਦੇਸ਼’ ਬਣਾਉਣਾ ਚਾਹੁੰਦਾ ਹੈ। ਇਹ ਇਕ ਸ਼ਲਾਘਾਯੋਗ ਸੰਕਲਪ ਹੈ। ਪਰ ਇਸ ਦੀ ਬਦਸੂਰਤੀ ਇਹ ਹੈ ਕਿ ਅਮਰੀਕਾ ਇਸ ਲਈ ਭਾਰਤ ਦੇ ਉਲਟ ਜੰਗਬਾਜ਼, ਧਮਕੀ ਭਰਪੂਰ, ਸਰਮਾਏਦਾਰ, ਬਸਤੀਵਾਦੀ, ਵਿਨਾਸ਼ਕਾਰੀ, ਧੋਖੇਬਾਜ਼ ਹਿੰਸਕ ਅਤੇ ਖ਼ਤਰਨਾਕ ਨੀਤੀਆਂ ਅਪਣਾ ਰਿਹਾ ਹੈ।

ਹਕੀਕਤ ਇਹ ਹੈ ਕਿ ਅਮਰੀਕੀ ਆਰਥਿਕਤਾ ਅੰਦਰੋਂ ਬੁਰੀ ਤਰ੍ਹਾਂ ਟੁੱਟ ਰਹੀ ਹੈ। ਖੋਖਲੇਪਣ ਦਾ ਸ਼ਿਕਾਰ ਹੈ। ਆਪਣੀ ਕਮਜ਼ੋਰੀ ਛੁਪਾਉਣ ਲਈ ਇਸ ਨੇ ਆਪਣੇ ਭਾਰਤ ਅੰਦਰ ਸਾਬਕਾ ਵਪਾਰਕ ਪ੍ਰਤੀਨਿਧ ਰਾਬਰਟ ਲਾਈਟ ਹਾਈਜ਼ਰ ਜੋ ਮਈ 2017 ਤੋਂ 20 ਜਨਵਰੀ 2021 ਤੱਕ ਇਸ ਅਹੁਦੇ ’ਤੇ ਰਿਹਾ, ਰਾਹੀਂ ਭਾਰਤ ਵਿਰੋਧੀ ਪ੍ਰਾਪੇਗੰਡਾ ਸ਼ੁਰੂ ਕੀਤਾ ਹੈ ਕਿ ਇਸ ਦੇਸ਼ ਨੂੰ 15 ਧਨਾਢ ਕਾਰਪੋਰੇਟਰ ਚਲਾ ਰਹੇ ਹਨ। ਜਦਕਿ ਸੱਚਾਈ ਇਹ ਹੈ ਕਿ ਅਮਰੀਕਾ ਨੂੰ 8-10 ਧਨਾਢ ਚਲਾ ਰਹੇ ਹਨ ਜਿਨ੍ਹਾਂ ਨੇ ਅੰਨ੍ਹਾ ਧਨ ਅਤੇ ਹੋਰ ਸਰੋਤ ਵਰਤ ਕੇ ਡੋਨਾਲਡ ਟਰੰਪ ਨੂੰ ਮੁੜ ਰਾਸ਼ਟਰਪਤੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਧਨਾਢ ਕਾਰਪੋਰੇਟਰ ਅਮਰੀਕੀ ਸਰਦਾਰੀ ਹੇਠ ‘ਆਲਮੀ ਆਰਥਿਕ ਵਿਵਸਥਾ ਦੀ ਮੁੜ ਕ੍ਰਮਬੱਧਤਾ’ ਆਪਣੇ ਨਿੱਜੀ ਹਿੱਤਾਂ ਲਈ ਕਰਨਾ ਚਾਹੁੰਦੇ ਹਨ।

‘ਆਲਮੀ ਆਰਥਿਕ ਵਿਵਸਥਾ ਦੀ ਮੁੜ ਕ੍ਰਮਬੱਧਤਾ’ ਲਈ ਟਰੰਪ ਪ੍ਰਸ਼ਾਸਨ ਪੂਰੇ ਵਿਸ਼ਵ ਦੇ ਪ੍ਰਭੂਸੱਤਾ ਸੰਪੰਨ ਦੇਸ਼ਾਂ ਨੂੰ ਆਪਣੀਆਂ ਬਸਤੀਆਂ ਵਿਚ ਤਬਦੀਲ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਉਹ ਅਮਰੀਕਾ ਅੰਦਰ ਨਿਵੇਸ਼ ਕਰਨ, ਸਨਅਤਾਂ ਅਤੇ ਕਾਰੋਬਾਰ ਸਥਾਪਤ ਕਰਨ। ਅਮਰੀਕੀ ਉਤਪਾਦਤ ਵਸਤਾਂ ਜ਼ੀਰੋ ਟੈਰਿਫ ’ਤੇ ਆਪਣੇ ਦੇਸ਼ਾਂ ਵਿਚ ਆਯਾਤ ਕਰ ਕੇ ਆਪਣੀਆਂ ਮੰਡੀਆਂ ਵਿਚ ਵੇਚਣ। ਉਸ ਤੋਂ ਆਟੋ ਸਪੇਅਰ ਪਾਰਟਸ, ਕਾਰਾਂ, ਤੇਲ, ਗੈਸ, ਹਥਿਆਰ, ਖਾਣ-ਪੀਣ ਦੀਆਂ ਵਸਤਾਂ ਖ਼ਰੀਦਣ। ਇਸ ਮੰਤਵ ਲਈ ਉਸ ਨੇ ਮਾਰੂ ਟਰੰਪ ਟੈਰਿਫ ਨੀਤੀ ਹਥਿਆਰ ਦੀ ਦੁਰਵਰਤੋਂ ਸ਼ੁਰੂ ਕੀਤੀ। ਇਸ ਨੀਤੀ ਦਾ ਬਦਨਾਮ ਘਾੜਾ ਟਰੰਪ ਦਾ ਵਪਾਰਕ ਸਲਾਹਕਾਰ ਪੀਟਰ ਨਾਵਾਰੋ ਹੈ। ਉਹ ਖੁੱਲ੍ਹੇ ਵਪਾਰ ਦਾ ਵਿਰੋਧੀ ਹੈ।

ਅਮਰੀਕੀ ਕਾਂਗਰਸ ਤੇ ਸੈਨੇਟ ਵਿਚ ਰਿਪਬਲਿਕਨਾਂ ਦੀ ਬਹੁ-ਗਿਣਤੀ ਹੈ। ਇਨ੍ਹਾਂ ਨੇ ਟਰੰਪ ਨੂੰ ਟੈਰਿਫ ਲਗਾਉਣ ਦੀ ਖੁੱਲ੍ਹ ਦੇ ਕੇ ਵੱਡੀ ਗ਼ਲਤੀ ਕੀਤੀ ਹੈ। ਇਸ ਤੋਂ ਇਲਾਵਾ ਟਰੰਪ ਕੌਮਾਂਤਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ, 1977 ਦੀ ਕੁਵਰਤੋਂ ਕਰ ਰਿਹਾ ਹੈ ਜਿਸ ਨੂੰ ਅਮਰੀਕੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਗਈ ਹੈ। ਅਦਾਲਤਾਂ ਇਸ ਦੀ ਕੁਵਰਤੋਂ ਨੂੰ ਗ਼ਲਤ ਤੇ ਗ਼ੈਰ ਸੰਵਿਧਾਨਕ ਦੱਸ ਰਹੀਆਂ ਹਨ।

ਟਰੰਪ ਦਾ ਵਪਾਰਕ ਸਮਝੌਤਾ ਕਿਸੇ ਦੇਸ਼ ਨਾਲ ਸਥਾਈ ਨਹੀਂ। ਟਰੰਪ ਟੈਰਿਫ ਸਥਾਈ ਨਹੀਂ। ਧਮਕਾਓ ਤੇ ਮਨਮਰਜ਼ੀ ਦਾ ਸਮਝੌਤਾ ਕਰੋ। ਟਰੰਪ ਬਿਮਾਰ ਮਾਨਸਿਕਤਾ ਵਾਲਾ ਵਿਅਕਤੀ ਹੈ। ਪਤਾ ਨਹੀਂ ਕਦੋਂ ਕੀ ਕਹਿ ਦੇਵੇ। ਵ੍ਹਾਈਟ ਹਾਊਸ ਵਿਚ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਰਾਮਾਫੋਸਾ ਦੀ ਬੇਇੱਜ਼ਤੀ ਤੋਂ ਕੌਣ ਜਾਣੂ ਨਹੀਂ? ਅਮਰੀਕੀ ਕੌਮ ਦਾ ਡੀਐੱਨਏ ਏਕਾਅਧਿਕਾਰਵਾਦੀ, ਮੌਕਾਪ੍ਰਸਤ, ਮਤਲਬਪ੍ਰਸਤ, ਜੰਗਬਾਜ਼ ਹੈ ਜਦਕਿ ਮਾਨਸਿਕਤਾ ਹਿੰਸਕ ਅਤੇ ਤੋੜ-ਫੋੜਵਾਦੀ ਹੈ। ਟੈਰਿਫ ਡਰਾਵੇ ਨਾਲ ਟਰੰਪ ਆਜ਼ਾਦ ਰਾਸ਼ਟਰਾਂ ਦੀ ਪ੍ਰਭੂਸੱਤਾ ਨੂੰ ਹੱਥ ਪਾ ਰਿਹਾ ਹੈ।

ਸਾਊਥ ਅਫਰੀਕਾ ਨੇ ਅਮਰੀਕਾ ਵਿਚ 3.3 ਬਿਲੀਅਨ ਡਾਲਰ ਨਿਵੇਸ਼ ਕਰਨ, 10 ਸਾਲਾਂ ਵਿਚ 12 ਬਿਲੀਅਲ ਦੀ ਗੈਸ ਖ਼ਰੀਦਣ ਦੀ ਪੇਸ਼ਕਸ਼ ਦੇ ਬਾਵਜੂਦ ਟਰੰਪ ਨੇ 31 ਪ੍ਰਤੀਸ਼ਤ ਟੈਰਿਫ ਉਸ ਦੇ ਅਯਾਤ ’ਤੇ ਠੋਕਿਆ ਜਿਸ ਨਾਲ ਸਿੱਧਾ 1 ਲੱਖ ਨੌਕਰੀਆਂ ਦਾ ਨੁਕਸਾਨ ਹੋਇਆ। ਢੁੱਚਰ ਇਹ ਲਗਾਇਆ ਕਿ ਤੁਸੀਂ ਘੱਟ ਗਿਣਤੀ ਗੋਰਿਆਂ ਦਾ ਨਸਲਘਾਤ ਕਰ ਰਹੇ ਹੋ।

ਬ੍ਰਾਜ਼ੀਲ ਨਾਲ ਅਮਰੀਕਾ ਦਾ 6.8 ਬਿਲੀਅਨ ਸਰਪਲੱਸ ਵਪਾਰ ਚੱਲਦਾ ਹੈ। ਉਸ ’ਤੇ 50 ਪ੍ਰਤੀਸ਼ਤ ਟੈਰਿਫ ਠੋਕਣ ਦੀ ਧਮਕੀ ਦਿੱਤੀ ਜਾ ਰਹੀ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡੀਸਿਲਵਾ ਨੇ ਕਰਾਰਾ ਜਵਾਬ ਦਿੱਤਾ ਹੈ। ਟਰੰਪ ਵਿਸ਼ਵ ਦਾ ਬਾਦਸ਼ਾਹ ਨਹੀਂ ਜਿਸ ਤੋਂ ਉਹ ਹੁਕਮ ਲੈਣਗੇ। ਅਮਰੀਕੀਆਂ ਨੇ ਉਸ ਨੂੰ ਅਮਰੀਕੀ ਸਰਕਾਰ ਚਲਾਉਣ ਲਈ ਚੁਣਿਆ ਹੈ, ਨਾ ਕਿ ਗਲੋਬਲ ਪ੍ਰਸ਼ਾਸਨ ਚਲਾਉਣ ਲਈ। ਟਰੰਪ ਨੂੰ ਬ੍ਰਾਜ਼ੀਲ ਨਾਲ ਇਹ ਕਿੜ ਹੈ ਕਿ ਇਕ ਤਾਂ ਉਹ ਬ੍ਰਿਕਸ ਸੰਗਠਨ ਦਾ ਮੈਂਬਰ ਹੈ, ਦੂਜਾ ਉੱਥੇ ਰਾਸ਼ਟਰਪਤੀ ਚੋਣਾਂ ਹਾਰ ਚੁੱਕੇ ਅਮਰੀਕੀ ਪਿੱਠੂ ਜਾਇਰ ਬੋਲਸੋਨਾਰੋ ਵਿਰੁੱਧ ਤਖ਼ਤਾ ਪਲਟਣ ਦੀ ਸਾਜ਼ਿਸ਼ ਮਾਮਲੇ ਵਿਚ ਕੇਸ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ।

ਟਰੰਪ ਨੇ ਵੀਅਤਨਾਮ, ਇੰਡੋਨੇਸ਼ੀਆ ਤੇ ਫਿਲਪੀਨ ਆਦਿ ਦੀ ਧੌਣ ’ਤੇ ਗੋਡਾ ਰੱਖ ਕੇ 19 ਪ੍ਰਤੀਸ਼ਤ ਟੈਰਿਫ ਲਗਾਉਣ ਤੋਂ ਇਲਾਵਾ ਮਨਾਇਆ ਕਿ ਉਹ ਅਮਰੀਕੀ ਵਸਤਾਂ ਤੇ ਜ਼ੀਰੋ ਪ੍ਰਤੀਸ਼ਤ ਟੈਰਿਫ ਲਗਾਉਣਗੇ। ਯੂਰਪੀ ਯੂਨੀਅਨ ਤੇ ਜਾਪਾਨ ਨੇ ਅਮਰੀਕਾ ਅੱਗੇ ਗੋਡੇ ਟੇਕਦਿਆਂ ਟੈਰਿਫ ਸਮਝੌਤੇ ਕੀਤੇ ਹਨ। ਇਨ੍ਹਾਂ ਨੇ ਅਮਰੀਕਾ ਅੰਦਰ ਨਿਵੇਸ਼ ਕਰਨ ਤੇ ਵੱਡੀ ਮਾਤਰਾ ’ਚ ਅਮਰੀਕੀ ਵਸਤਾਂ ਖ਼ਰੀਦਣ ਦਾ ਵਾਅਦਾ ਕੀਤਾ ਹੈ। ਯੂਰਪੀ ਯੂਨੀਅਨ ਨਾਲ ਅਜੇ ਅੰਤਰਿਮ ਸਮਝੌਤਾ ਹੋਇਆ ਹੈ। ਇਹ ਉਨ੍ਹਾਂ ਚਾਣਕੀਆ ਨੀਤੀ ਤਹਿਤ ਹਾਲ ਦੀ ਘੜੀ ਟਕਰਾਅ ਰੋਕਣ ਲਈ ਕੀਤਾ ਹੈ। ਹਕੀਕਤ ਵਿਚ 27 ਯੂਰਪੀ ਯੂਨੀਅਨ ਦੇਸ਼ ਚੀਨ ਸਮੇਤ ਹੋਰ ਦੇਸ਼ਾਂ ਨਾਲ ਵਪਾਰ ਵਧਾਉਣ ਅਤੇ ਅੰਤਰਿਮ ਸਮਝੌਤੇ ਤੋੜਨ ਦੇ ਮੌਕੇ ਦੀ ਤਲਾਸ਼ ਵਿਚ ਹਨ।

ਬ੍ਰਿਕਸ ਦੇਸ਼ਾਂ ਜਿਨ੍ਹਾਂ ਵਿਚ ਚੀਨ, ਸਾਊਥ ਅਫ਼ਰੀਕਾ, ਬ੍ਰਾਜ਼ੀਲ, ਭਾਰਤ, ਮਿਸਰ, ਈਰਾਨ, ਇਥੋਪੀਆ, ਇੰਡੋਨੇਸ਼ੀਆ ਅਤੇ ਯੂਏਈ ਆਦਿ ਸ਼ਾਮਲ ਹਨ, ਟਰੰਪ ਨੇ ਇਨ੍ਹਾਂ ’ਤੇ 10 ਪ੍ਰਤੀਸ਼ਤ ਵਾਧੂ ਟੈਰਿਫ ਦੀ ਧਮਕੀ ਦਿੱਤੀ ਹੈ। ਦੂਜੀ ਵਿਸ਼ਵ ਜੰਗ ਅਮਰੀਕਾ ਆਪਣੇ ਮਿੱਤਰ ਦੇਸ਼ਾਂ ਤੇ ਸੋਵੀਅਤ ਯੂਨੀਅਨ ਕਰਕੇ ਜਿੱਤ ਸਕਿਆ ਸੀ। ਉਸ ਤੋਂ ਬਾਅਦ ਅੱਜ ਤੱਕ ਇਸ ਨੇ ਇਕ ਵੀ ਨਿਰਣਾਇਕ ਜੰਗ ਨਹੀਂ ਜਿੱਤੀ। ਵੀਅਤਨਾਮ, ਕੋਰੀਆ, ਅਫ਼ਗਾਨਿਸਤਾਨ ਵਿੱਚੋਂ ਹਜ਼ਾਰਾਂ ਅਮਰੀਕੀਆਂ ਅਤੇ ਮਿੱਤਰ ਨਾਟੋ ਦੇਸ਼ਾਂ ਦੇ ਫ਼ੌਜੀਆਂ ਦੀਆਂ ਲਾਸ਼ਾਂ ਮਿੱਧਦਾ ਇਹ ਸ਼ਰਮਨਾਕ ਢੰਗ ਨਾਲ ਭੱਜਦਾ ਰਿਹਾ। ਇਹ ਸੀਆਈਏ ਬਦਨਾਮ ਖ਼ੁਫ਼ੀਆ ਏਜੰਸੀ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਰਾਜ ਪਲਟਿਆਂ ਦਾ ਦੋਸ਼ੀ ਰਿਹਾ ਹੈ। ਪੈਰਿਸ ਜਲਵਾਯੂ ਸਮਝੌਤੇ, ਈਰਾਨ ਨਾਲ ਪਰਮਾਣੂ ਸੰਧੀ, ਵਿਦੇਸ਼ੀ ਸਹਾਇਤਾ ਤੋਂ ਮੁੱਕਰਨ ਕਰਕੇ ਕੌਮਾਂਤਰੀ ਭਰੋਸੇਯੋਗਤਾ ਗੁਆ ਚੁੱਕਾ ਹੈ। ਹੁਣ ਟੈਰਿਫ ਜੰਗ ਹਾਰੇਗਾ।

ਸੰਨ 1941 ਵਿਚ ਟਾਈਮ ਮੈਗਜ਼ੀਨ ਦੇ ਸੰਸਥਾਪਕ ਹੈਨਰੀ ਲੂਸ ਨੇ ਫੜ੍ਹ ਮਾਰੀ ਸੀ ਕਿ ਅਮਰੀਕੀ ਸਰਦਾਰੀ ਹੇਠ ਵਿਸ਼ਵ ਸ਼ਾਂਤੀ ਮਜ਼ਬੂਤ ਹੋਵੇਗੀ ਜੋ ਕੋਰਾ ਝੂਠ ਸਾਬਿਤ ਹੋਈ।

ਇੱਕੀ ਜਨਵਰੀ 2025 ਤੋਂ ਟਰੰਪ ਸੱਤਾ ਸੰਭਾਲਣ ਤੋਂ ਬਾਅਦ ਲਗਾਤਾਰ ਅਮਰੀਕੀ ਬਿਮਾਰ ਆਰਥਿਕਤਾ ਨੂੰ ਸੁਧਾਰਨ ਲਈ ਵਿਸ਼ਵ ਭਰ ਦੇ ਦੇਸ਼ਾਂ ਨੂੰ ਤੰਗ-ਪਰੇਸ਼ਾਨ ਕਰ ਰਿਹਾ ਹੈ। ਵਾਰ-ਵਾਰ ਪ੍ਰੈੱਸ, ਟਵਿੱਟਰ ਅਤੇ ਫੇਸਬੁੱਕ ਰਾਹੀਂ ਆਪਣੀਆਂ ਜਿੱਤਾਂ ਦੇ ਝੂਠੇ ਦਾਅਵੇ ਕਰ ਰਿਹਾ ਹੈ। ਜਦਕਿ ਇਸ ਸਮੇਂ ਅਮਰੀਕੀ ਆਰਥਿਕ ਵਿਕਾਸ ਦਰ 1 ਪ੍ਰਤੀਸ਼ਤ ਹੈ ਜਦਕਿ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੀ ਆਖ਼ਰੀ ਛਿਮਾਹੀ ਵਿਚ ਇਹ 2.8 ਪ੍ਰਤੀਸ਼ਤ ਸਾਲਾਨਾ ਸੀ। ਅਮਰੀਕੀ ਆਰਥਿਕਤਾ ਦਾ ਸਭ ਤੋਂ ਬੁਰਾ ਇਹ ਹੋ ਰਿਹਾ ਹੈ ਕਿ ਨਿਵੇਸ਼ ਘੱਟ ਹੋ ਗਿਆ ਹੈ। ਨਿਰਯਾਤ ਘਟ ਗਿਆ ਹੈ ਕਿਉਂਕਿ ਵਪਾਰਕ ਸਹਿਯੋਗੀ ਟਰੰਪ ਦੇ ਟੈਰਿਫਾਂ ਤੋਂ ਤੰਗ ਆ ਕੇ ਹੋਰ ਦੇਸ਼ਾਂ ਨਾਲ ਵਪਾਰ ਦੇ ਰਸਤੇ ਤਲਾਸ਼ਣ ਲੱਗ ਪਏ ਹਨ। ਹੈਰਾਨੀ ਇਹ ਵੀ ਹੈ ਕਿ ਟਰੰਪ ਟੈਰਿਫ ਉਲਟਾ ਮਹਿੰਗਾਈ ਅਤੇ ਬੇਰੁਜ਼ਗਾਰੀ ਕਰਕੇ ਅਮਰੀਕੀ ਆਰਥਿਕਤਾ ਦੇ ਖੰਭ ਕੁਤਰਨ ਲੱਗ ਪਿਆ ਹੈ। ਟੈਰਿਫ ਵਾਧਿਆਂ ਦੇ ਨਤੀਜੇ ਵਜੋਂ ਇਕ ਸਰਵੇਖਣ ਅਨੁਸਾਰ ਅਮਰੀਕਾ ਆਪਣੇ ਲੋਕਾਂ ’ਤੇ ਟੈਕਸ ਲਾਉਣ ਲਈ ਮਜਬੂਰ ਹੋ ਰਿਹਾ। ਕਾਂਗਰਸ ਨੂੰ ਖ਼ਦਸ਼ਾ ਹੈ ਕਿ ਚਾਲੂ ਵਿੱਤੀ ਸਾਲ ਦੇ ਅੱਧ ਵਿਚ ਜੋ ਵਿੱਤੀ ਘਾਟਾ 1.3 ਟ੍ਰਿਲੀਅਨ ਡਾਲਰ ਹੋ ਚੁੱਕਾ ਹੈ, ਅਗਲੇ ਦਹਾਕੇ ਵਿਚ 20 ਟ੍ਰਿਲੀਅਨ ਹੋ ਜਾਵੇਗਾ। ਬਿੱਗ ਬਿਊਟੀਫੁੱਲ ਐਕਟ ਰਾਹੀਂ ਬਾਜ਼ਾਰ ਵਿੱਚੋਂ ਉਧਾਰ ਲੈ ਕੇ ਮੁੱਢਲੇ ਢਾਂਚੇ ਲਈ ਪੈਕੇਜ, ਸਨਅਤਾਂ ਨੂੰ ਸਬਸਿਡੀ ਅਤੇ ਲੋਕ ਭਲਾਈ ਕੰਮਾਂ ਲਈ ਗ੍ਰਾਂਟਾਂ ਕਰਜ਼ਿਆਂ ਦੀ ਪੰਡ ਭਾਰੀ ਕਰੇਗੀ ਜੋ ਅਮਰੀਕਾ ਨੂੰ ਆਰਥਿਕ ਦੀਵਾਲੀਏਪਣ ਵੱਲ ਧੱਕ ਦੇਵੇਗੀ। ਰੇਅ ਡਾਲੀਓ, ਬ੍ਰਿਜਵਾਟਰ ਐਸੋਸੀਏਟਸ ਅਨੁਸਾਰ ਅਮਰੀਕੀ ਖ਼ਜ਼ਾਨੇ ਵਿਚ ਘਾਟਾ ਸਰਕਾਰ ਨੂੰ ਵਿਆਜ ਦਰਾਂ ਵਧਾਉਣ ਲਈ ਮਜਬੂਰ ਕਰੇਗਾ ਜਿਸ ਕਰਕੇ ਅਮਰੀਕੀ ਆਰਥਿਕਤਾ ‘ਮ੍ਰਿਤੂ ਚੱਕਰ’ ਵਿਚ ਫਸ ਸਕਦੀ ਹੈ। ਮਹਿੰਗਾਈ, ਉਪਭੋਗਤਾ ਕਮੀ ਕਰਕੇ ਮੁਨਾਫ਼ਾ ਘਟੇਗਾ। ਨਤੀਜੇ ਵਜੋਂ ਨਿਵੇਸ਼ ਘਟੇਗਾ। ਘਟ ਰਹੀ ਵਿਕਾਸ ਦਰ ਕਰਕੇ ਆਰਥਿਕਤਾ ਮੂਧੇ-ਮੂੰਹ ਡਿੱਗੇਗੀ।

ਚੀਨ ’ਤੇ ਟੈਰਿਫਾਂ ਦੀ ਝੜੀ ਦਾ ਉਲਟਾ ਅਸਰ ਸਾਫ਼ ਦਿਸ ਰਿਹਾ ਹੈ। ਉਸ ਦੀ ਵਿਕਾਸ ਦਰ ਚਾਲੂ ਸਾਲ ਦੀ ਦੂਸਰੀ ਤਿਮਾਹੀ ਵਿਚ 5.2 ਪ੍ਰਤੀਸ਼ਤ ਸਾਲਾਨਾ ਦਰ ਨਾਲ ਵਧੀ ਹੈ। ਅਮਰੀਕੀ ਅੰਦੇਸ਼ੇ ਦੇ ਉਲਟ ਨਿਰਯਾਤ ਵਿਚ ਵਾਧਾ ਹੋਇਆ ਹੈ। ਚੀਨ ਦਾ ਅਮਰੀਕਾ ਨਾਲ ਵਪਾਰ ਘਟਿਆ ਜਦਕਿ ਦੱਖਣ-ਪੂਰਬ ਏਸ਼ੀਆ, ਲਤੀਨੀ ਅਮਰੀਕਾ, ਅਫ਼ਰੀਕਾ ਅਤੇ ਘੋਰ ਵਿਰੋਧੀ ਭਾਰਤ ਨਾਲ ਵਧਿਆ ਹੈ। ਚੀਨ ਦਾ ਬੈਲਟ ਐਂਡ ਰੋਡ ਪ੍ਰਾਜੈਕਟ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਸਾਲ ਦੇ ਪਹਿਲੇ 6 ਮਹੀਨੇ ਵਿਚ ਉਸ ਨੇ ਇਸ ’ਤੇ 124 ਬਿਲੀਅਨ ਡਾਲਰ ਖ਼ਰਚ ਕੀਤੇ ਹਨ।

ਟਰੰਪ ਦੀ ਟੈਰਿਫ ਨੀਤੀ ਖੋਖਲੀ ਅਤੇ ਦੋਸ਼ਪੂਰਨ ਸਿੱਧ ਹੋ ਰਹੀ ਹੈ। ਅਮਰੀਕੀ ਲੋਕ ਗ਼ਲਤੀ ਸੁਧਾਰਦੇ ਹੋਏ ਉਸ ਦੀਆਂ ਅਰਧ ਪਾਗਲਾਨਾ ਨੀਤੀਆਂ ਵਿਰੁੱਧ ਆਪਣੇ ਅਤੇ ਅਮਰੀਕੀ ਰਾਸ਼ਟਰ ਦੇ ਗਲੋਬਲ ਭਾਈਚਾਰੇ ਵਿਚ ਸਨਮਾਨ ਦੀ ਰਾਖੀ ਲਈ ਖੜ੍ਹੇ ਹੋ ਰਹੇ ਹਨ। ਤਾਕਤਵਰ ਅਤੇ ਜਾਗਦੀ ਜ਼ਮੀਰ ਵਾਲੇ ਦੇਸ਼ ਉਸ ਦੇ ਬਸਤੀਵਾਦ ਅਤੇ ਥਾਣੇਦਾਰੀ ਨੂੰ ਅੱਖਾਂ ਵਿਖਾਉਣ ਲੱਗ ਪਏ ਹਨ। ਭਾਰਤ ਰੂਸ ਤੋਂ ਤੇਲ ਅਤੇ ਹਥਿਆਰ ਖ਼ਰੀਦਣ ਸਬੰਧੀ ਡਟ ਗਿਆ ਹੈ। ਉਸ ਨੇ ਕਿਹਾ ਹੈ ਕਿ ਜੇ ਯੂਕਰੇਨ ਦਾ ਫ਼ ?ਕਰ ਹੈ ਤਾਂ ਰੂਸ ਤੋਂ ਯੂਰੇਨੀਅਮ ਅਤੇ ਖਾਦਾਂ ਦੀ ਖ਼ਰੀਦ ਬੰਦ ਕਰੋ। ਗਾਜ਼ਾ ਦੀ ਬਰਬਾਦੀ, ਨਸਲਘਾਤ, ਭੁੱਖਮਰੀ ਲਈ ਕੌਣ ਜ਼ਿੰਮੇਵਾਰ ਹੈ? ਕੈਨੇਡਾ ਫਲਸਤੀਨ ਨੂੰ ਮਾਨਤਾ ਦੇ ਰਿਹਾ ਹੈ। ਆਸਟ੍ਰੇਲੀਆ ਸੁਪਰ ਮਾਰਕੀਟ ਨੇ ਅਮਰੀਕੀ ਬੀਫ ਖ਼ਰੀਦਣ ਤੋਂ ਨਾਂਹ ਕਰ ਦਿੱਤੀ ਹੈ। ਬ੍ਰਾਜ਼ੀਲ ਨੇ ਕਰਾਰਾ ਜਵਾਬ ਦਿੱਤਾ ਹੈ।


## NAME OF CHANGE

I, BHAGWAN SINGH KHELA S/O S. GAJJAN SINGH RESIDENT OF VPO KHELA, TEHSIL PHILLAUR, DISTT. JALANDHAR PUNJAB INDIA, PRESENTLY RESIDING AT 549 CORAL ST TULARE, CA USA HAS CHANGED MY NAME FROM BHAGWAN SINGH KHELA TO BHAGWAN SINGH. ALL CONCERNED PLEASE NOTE.

## ਨਾਂ ਦੀ ਬਦਲੀ

ਮੈਂ, ਭਗਵਾਨ ਸਿੰਘ ਖੇਲਾ ਪੁੱਤਰ ਸ੍ਰ. ਗੱਜਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖੇਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 549 ਕੋਰਲ ਸੇਂਟ ਤੁਲਾਰੇ, CA USA ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਭਗਵਾਨ ਸਿੰਘ ਖੇਲਾ ਤੋਂ ਬਦਲ ਕੇ ਭਗਵਾਨ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

# ਮਾਂ ਬੋਲੀ ਦੇ ਵਾਰਿਸ...

*ਜੇਕਰ ਸਾਡੀ ਹੋਂਦ ਦੇਸ਼ ਦੁਨੀਆ ਵਿੱਚ ਕਾਇਮ ਹੈ ਅਤੇ ਇਸ ਧਰਤੀ ’ਤੇ ਸਾਡਾ ਨਾਂ ਹੈ ਤਾਂ ਇਨ੍ਹਾਂ ਤਿੰਨਾਂ ਮਾਵਾਂ ਸਦਕਾ ਹੀ ਹੈ। ਪਹਿਲੀ ਹੈ ਧਰਤੀ ਮਾਂ, ਜਿਸ ਦੀ ਬਦੌਲਤ ਅਸੀਂ ਆਪਣਾ ਪਾਲਣ ਪੋਸ਼ਣ ਅਤੇ ਰਸ ਰੰਗ ਮਾਣਦੇ ਹਾਂ। ਸਾਨੂੰ ਜਨਮ ਦੇਣ ਵਾਲੀ ਮਾਂ ਦੀ ਦੇਣ ਤਾਂ ਜਨਮਾਂ ਜਨਮਾਂਤਰਾਂ ਤੱਕ ਮੋੜੀ ਨਹੀਂ ਜਾ ਸਕਦੀ। ਇਸੇ ਤਰ੍ਹਾਂ ਸਾਡੀ ਮਾਤ ਭਾਸ਼ਾ ਸਾਡੀ ਹੋਂਦ ਦਾ ਬਹੁਤ ਵੱਡਾ ਚਿੰਨ੍ਹ ਹੈ। ਇਨ੍ਹਾਂ ਤਿੰਨਾਂ ਨੂੰ ਕਾਇਮ ਰੱਖਣ ਵਾਲੇ ਵਾਰਿਸ ਅੱਜ ਇਨ੍ਹਾਂ ਤੋਂ ਮੁੱਖ ਮੋੜੀ ਬੈਠੇ ਹਨ।*



**ਬਲਜਿੰਦਰ ਮਾਨ**

ਸਿਆਣੇ ਆਖਦੇ ਨੇ ਸਾਡੀਆਂ ਤਿੰਨ ਮਾਵਾਂ ਹਨ। ਇਨ੍ਹਾਂ ਦਾ ਆਦਰ ਮਾਣ ਤੇ ਸਤਿਕਾਰ ਕਰਨ ਵਿੱਚ ਸਾਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਜੇਕਰ ਸਾਡੀ ਹੋਂਦ ਦੇਸ਼ ਦੁਨੀਆ ਵਿੱਚ ਕਾਇਮ ਹੈ ਅਤੇ ਇਸ ਧਰਤੀ ’ਤੇ ਸਾਡਾ ਨਾਂ ਹੈ ਤਾਂ ਇਨ੍ਹਾਂ ਤਿੰਨਾਂ ਮਾਵਾਂ ਸਦਕਾ ਹੀ ਹੈ। ਪਹਿਲੀ ਹੈ ਧਰਤੀ ਮਾਂ, ਜਿਸ ਦੀ ਬਦੌਲਤ ਅਸੀਂ ਆਪਣਾ ਪਾਲਣ ਪੋਸ਼ਣ ਅਤੇ ਰਸ ਰੰਗ ਮਾਣਦੇ ਹਾਂ। ਸਾਨੂੰ ਜਨਮ ਦੇਣ ਵਾਲੀ ਮਾਂ ਦੀ ਦੇਣ ਤਾਂ ਜਨਮਾਂ ਜਨਮਾਂਤਰਾਂ ਤੱਕ ਮੋੜੀ ਨਹੀਂ ਜਾ ਸਕਦੀ। ਇਸੇ ਤਰ੍ਹਾਂ ਸਾਡੀ ਮਾਤ ਭਾਸ਼ਾ ਸਾਡੀ ਹੋਂਦ ਦਾ ਬਹੁਤ ਵੱਡਾ ਚਿੰਨ੍ਹ ਹੈ। ਇਨ੍ਹਾਂ ਤਿੰਨਾਂ ਨੂੰ ਕਾਇਮ ਰੱਖਣ ਵਾਲੇ ਵਾਰਿਸ ਅੱਜ ਇਨ੍ਹਾਂ ਤੋਂ ਮੁੱਖ ਮੋੜੀ ਬੈਠੇ ਹਨ। ਪਲੀਤ ਹੋਇਆ ਵਾਤਾਵਰਣ ਦੇਖ ਕੇ ਮਨ ਦੁਖੀ ਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਧਰਤੀ ਮਾਂ ਨੂੰ ਸ਼ਿੰਗਾਰਨਾ ਤੇ ਸੰਵਾਰਨਾ ਸੀ ਉਨ੍ਹਾਂ ਨੇ ਹੀ ਧਰਤੀ ਦਾ ਹਾਰ ਸ਼ਿੰਗਾਰ ਲਾਹ ਕੇ ਆਪਣੇ ਭਵਿੱਖ ’ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ।

ਜਨਮ ਦੇਣ ਵਾਲੀਆਂ ਮਾਵਾਂ ਨੂੰ ਉਨ੍ਹਾਂ ਦੇ ਕਈ ਅਫਸਰ ਤੇ ਅਮੀਰ ਪੁੱਤਰਾਂ ਨੇ ਬਿਰਧ ਆਸ਼ਰਮਾਂ ਵਿੱਚ ਛੱਡ ਦਿੱਤਾ ਹੈ ਕਿਉਂਕਿ ਉਨ੍ਹਾਂ ਕੋਲ ਮਾਵਾਂ ਦੀ ਦੇਖਭਾਲ ਕਰਨ ਦਾ ਸਮਾਂ ਨਹੀਂ ਹੈ। ਇਹ ਕਿਹੋ ਜਿਹੀ ਮਾਰ ਵਗ ਗਈ ਹੈ ਕਿ ਮਾਂ ਪੁੱਤ ਦਾ ਮੋਹ ਵੀ ਟੁੱਟ ਗਿਆ ਹੈ ਤੇ ਮਾਪੇ ਬਿਰਧ ਆਸ਼ਰਮਾਂ ਵਿੱਚ ਆਪਣੇ ਪੁੱਤਰਾਂ ਧੀਆਂ ਦਾ ਮੂੰਹ ਦੇਖਣ ਲਈ ਤੜਫ਼ ਰਹੇ ਹਨ। ਪੈਸੇ ਦੀ ਅੰਨ੍ਹੀ ਦੌੜ ਨੇ ਸਾਨੂੰ ਸਾਰੇ ਰਿਸ਼ਤੇ ਨਾਤੇ ਹੀ ਭੁਲਾ ਦਿੱਤੇ ਹਨ। ਸਾਡਾ ਉਦੇਸ਼ ਸਿਰਫ਼ ਇੱਕੋ ਹੀ ਰਹਿ ਗਿਆ ਹੈ ਕਿ ਅਸੀਂ ਵੱਧ ਤੋਂ ਵੱਧ ਮਾਇਆ ਇਕੱਠੀ ਕਰਨੀ ਹੈ। ਇਹ ਵੀ ਸਭ ਨੂੰ ਪਤਾ ਹੈ ਕਿ ਇਹ ਮਾਇਆ ਅੱਜ ਤੱਕ ਨਾ ਕਿਸੇ ਦੇ ਨਾਲ ਗਈ ਹੈ ਤੇ ਨਾ ਹੀ ਜਾਵੇਗੀ। ਇਸ ਦੇ ਬਾਵਜੂਦ ਅਸੀਂ ਉਸ ਅਮੁੱਕ ਦੌੜ ਵਿੱਚ ਲੱਗੇ ਹੋਏ ਹਾਂ। ਸਾਡੀਆਂ ਮਾਵਾਂ ਨੇ ਸਾਨੂੰ ਕਿਵੇਂ ਪਾਲਿਆ ? ਇਸ ਗੱਲ ਦਾ ਸਾਨੂੰ ਕਦੇ ਅਹਿਸਾਸ ਹੀ ਨਹੀਂ ਹੁੰਦਾ ਕਿਉਂਕਿ ਬਚਪਨ ਦੀਆਂ ਗੱਲਾਂ ਅਸੀਂ ਭੁੱਲਦੇ ਜਾ ਰਹੇ ਹਾਂ ਤੇ ਆਪਣੇ ਵਿੱਚੋਂ ਅਸੀਂ ਬਚਪਨ ਨੂੰ ਵੀ ਗੁਆ ਦਿੱਤਾ ਹੈ। ਬਚਪਨ ਹੀ ਜੀਵਨ ਦਾ ਮੁੱਢ ਬੰਨ੍ਹਦਾ ਹੈ ਤੇ ਇਸ ਅਵਸਥਾ ਵਿੱਚ ਮਾਤਾ ਕੋਲੋਂ ਸਭ ਗੁਰ ਗਿਆਨ ਸਿੱਖ ਕੇ ਅੱਗੇ ਵਧਦੇ ਹਾਂ। ਅਸੀਂ ਅੱਜ ਜਿਸ ਵੀ ਰੁਤਬੇ ’ਤੇ ਹਾਂ ਉਸ ਪਿੱਛੇ ਸਭ ਤੋਂ ਵੱਡਾ ਹੱਥ ਸਾਡੇ ਮਾਪਿਆਂ ਅਤੇ ਉਸ ਤੋਂ ਬਾਅਦ ਅਧਿਆਪਕਾਂ ਦਾ ਹੈ।

ਹੁਣ ਗੱਲ ਕਰਦੇ ਹਾਂ ਮਾਂ ਬੋਲੀ ਪੰਜਾਬੀ ਦੀ। ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ ਸਾਡੇ ਵੱਡੇ ਵੱਡੇ ਅਫਸਰ ਚਿੱਠੀ ਪੱਤਰ ਅੰਗਰੇਜ਼ੀ ਵਿੱਚ ਹੀ ਕਰਦੇ ਹਨ। ਉਨ੍ਹਾਂ ਨੂੰ ਪੰਜਾਬੀ ਨਾਲ ਕੋਈ ਮੋਹ ਨਹੀਂ। ਕਾਰਨ ਸਪੱਸ਼ਟ ਹੈ ਕਿ ਉਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਮੂਲ ਦੇ ਨਹੀਂ, ਜਿਹੜੇ ਪੰਜਾਬੀ ਮੂਲ ਦੇ ਹਨ ਉਹ ਵੀ ਅੰਗਰੇਜ਼ੀ ਬੋਲਣ ਅਤੇ ਲਿਖਣ ਵਿੱਚ ਹੀ ਮਾਣ ਵਾਲੀ ਗੱਲ ਸਮਝਦੇ ਹਨ। ਦੂਰ ਦੀਆਂ ਗੱਲਾਂ ਛੱਡੋ, ਮੈਨੂੰ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦੇ ਸੰਪਾਦਕੀ ਕਾਰਜਾਂ ਨੂੰ ਨਿਬੇੜਨ ਵਾਸਤੇ ਸਕੂਲਾਂ ਵਿੱਚ ਬੱਚਿਆਂ ਅਤੇ ਅਧਿਆਪਕਾਂ ਨਾਲ ਸੰਵਾਦ ਰਚਾਉਣ ਦਾ ਮੌਕਾ ਮਿਲਦਾ ਰਹਿੰਦਾ ਹੈ। ਜਦੋਂ ਇੱਕ ਅਧਿਆਪਕ ਇਹ ਆਖ ਦੇਵੇ ਕਿ ਸਿਲੇਬਸ ਹੀ ਸਾਨੂੰ ਸਿਰ ਚੁੱਕਣ ਦੀ ਵਿਹਲ ਨਹੀਂ ਦਿੰਦਾ, ਰਸਾਲੇ ਤੇ ਬਾਲ ਪੁਸਤਕਾਂ ਕਦੋਂ ਪੜ੍ਹਾਈਏ ?

ਉਸ ਵੇਲੇ ਮਨ ਨੂੰ ਦੁੱਖ ਹੁੰਦਾ ਹੈ ਕਿ ਜਿਸ ਅਧਿਆਪਕ ਨੇ ਬੱਚੇ ਦਾ ਸਰਬਪੱਖੀ ਵਿਕਾਸ ਕਰਨਾ ਹੈ ਉਹ ਸਿਰਫ਼ ਤੇ ਸਿਰਫ਼ ਬੱਚੇ ਨੂੰ ਸਿਲੇਬਸ ਤੱਕ ਸੀਮਤ ਕਰਕੇ ਆਪਣਾ ਡੰਗ ਟਪਾਉਣ ਵਿੱਚ ਲੱਗਿਆ ਹੋਇਆ ਹੈ। ਇੱਥੇ ਅਸੀਂ ਇਕੱਲਾ ਅਧਿਆਪਕ ਨੂੰ ਵੀ ਦੋਸ਼ੀ ਨਹੀਂ ਠਹਿਰਾ ਸਕਦੇ ਕਿਉਂਕਿ ਸਿੱਖਿਆ ਵਿਭਾਗ ਦੀਆਂ ਨੀਤੀਆਂ ਹੀ ਅਜਿਹੀਆਂ ਹਨ ਕਿ ਅਧਿਆਪਕ ਆਪਣੀ ਕਲਾ ਅਨੁਸਾਰ ਬੱਚਿਆਂ ਨੂੰ ਸਿੱਖਿਅਤ ਹੀ ਨਾ ਕਰੇ। ਰੋਜ਼ਾਨਾ ਸਕੂਲ ਸ਼ੁਰੂ ਹੁੰਦੇ ਸਾਰ ਨਿਰਦੇਸ਼ ਆਉਂਦੇ ਹਨ ਕਿ ਆਹ ਕਰਨਾ ਹੈ ਤੇ ਔਹ ਕਰਨਾ ਹੈ। ਜੇਕਰ ਵਿਭਾਗ ਨੇ ਨਿਰਦੇਸ਼ਾਂ ਦੇ ਆਸਰੇ ਹੀ ਚੱਲਣਾ ਹੈ ਤਾਂ ਅਧਿਆਪਕਾਂ ਕੋਲੋਂ ਇੰਨੀਆਂ ਡਿਗਰੀਆਂ ਕਿਉਂ ਕਰਵਾਈਆਂ ਗਈਆਂ, ਇੰਨੇ ਔਖੇ ਟੈਸਟ ਕਿਉਂ ਲਏ ਗਏ ? ਅਜਿਹੇ ਨਿਰਦੇਸ਼ਾਂ ਨੇ ਅਧਿਆਪਕਾਂ ਦੀ ਆਪਣੀ ਪ੍ਰਤਿਭਾ ਨੂੰ ਮਾਰ ਦਿੱਤਾ ਹੈ। ਲੋੜ ਇਹ ਹੈ ਕਿ ਸਿਲੇਬਸ ਨੂੰ ਅਧਿਆਪਕ ਆਪਣੀ ਪੜ੍ਹੀ ਤੇ ਸਿੱਖੀ ਵਿੱਦਿਅਕ ਅਤੇ ਅਧਿਆਪਨ ਕਲਾ ਜੁਗਤ ਅਨੁਸਾਰ ਪੜ੍ਹਾਵੇ ਅਤੇ ਸਮਝਾਵੇ, ਪਰ ਇੱਥੇ ਤਾਂ ਆਲਮ ਹੀ ਨਿਰਾਲਾ ਹੈ।

ਹੁਣ ਗੱਲ ਕਰਦੇ ਹਾਂ ਪੰਜਾਬੀ ਪਿਆਰ ਅਤੇ ਬਾਲ ਸਾਹਿਤ ਦੇ ਮਹੱਤਵ ਦੀ। ਇਹ ਗੱਲ ਅਫ਼ਸੋਸ ਨਾਲ ਲਿਖਣੀ ਪੈ ਰਹੀ ਹੈ ਕਿ ਸਾਡੇ ਬਹੁਤੇ ਸਕੂਲ ਮੁਖੀ ਬੱਚਿਆਂ ਵਾਸਤੇ ਇੱਕ ਰੌਚਕ ਬਾਲ ਮੈਗਜ਼ੀਨ ਲਗਵਾਉਣ ਨੂੰ ਤਰਜੀਹ ਨਹੀਂ ਦਿੰਦੇ। ਹੋਰ ਵੀ ਦੁਖਦਾਈ ਕਿੱਸਾ ਇਹ ਹੈ ਕਿ ਸਾਡੇ ਬਹੁਤੇ ਅਧਿਆਪਕ ਬੱਚਿਆਂ ਲਈ ਪ੍ਰਕਾਸ਼ਿਤ ਹੁੰਦੇ ਪੰਜਾਬੀ ਰਸਾਲਿਆਂ ਦੇ ਨਾਵਾਂ ਤੋਂ ਵੀ ਵਾਕਿਫ਼ ਨਹੀਂ ਹਨ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਦੀ ਬਾਲ ਸਾਹਿਤ ਵਿੱਚ ਕੋਈ ਰੁਚੀ ਨਹੀਂ ਜਦੋਂਕਿ ਬਾਲ ਸਾਹਿਤ ਦਾ ਸਿੱਖਿਆ ਅਤੇ ਜੀਵਨ ਨੂੰ ਨਰੋਆ ਬਣਾਉਣ ਵਿੱਚ ਅਹਿਮ ਯੋਗਦਾਨ ਹੈ। ਜੇਕਰ ਸਾਡੇ ਬਹੁਤ ਸਾਰੇ ਅਧਿਆਪਕ ਅਤੇ ਸਕੂਲ ਮੁਖੀ ਮਾਂ ਬੋਲੀ ਪੰਜਾਬੀ ਅਤੇ ਬਾਲ ਸਾਹਿਤ ਤੋਂ ਕੋਰੇ ਹਨ, ਫਿਰ ਅਸੀਂ ਹੋਰਾਂ ਤੋਂ ਕੀ ਉਮੀਦਾਂ ਰੱਖ ਸਕਦੇ ਹਾਂ ? ਇੱਕ ਅਧਿਆਪਕ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਬਾਲ ਸਾਹਿਤ ਦੀ ਕੀ ਜ਼ਰੂਰਤ ਹੈ ? ਹੁਣ ਤੁਸੀਂ ਅਜਿਹੇ ਅਧਿਆਪਕ ਦੀ ਮਾਨਸਿਕਤਾ ਦਾ ਅੰਦਾਜ਼ਾ ਖ਼ੁਦ ਲਗਾ ਸਕਦੇ ਹੋ ਕਿ ਉਹ ਆਪਣੇ ਦੇਸ਼ ਲਈ ਕਿਹੋ ਜਿਹੇ ਵਾਰਿਸ ਤਿਆਰ ਕਰੇਗਾ।

ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਹੁੰਦੇ ਬਾਲ ਰਸਾਲੇ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਵੀ ਨਹੀਂ ਪੁੱਜਦੇ। ਪੂਰੇ ਪੰਜਾਬ ਵਿੱਚੋਂ ਦਹਾਕਿਆਂ ਤੋਂ ਨਿਰੰਤਰ ਛਪਣ ਵਾਲੇ ਪੰਖੜੀਆਂ, ਪ੍ਰਾਇਮਰੀ ਸਿੱਖਿਆ ਅਤੇ ਨਿੱਕੀਆਂ ਕਰੂੰਬਲਾਂ ਸਿਰਫ਼ ਤਿੰਨ ਬਾਲ ਰਸਾਲੇ ਹੀ ਹਨ ਜਦੋਂਕਿ ਪੁਸਤਕ ਲੜੀ ਦੇ ਰੂਪ ਵਿੱਚ ਕਦੀ ਕਦਾਈਂ ਆੜ੍ਹੀ ਅਤੇ ਤਨੀਸ਼ਾ ਵੀ ਮਿਲ ਜਾਂਦੇ ਹਨ। ਦਿੱਲੀ ਤੋਂ ਹੰਸਤੀ ਦੁਨੀਆਂ ਅਤੇ ਪਾਕਿਸਤਾਨ ਲਾਹੌਰ ਤੋਂ ਸ਼ਾਹਮੁਖੀ ਲਿੱਪੀ ਵਿੱਚ ਅਸ਼ਰਫ ਸੁਹੇਲ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੁੰਦੇ ਹਨ। ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਨੂੰ ਪੁੱਜਦਾ ਕਰਨ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ ਪਰ ਕੁਝ ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸੋਚ ਜਾਣ ਕੇ ਨਿਰਾਸ਼ਾ ਹੁੰਦੀ ਹੈ। ਸਿੱਖਿਆ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਸਕੂਲ ਮੁਖੀਆਂ ਨੂੰ ਨਿਰਦੇਸ਼ ਜਾਰੀ ਕਰੇ ਕਿ ਪੰਜਾਬੀ ਵਿੱਚ ਛਪਣ ਵਾਲੇ ਸਾਰੇ ਬਾਲ ਰਸਾਲੇ ਹਰ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲ ਵਿੱਚ ਪੁੱਜਣੇ ਲਾਜ਼ਮੀ ਕੀਤੇ ਜਾਣ। ਸਿੱਖਿਆ ਸ਼ਾਸਤਰੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜਿਹੜੇ ਵਿਦਿਆਰਥੀ ਬਾਲ ਸਾਹਿਤ ਦੇ ਰਸਾਲੇ ਅਤੇ ਪੁਸਤਕਾਂ ਪੜ੍ਹਦੇ ਹਨ ਉਹ ਜੀਵਨ ਵਿੱਚ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੇ ਹਨ। ਜੇਕਰ ਅਸੀਂ ਸਾਰੇ ਜਣੇ ਆਪੋ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਈਏ ਤਾਂ ਸਭ ਮਸਲੇ ਹੱਲ ਹੋ ਸਕਦੇ ਹਨ। ਅਸੀਂ ਮਾਂ ਬੋਲੀ ਦੇ ਵਾਰਿਸਾਂ ਨੂੰ ਇਹੀ ਅਪੀਲ ਕਰਦੇ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਉਮਰ ਗੁੱਟ ਅਨੁਸਾਰ ਬਾਲ ਰਸਾਲੇ ਅਤੇ ਬਾਲ ਪੁਸਤਕਾਂ ਜ਼ਰੂਰ ਦੇਣ ਤਾਂ ਕਿ ਉਹ ਆਦਰਸ਼ ਨਾਗਰਿਕ ਬਣ ਸਕਣ।

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

BHHS BERKSHIRE HATHAWAY HOMESERVICES
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000



Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

# ਜੋ ਨਹੀਂ ਵਿਕਦੇ...

*ਸਮੇਂ-ਸਮੇਂ ਕੀਤੀਆਂ ਗ਼ਲਤੀਆਂ ਨੇ ਪੰਜਾਬ ਨੂੰ ਕੱਖੋਂ ਹੌਲੇ ਕਰ ਰੱਖਿਆ ਹੈ। ਦੂਜਿਆਂ ਦੀ ਆਲੋਚਨਾ ਕਰਨੀ ਸੌਖੀ ਹੁੰਦੀ ਹੈ। ਆਪਣੇ ਗਰੇਬਾਨ ਅੰਦਰ ਝਾਕਣ ਦਾ ਵੇਲਾ ਹੈ। ਜਨਤਕ ਤੌਰ 'ਤੇ ਭੁੱਲਾਂ ਬਖਸ਼ਾਉਣ ਨਾਲ ਅੱਗਾ ਸੰਵਰ ਸਕਦਾ ਹੈ। ਨਵਾਂ ਇਤਿਹਾਸ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇ ਸਾਡੇ ਨੇਤਾ ਪੰਜਾਬ ਨਾਲ ਸਾਬਤ ਕਦਮੀਂ ਖੜ੍ਹੇ ਦਿਖਾਈ ਦੇਣ। ਅਜਿਹਾ ਨਹੀਂ ਹੁੰਦਾ ਤਾਂ ਤਸਵੀਰਾਂ ਵੇਚਣ ਵਾਲੇ ਫਿਰ ਹੋਕਰਾ ਮਾਰਦੇ ਸੁਣਾਈ ਦੇਣਗੇ, ''ਜੋ ਨਹੀਂ ਵਿਕਦੇ, ਤਸਵੀਰਾਂ ਉਨ੍ਹਾਂ ਦੀਆਂ ਹੀ ਵਿਕਦੀਆਂ ਹਨ।''*



**ਵਰਿੰਦਰ ਸਿੰਘ ਵਾਲੀਆ**

ਚੌਥੀ ਜੁਲਾਈ 1985 ਨੂੰ ਹੋਇਆ ‘ਪੰਜਾਬ ਸਮਝੌਤਾ’ ਸਮੁੱਚੇ ਪੰਜਾਬੀਆਂ ਨਾਲ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਕੋਝਾ ਮਜ਼ਾਕ ਸੀ। ਇਸ ਸਮਝੌਤੇ ਦੇ ਪਿਛੋਕੜ ਵਿਚ ਸਾਕਾ ਨੀਲਾ ਤਾਰਾ ਅਤੇ ਸਿੱਖ ਵਿਰੋਧੀ ਦੰਗੇ ਸਨ। ਸਿੱਖ ਭਾਈਚਾਰੇ ਵਿਚ ਬੇਗਾਨਗੀ ਦਾ ਅਹਿਸਾਸ ਸੀ ਅਤੇ ਉਨ੍ਹਾਂ ਦੇ ਦਿਲਾਂ ਵਿਚ ਭਾਂਬੜ ਮਚ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਹਰਚੰਦ ਸਿੰਘ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ‘ਪੰਜਾਬ ਸਮਝੌਤਾ’ ਉੱਤੇ ਦਸਤਖ਼ਤ ਕੀਤੇ ਤਾਂ ਪੰਥ ਬੁਰੀ ਤਰ੍ਹਾਂ ਦੋ ਖੇਮਿਆਂ ਵਿਚ ਵੰਡਿਆ ਗਿਆ ਸੀ।

ਇਸ ਸਮਝੌਤੇ ਨੇ ਬਲਦੀ ’ਤੇ ਤੇਲ ਪਾਉਣ ਵਾਲਾ ਕੰਮ ਕੀਤਾ ਸੀ। ਰਿਸ ਰਹੇ ਜ਼ਖ਼ਮਾਂ ’ਤੇ ਲਾਈ ਜਾਣ ਵਾਲੀ ਮੱਲ੍ਹਮ ਲੂਣ ਦਾ ਲੇਪ ਸਾਬਿਤ ਹੋਈ। ਮੌਤ ਸਾਏ ਵਾਂਗ ਸੰਤ ਲੌਂਗੋਵਾਲ ਦਾ ਪਿੱਛਾ ਕਰਨ ਲੱਗੀ। ਕੌਮ ਦੇ ਸਰਦਾਰ ਰਹੇ ਸੰਤ ਲੌਂਗੋਵਾਲ ਨੂੰ ਗ਼ਦਾਰ ਦੀ ਤਸ਼ਬੀਹ ਦਿੱਤੀ ਜਾਣ ਲੱਗੀ। ਪੰਜਾਬ ਸਮਝੌਤੇ ਦੇ ਚੰਦ ਦਿਨਾਂ ਬਾਅਦ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤ ਲੌਂਗੋਵਾਲ ’ਤੇ ਹਮਲਾ ਹੋਇਆ ਜਿਸ ਨੂੰ ਸਤਰਕ ਸੁਰੱਖਿਆ ਕਰਮੀਆਂ ਨੇ ਪਛਾੜ ਦਿੱਤਾ ਸੀ।

ਇਨ੍ਹੀਂ ਦਿਨੀਂ ਹਰਿਮੰਦਰ ਸਾਹਿਬ ਦੇ ਚਾਰ-ਚੁਫੇਰੇ ਸਾਕਾ ਨੀਲਾ ਤਾਰਾ ’ਚ ਮਾਰੇ ਗਏ ਵਿਅਕਤੀਆਂ ਦੀਆਂ ਤਸਵੀਰਾਂ ਧੜਾਧੜ ਵਿਕ ਰਹੀਆਂ ਸਨ। ਇਨ੍ਹਾਂ ’ਚ ਸੰਤ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਤੇ ਹੋਰ ਰਵਾਇਤੀ ਅਕਾਲੀ ਨੇਤਾਵਾਂ ਦੀ ਇਕ ਵੀ ਤਸਵੀਰ ਨਹੀਂ ਸੀ। ਤਸਵੀਰਾਂ ਵੇਚਣ ਵਾਲੇ ਹੋਕਰਾ ਦਿੰਦੇ, “ਜੋ ਵਿਕਦੇ ਹਨ, ਉਨ੍ਹਾਂ ਦੀਆਂ ਤਸਵੀਰਾਂ ਨਹੀਂ ਵਿਕਦੀਆਂ।”

‘ਸਾਕਾ ਨੀਲਾ ਤਾਰਾ’ ਅਤੇ ਸਿੱਖ ਵਿਰੋਧੀ ਦੰਗੇ ਭਾਈਚਾਰੇ ਲਈ ਅਕਹਿ ਤੇ ਅਸਹਿ ਸਨ। ਇਤਿਹਾਸ ਗਵਾਹ ਹੈ ਕਿ ਸਾਕਿਆਂ ਦਾ ਸੇਕ ਕੌਮਾਂ ਸਦੀਆਂ ਤੱਕ ਸੇਕਦੀਆਂ ਹਨ। ਪੀੜਾ ਕਈ ਪੀੜ੍ਹੀਆਂ ਤੱਕ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੀ। ਜਿਨ੍ਹਾਂ ਨੇ ਅਜਿਹੀ ਪੀੜਾ ਹੱਡੀਂ ਹੰਢਾਈ ਹੁੰਦੀ ਹੈ, ਉਸ ਦੀ ਪੀੜ ਉਨ੍ਹਾਂ ਦੇ ਫੁੱਲ ਤਾਰਨ ਤੱਕ ਮੱਠੀ ਨਹੀਂ ਪੈਂਦੀ। ਸਮਝੌਤਾ ਸਹੀਬੰਦ ਕੀਤਿਆਂ ਨੂੰ ਹਾਲੇ ਮਹੀਨਾ ਵੀ ਨਹੀਂ ਸੀ ਬੀਤਿਆ ਕਿ ਗੁਸੈਲੇ ਹਥਿਆਰਬੰਦ ਨੌਜਵਾਨਾਂ ਨੇ 20 ਅਗਸਤ 1985 ਨੂੰ ਸੰਗਰੂਰ ਜ਼ਿਲ੍ਹੇ ਵਿਚ ਸ਼ੇਰਪੁਰ ਦੇ ਗੁਰਧਾਮ ਵਿਖੇ ਲੌਂਗੋਵਾਲ ਨੂੰ ਉਸ ਵੇਲੇ ਗੋਲੀਆਂ ਮਾਰ ਕੇ ਛਲਣੀ ਕਰ ਦਿੱਤਾ ਜਦੋਂ ਉਹ ਸੰਗਤ ਨੂੰ ਸੰਬੋਧਨ ਕਰ ਕੇ ਹਟੇ ਸਨ।

ਉਸ ਵੇਲੇ ਉਨ੍ਹਾਂ ਦੀ ਉਮਰ ਮਹਿਜ਼ 53 ਸਾਲ ਦੀ ਸੀ। ਪੰਜਾਬ ਦੇ ਹੱਕਾਂ ਦੀ ਬਲੀ ਦੇ ਕੇ ਕੀਤਾ ਗਿਆ ‘ਪੰਜਾਬ ਸਮਝੌਤਾ’ ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਲਈ ਵਰਦਾਨ ਸਾਬਿਤ ਹੋਇਆ ਸੀ।

ਟਕਸਾਲੀ ਅਕਾਲੀ ਬਾਦਲ-ਟੌਹੜਾ ਧੜੇ ਨੂੰ ਠਿੱਬੀ ਮਾਰ ਕੇ ਉਨ੍ਹਾਂ ਨੇ ਸੱਤਾ ਜੋ ਸੰਭਾਲਣੀ ਸੀ। ਬਰਨਾਲਾ ਖੇਮੇ ਨੂੰ ਪੰਜਾਬ ਦੀ ਸੱਤਾ ਸੰਭਾਲਣ ਲਈ ਵਿਧਾਨ ਸਭਾ ਚੋਣਾਂ ਵੇਲੇ ਅਕਾਲੀ ਉਮੀਦਵਾਰਾਂ ਖ਼ ?ਲਾਫ਼ ਕਾਂਗਰਸ ਨੇ ਜਾਣਬੁੱਝ ਕੇ ਕਮਜ਼ੋਰ ਉਮੀਦਵਾਰ ਉਤਾਰੇ ਸਨ। ਬਰਨਾਲਾ ਧੜੇ ਲਈ ਸਰਕਾਰ ਬਣਾਉਣ ਲਈ ਰਾਹ ਸਿਵਿਆਂ ’ਚੋਂ ਲੰਘਿਆ ਸੀ। ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਕੀਤੇ ਗਏ ਸਮਝੌਤੇ ਦੀ ਇਕ ਵੀ ਮਦ ਲਾਗੂ ਨਾ ਹੋਈ।

ਬਰਨਾਲਾ ਸਰਕਾਰ ਤੋੜ ਕੇ ਪੰਜਾਬ ਵਿਚ ਮੁੜ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ। ਸਮਝੌਤੇ ਤੋਂ ਬਾਅਦ ਬਾਦਲ-ਟੌਹੜਾ ਧੜਾ ਸੰਤ ਲੌਂਗੋਵਾਲ ਦੀਆਂ ਬਰਸੀਆਂ ਮਨਾਉਣ ਤੋਂ ਕਿਨਾਰਾਕਸ਼ੀ ਕਰਦਾ ਰਿਹਾ। ਬਰਨਾਲਾ ਸਰਕਾਰ ਟੁੱਟਣ ਤੋਂ ਬਾਅਦ ਸੰਤ ਲੌਂਗੋਵਾਲ ਦੀ ‘ਸ਼ਹਾਦਤ’ ਜਿਵੇਂ ਰੁਲ ਹੀ ਗਈ। ਵਿਡੰਬਣਾ ਇਹ ਸੀ ਕਿ ਸੰਤ ਲੌਂਗੋਵਾਲ ਨੂੰ ਮਾਰਨ ਵਾਲੇ ਅਤੇ ਮਰਵਾਉਣ ਵਾਲੇ ਕੋਈ ਹੋਰ ਨਹੀਂ ਬਲਕਿ ਆਪਣੇ ਹੀ ਭਾਈਚਾਰੇ ਦੇ ਲੋਕ ਸਨ। ਸੰਤ ਲੌਂਗੋਵਾਲ ਖ਼ੁਦ ਭੋਲਾ-ਭਾਲਾ ਸਾਧ ਸੀ। ਬਾਣੀ ਅਤੇ ਬਾਣੇ ਦਾ ਪਰਪੱਕ ਪੇਂਡੂ ਸਾਧ।

ਸਿਆਸਤ ਦੇ ਗਣਿਤ ਤੋਂ ਬਿਲਕੁਲ ਕੋਰਾ ਸੀ। ਸਵਾਰਥੀ ਅਕਾਲੀਆਂ ਨੇ ਨਾ ਕੇਵਲ ਪੰਜਾਬ ਦੇ ਹਿੱਤਾਂ ਦੀ ਬਲੀ ਦਿੱਤੀ ਬਲਕਿ ਆਪਣੇ ਪ੍ਰਧਾਨ ਦੀ ਕੁਰਬਾਨੀ ਵੀ ਦੇ ਦਿੱਤੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ 2002 ਵਿਚ ਬਣੀ ਕਾਂਗਰਸ ਸਰਕਾਰ ਨੇ ਸਰਕਾਰੀ ਪੱਧਰ ’ਤੇ ਸੰਤ ਲੌਂਗੋਵਾਲ ਦੀ ਬਰਸੀ ਮਨਾਉਣੀ ਸ਼ੁਰੂ ਕੀਤੀ ਤਾਂ ਟਕਸਾਲੀ ਅਕਾਲੀਆਂ ਨੇ ਖ਼ੂਬ ਹੋ-ਹੱਲਾ ਮਚਾਇਆ।

ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੰਤ ਲੌਂਗੋਵਾਲ ਨੂੰ ‘ਅਮਨ ਦਾ ਮਸੀਹਾ’ ਕਹਿ ਕੇ ਪੁਕਾਰ ਰਹੇ ਸਨ। ਬਾਦਲ ਧੜਾ ਅਜੇ ਵੀ ਕਿਨਾਰਾ ਕਰਨ ਵਿਚ ਭਲਾਈ ਸਮਝਦਾ ਸੀ। ਇਸ ਦੇ ਨਾਲ-ਨਾਲ ਉਹ ਕੈਪਟਨ ਸਰਕਾਰ ਦੀ ਰੱਜ ਕੇ ਆਲੋਚਨਾ ਕਰ ਰਿਹਾ ਸੀ। ਇਹ ਵੱਖਰੀ ਗੱਲ ਹੈ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਅਕਾਲੀ ਮੁੱਖਧਾਰਾ ਦੇ ਨੇਤਾ ਬਣ ਗਏ ਤਾਂ ਉਨ੍ਹਾਂ ਨੇ ਸੰਤ ਲੌਂਗੋਵਾਲ ਦੀ ਬਰਸੀ ਵਿਚ ਸ਼ਿਰਕਤ ਕਰਨੀ ਸ਼ੁਰੂ ਕਰ ਦਿੱਤੀ ਸੀ। ਸੰਨ 1997 ਤੇ ਉਸ ਤੋਂ ਬਾਅਦ 2007 ਤੇ 2012 ’ਚ ਬਣੀਆਂ ਸਰਕਾਰਾਂ ਵੇਲੇ ਵੀ ਬਰਸੀਆਂ ਵਿਚ ਉਹ ਸ਼ਾਮਲ ਹੁੰਦੇ ਰਹੇ। ਪਰ ਪੰਜਾਬ ਸਮਝੌਤੇ ਦਾ ਜ਼ਿਕਰ ਉਹ ਆਪਣੀਆਂ ਤਕਰੀਰਾਂ ਵਿਚ ਕਰਨਾ ਜਿਵੇਂ ਭੁੱਲ ਚੁੱਕੇ ਸਨ।

ਅਕਾਲੀ ਦਲ ਨੇ ਹੁਣ ਉਨ੍ਹਾਂ ਨੂੰ ‘ਅਮਨ ਦਾ ਮਸੀਹਾ’ ਤਸਲੀਮ ਕਰ ਲਿਆ ਸੀ। ਸਮੇਂ ਨੇ ਫਿਰ ਕਰਵਟ ਲਈ ਹੈ। ਪਹਿਲਾਂ ਕਈ ਧੜਿਆਂ ਵਿਚ ਵੰਡਿਆ ਹੋਇਆ ਸ਼ ?ਰੋਮਣੀ ਅਕਾਲੀ ਦਲ ਇਕ ਹੋਰ ਖੇਮੇ ਵਿਚ ਤਕਸੀਮ ਹੋਇਆ ਹੈ। ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਬਣਿਆ ਮੁਤਵਾਜ਼ੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਸੰਤ ਲੌਂਗੋਵਾਲ ਦੀ ਬਰਸੀ ’ਤੇ ਆਪੋ-ਆਪਣੀਆਂ ਕਾਨਫਰੰਸਾਂ ’ਚ ਭਾਰੀ ਇਕੱਠ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ। ਅਕਾਲੀ ਦਲ (ਮੁਤਵਾਜ਼ੀ) ਬਣਨ ਤੋਂ ਬਾਅਦ ਇਨ੍ਹਾਂ ਕਾਨਫਰੰਸਾਂ ਦੀ ਕਾਮਯਾਬੀ ਉਨ੍ਹਾਂ ਲਈ ਸੰਜੀਵਨੀ ਵਾਂਗ ਸਮਝੀ ਜਾ ਰਹੀ ਹੈ।

ਇਸ ਮੌਕੇ ’ਤੇ ਹੋਣ ਵਾਲੀਆਂ ਕਾਨਫਰੰਸਾਂ ਵਿਚ ਸ਼ਾਇਦ ਹੀ ਕੋਈ ਨੇਤਾ ਬੋਲੇ ਕਿ ਸੰਤ ਲੌਂਗੋਵਾਲ ਨੇ ‘ਪੰਜਾਬ ਸਮਝੌਤਾ’ ਸਹੀਬੰਦ ਕਰ ਕੇ ਪੰਜਾਬ ਦਾ ਕਿੰਨਾ ਕੁ ਭਲਾ ਕੀਤਾ ਸੀ। ਇਸ ਸਮਝੌਤੇ ਦੀ ਇਕ ਵੀ ਮਦ ਲਾਗੂ ਹੋ ਜਾਂਦੀ ਤਾਂ ਮਰਹੂਮ ਸੰਤ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾ ਸਕਦੇ ਸਨ। ਸੱਚਾਈ ਤਾਂ ਇਹ ਹੈ ਕਿ ਸਵਾਰਥੀ ਅਕਾਲੀਆਂ ਨੇ ਸੰਤ ਨੂੰ ਗੁਮਰਾਹ ਕਰ ਕੇ ਇਸ ਸਮਝੌਤੇ ’ਤੇ ਹਸਤਾਖਰ ਕਰਵਾਏ ਸਨ। ਬਸ ਬਰਨਾਲਾ ਸਰਕਾਰ ਹੀ ਇਸ ਦਾ ਹਾਸਲ ਸੀ। ਇਸ ਦੇ ਬਾਵਜੂਦ ਸ਼ਾਂਤੀ ਬਹਾਲ ਹੋਣ ਦੀ ਬਜਾਏ ਪੰਜਾਬ ਦੇ ਦੁਖਾਂਤ ਨੇ ਜਰਬਾਂ ਖਾਧੀਆਂ ਸਨ।

ਲੌਂਗੋਵਾਲ ਦਾ ਕੋਈ ਕਸੂਰ ਨਹੀਂ ਸੀ। ਸਾਧੂ ਸੁਭਾਅ ਸੱਤਾ ਦੇ ਲੋਭੀਆਂ ਦੇ ਹੱਥ ਚੜ੍ਹ ਗਿਆ ਸੀ। ਉਨ੍ਹਾਂ ਨੂੰ ਜਚਾਇਆ ਗਿਆ ਸੀ ਕਿ ਜੇ ਉਹ ਸਮਝੌਤਾ ਕਰ ਲੈਂਦੇ ਹਨ ਤਾਂ ਸਿੱਖ ਇਤਿਹਾਸ ਵਿਚ ਉਨ੍ਹਾਂ ਨੂੰ ‘ਅਮਨ ਦਾ ਮਸੀਹਾ’ ਜਾਂ ‘ਯੁੱਗ-ਪੁਰਸ਼’ ਮੰਨਿਆ ਜਾਵੇਗਾ। ਹੋਇਆ ਇਸ ਦੇ ਐਨ ਉਲਟ। ਬਰਨਾਲਾ ਸਰਕਾਰ ਟੁੱਟੀ ਤਾਂ ਪੰਜਾਬ ਵਿਚ ਇਕ ਵਾਰ ਫਿਰ ਰਾਸ਼ਟਰਪਤੀ ਰਾਜ ਲੱਗ ਗਿਆ। ਕਾਲਾ ਦੌਰ ਕਿਸੇ ਪ੍ਰੇਤ ਵਾਂਗ ਡਰਾ ਰਿਹਾ ਸੀ।

ਕੇਂਦਰ ਦੀ ਸਰਕਾਰ ਨੇ ਪੰਜਾਬ ਨੂੰ ਮੁੜ ਪ੍ਰਯੋਗਸ਼ਾਲਾ ਵਾਂਗ ਵਰਤਿਆ। ਅਕਾਲੀਆਂ ਵੱਲੋਂ 1992 ਦੀਆਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕੀਤੇ ਜਾਣ ਦੀ ਵਜ੍ਹਾ ਕਰਕੇ ਬੇਅੰਤ ਸਿੰਘ ਦੀ ਸਰਕਾਰ ਬਣੀ ਜਿਸ ਨੇ ਨੌਜਵਾਨਾਂ ’ਤੇ ਬੇਅੰਤ ਜ਼ੁਲਮ ਢਾਹੇ ਸਨ। ਦੇਸ਼ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਅੱਜ ਪੱਛੜੇ ਸੂਬਿਆਂ ਨਾਲੋਂ ਕਿਤੇ ਵੱਧ ਪੱਛੜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਵੀ ਪੰਜਾਬ ਆਪਣੀ ਪੁਰਾਣੀ ਸ਼ਾਨ ਬਹਾਲ ਕਰਨ ’ਚ ਅਸਮਰੱਥ ਰਿਹਾ ਹੈ।

ਸਮੇਂ-ਸਮੇਂ ਕੀਤੀਆਂ ਗ਼ਲਤੀਆਂ ਨੇ ਪੰਜਾਬ ਨੂੰ ਕੱਖੋਂ ਹੌਲੇ ਕਰ ਰੱਖਿਆ ਹੈ। ਦੂਜਿਆਂ ਦੀ ਆਲੋਚਨਾ ਕਰਨੀ ਸੌਖੀ ਹੁੰਦੀ ਹੈ। ਆਪਣੇ ਗਰੇਬਾਨ ਅੰਦਰ ਝਾਕਣ ਦਾ ਵੇਲਾ ਹੈ। ਜਨਤਕ ਤੌਰ ’ਤੇ ਭੁੱਲਾਂ ਬਖਸ਼ਾਉਣ ਨਾਲ ਅੱਗਾ ਸੰਵਰ ਸਕਦਾ ਹੈ। ਨਵਾਂ ਇਤਿਹਾਸ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇ ਸਾਡੇ ਨੇਤਾ ਪੰਜਾਬ ਨਾਲ ਸਾਬਤ ਕਦਮੀਂ ਖੜ੍ਹੇ ਦਿਖਾਈ ਦੇਣ। ਅਜਿਹਾ ਨਹੀਂ ਹੁੰਦਾ ਤਾਂ ਤਸਵੀਰਾਂ ਵੇਚਣ ਵਾਲੇ ਫਿਰ ਹੋਕਰਾ ਮਾਰਦੇ ਸੁਣਾਈ ਦੇਣਗੇ, “ਜੋ ਨਹੀਂ ਵਿਕਦੇ, ਤਸਵੀਰਾਂ ਉਨ੍ਹਾਂ ਦੀਆਂ ਹੀ ਵਿਕਦੀਆਂ ਹਨ।”










## ਤੱਕੜੀ ਦੇ ਨਵੇਂ ਮਾਲਕ !

ਦੋ ਦਸੰਬਰ ਨੂੰ ਹੋਇਆ ਸੀ ਹੁਕਮਨਾਮਾ
'ਅੱਡੋ ਅੱਡ ਚੁੱਲ੍ਹੇ' ਕਰ ਲਉ ਇੱਕ ਭਾਈ।
'ਭੂੰਦੇ ਹੁਣਾ' ਝੱਟ ਲਿਆ 'ਸਮੇਟ' ਚੁੱਲ੍ਹਾ
ਬਾਦਲ ਧੜੇ ਫੁਲਾ ਲਈ ਸੀ ਹਿੱਕ ਭਾਈ।
ਜੇ 'ਰਲਣ' ਲਈ ਆਏ 'ਸੁਧਾਰ' ਵਾਲੇ
ਕਹਿੰਦੇ ਕੱਢਾਂ ਗੇ ਮਾਰ ਕੇ 'ਕਿੱਕ' ਭਾਈ।
ਪੰਥਕ ਜੋਸ਼ ਵਿਚ ਉਨ੍ਹਾਂ ਨੇ ਕਰੀ ਭਰਤੀ
ਪੰਜੇ ਮੈਂਬਰ ਜੋ ਦਿੱਤੇ ਸੀ 'ਟਿੱਕ' ਭਾਈ।
ਮਾਇਆ ਧੌਂਸ ਹੰਕਾਰ ਨਾਲ ਭਰੇ ਹੋਏ
ਵਾਂਗ ਧੁਖ ਰਹੇ ਹੁਣ ਗਿੱਲੀ ਲੱਕੜੀ ਦੇ।
ਮਿਲਕੇ ਪੰਥ ਨੇ 'ਨਵਾਂ ਪ੍ਰਧਾਨ' ਚੁਣਿਆਂ
'ਮਾਲਕ ਹੋਰ' ਆ ਗਏ ਐ 'ਤੱਕੜੀ' ਦੇ !



**-ਤਰਲੋਚਨ ਸਿੰਘ ਦੁਪਾਲ ਪੁਰ**
78146-92724

## ਚੱਲ ਮਨੂੰਆਂ !

ਚੱਲ ਮਨੂੰਆਂ!
ਚੱਲ ਉੱਥੇ ਚੱਲੀਏ !!

ਜਿੱਥੇ ਬੀਂਡੇ ਗਾਵਣ ਰਾਤਾਂ ਨੂੰ
ਚਿੜੀਆਂ ਚੂਕਣ ਪ੍ਰਭਾਤਾਂ ਨੂੰ
ਤੇ ਗੂੰਜਣ ਲਾਉਣ ਸਬ੍ਹਾਤਾਂ ਨੂੰ

ਜਦ ਦੁੱਧ ਰਿੜਕਦੀਆਂ ਮਾਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਕਦੇ ਬੱਦਲ ਛੰਮ ਛੰਮ ਵੱਸਦੇ ਨੇ
ਫਿਰ ਮੋਰ ਮਸਤ ਹੋ ਨੱਚਦੇ ਨੇ
ਤੇ ਪੈਰ ਮੜਕ ਨਾਲ ਚੱਕਦੇ ਨੇ

ਕਦੇ ਮੱਠੀ ਜਹੀ ਪੱਛੋਂ ਰੁਮਕੇ
ਤੇ ਲੋਰੀ ਦੇਣ ਹਵਾਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਜਿੱਥੇ ਖੇਤਾਂ ਵਿੱਚ ਬਹਾਰਾਂ ਨੇ
ਲਾਈ ਛਹਿਬਰ ਹੈ ਗੁਲਜਾਰਾਂ ਨੇ
ਤਿੱਤਰਾਂ ਦੀਆਂ ਫਿਰਦੀਆਂ ਡਾਰਾਂ ਨੇ

ਕੋਈ ਗਾਉਂਦਾ ਫਿਰਦਾ ਗੀਤ
ਖੇਤਾਂ ਵਿੱਚ ਗੱਭਰੂ ਟਾਵਾਂ ਟਾਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਮਸਤੀ ਵਿੱਚ ਝੂਮਣ ਫਸਲਾਂ ਨੇ
ਏਥੇ ਮਿਹਨਤਕਸ ਸਭ ਨਸਲਾਂ ਨੇ
ਤੇ ਭੋਲੀਆਂ ਭਾਲੀਆਂ ਸਕਲਾਂ ਨੇ

ਦਰਦਮੰਦਾਂ ਦੇ ਦਰਦੀ ਏਹ
ਕਰਦੇ ਦੁਖੀਆਂ ਲਈ ਦੁਆਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਏਥੇ ਮੋਹ ਖੋਰੇ ਇਨਸਾਨ ਬਈ
ਨਫਰਤ ਤੋਂ ਏਹ ਅਣਜਾਣ ਬਈ
ਮਿੱਤਰਾਂ ਤੋਂ ਵਾਰਨ ਜਾਨ ਬਈ

ਕਿਸੇ ਬਿਪਤਾ ਮਾਰੇ ਬੰਦੇ ਲਈ
ਏਹ ਬਣ ਜਾਂਦੇ ਨੇ ਬਾਹਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਅੱਖੀਆਂ ' ਚ ਵਾਸ ਹੈ ਸਰਮਾਂ ਦਾ
ਏਥੇ ਆਦਰ ਹੈ ਸਭ ਧਰਮਾਂ ਦਾ
ਸਭ ਖਾਂਦੇ ਆਪਣੇ ਕਰਮਾਂ ਦਾ

ਸਭਨਾਂ ਦਾ ਸਤਿਕਾਰ ਕਰੋ
ਏਹੋ ਦੱਸਿਆ ਬਾਪੂਆਂ ਮਾਵਾਂ
ਮੇਰੇ ਦੇਸ ਪੰਜਾਬ ਦੀਆਂ
ਤੈਨੂੰ ਸਿਫਤਾਂ ਅੱਜ ਸੁਣਾਵਾਂ

ਤੈਨੂੰ ਦੇਸ ਪੰਜਾਬ ਦੀਆਂ
'ਪਾਲੀ' ਸਿਫਤਾਂ ਅੱਜ ਸੁਣਾਵਾਂ !!

**ਪਾਲੀ ਚਹਿਲ**
9872502298

## ਮੈਂ ਅਕਸਰ ਸੋਚਦਾ ਹਾਂ

ਮੈ ਅਕਸਰ ਸੋਚਦਾ ਹਾਂ
ਕੀਹ ਮਜਦੂਰ ਕਦੋ ਤੱਕ
ਆਪਣੇ ਲੇਖਾਂ ਨੂੰ ਕੋਸੇ ਗਾ
ਜਾਗੇਗਾ ਨਹੀਂ, ਜਦੋਂ ਤੱਕ

ਜਦੋਂ ਇਹਨਾਂ ਲੇਖਾਂ ਵਾਲੇ
ਆਲਸ ਨੂੰ ਤਿਆਗ ਦੇਣਾ
ਜਿੰਦਗੀ ਦੇ ਸੰਘਰਸ਼ ਦਾ
ਉਦੋਂ ਮੁੱਲ ਪੂਰਾ ਲੈਣਾ

ਕੀਹ ਅਸਾਡੇ ਹਥੌੜਿਆਂ ਸ਼ੈਨੀਆ
ਨੂੰ ਜੰਗ ਖਾਹ ਰਿਹਾ
ਸਾਡੀ ਕਿਰਤ ਲੁੱਟ ਕੋਈ
ਵਿਹਲੜ ਨੰਗ ਖਾਹ ਰਿਹਾ

ਜਦੋਂ ਇਨ੍ਹਾਂ ਸਰਮਾਏਦਾਰਾਂ ਦੀ
ਅਸੀ ਲੁੱਟ ਨਾਂ ਸਹਾਂਗੇ
ਹਰ ਬਜਾਰ, ਗਲੀ ਮੁਹੱਲੇ
ਬਾਗੀ ਹੋ ਇਨਕਲਾਬ ਕਹਾਂਗੇ

ਜਿੱਥੇ ਰੋਜ ਲੁੱਟਿਆ ਜਾਂਦਾ ਏ
ਸਾਡੀ ਅਣਖ, ਵਫਾਦਾਰੀ ਨੂੰ
ਜਿਸਨੂੰ ਤੁਸੀਂ ਮਿਹਨਤਾਨਾ ਜਤਾਉਂਦੇ
ਅਸੀ ਸਮਝਦੇ, ਤੁਹਾਡੀ ਮਕਾਰੀ ਨੂੰ

ਅਸੀ ਭਾਵੇਂ ਲੱਖ ਚੱਟੀਏ
ਤੁਹਾਡੇ ਨਿਆਣਿਆਂ ਦੀ ਲਾਲਾਂ
ਸਾਡੇ ਬੱਚਿਆਂ ਨੂੰ ਘੂਰ ਦੇ
ਕਹਿ ਪਰਾ ਹੱਟ ਸੀਅ ਕਾਲਾ

ਮੈ ਸੁਣਦਾ ਅਸਾਡੇ ਪਿਓ ਦਾਦਿਆਂ ਤੋਂ
ਕੀਹ ਧਨਾਢਾਂ ਨਾਲ ਨਾ ਅੜੀਏ
ਇੱਕ ਦੋ ਰੁਪਏ ਖਾਤਰ
ਲੁੱਚੜਾ ਦੇ ਲਾਣੇ ਨਾਲ ਨਾ ਲੜੀਏ

ਆਪਣੇ ਹੱਕ ਦੀ ਮਿਹਨਤ
ਹੁਣ ਨਾ, ਅਸੀਂ ਲੁਟਾਵਾਗੇਂ
ਚੂਹੜੇ ਤੇ, ਸ਼ੀਰੀ ਪਾਲੀ
ਹੁਣ ਨਾ, ਅਸੀਂ ਅਖਵਾਗੇਂ

ਹੁਣ ਯੁੱਗ ਅਸ਼ਾ ਬਦਲ ਦੇਣਾ
ਵਰਾ ਚੜਿਆ ਈ ਲੀਪ
ਹੁਣ ਬਾਜੀ ਜਿੱਤ ਲੈਣੀ
ਅਸ਼ਾ ਲਾ ਦੁੱਕੀ ਦੀ ਸੀਪ

ਰਿਕਵੀਰ ਗਰੀਬ ਬੇਸ਼ੱਕ ਜੰਮੇ
ਗਰੀਬੀ ਨਾ, ਹੁਣ ਅਖੀਰੀ ਏ
ਗਰੀਬੀ ਦੀਆਂ ਤੋੜ ਜੰਜੀਰਾਂ
ਮਰਨਾ ਤਾਂ ਵਿੱਚ ਅਮੀਰੀ ਏ

**ਰਿਕਵੀਰ ਰਿੱਕੀ**
98157 43544

## ਖੁਸ਼ੀ ਤੇ ਉਦਾਸੀ....

ਉਦਾਸੀ ਤੇ ਖੁਸੀ ਦੀ ਹੋਈ ਲੜਾਈ
ਉਦਾਸੀ ਕਹਿੰਦੀ ਮੈਂ ਉਦਾਸ ਹੀ ਚੰਗੀ
ਖੁਸੀ ਕਹਿੰਦੀ ਮੈਂ ਤੇਨੂੰ ਲੱਗਦੀ ਨਹੀਂ ਚੰਗੀ
ਮੈਨੂੰ ਵੇਖ ਰੋਣ ਵਾਲਿਆ ਦਾ ਵੀ ਨਿਕਲ ਜੇ ਹਾਸਾ
ਉਦਾਸੀ ਕਹਿੰਦੀ ਤੂੰ ਵੀ ਦੁੱਖ ਦੇਖ ਮੇਰੇ ਬਣਾਏ ਤਮਾਸਾ
ਖੁਸੀ ਕਹਿੰਦੀ ਆਈ ਮੈਂ ਤੇਰੇ ਵਿਹੜੇ
ਵੰਡਦੀ ਮੈਂ ਖੁਸੀਆਂ ਖੇੜੇ
ਉਦਾਸੀ ਕਹਿੰਦੀ ਚੱਕ ਖੁਸੀਆਂ ਜਾ ਏਥੋਂ
ਕਰਨ ਕੀ ਆਈ ਏਥੇ ਲੋੜ ਨਾ ਕੋਈ ਤੇਰੇ ਤੋਂ
ਉਦਾਸੀ ਕਹਿੰਦੀ ਰਹਿਣ ਦੇ ਮੇਨੂੰ ਮੇਰੇ ਹਾਲ 'ਚ
ਖੁਸੀ ਕਹਿੰਦੀ ਰੱਖ ਲੈ ਕੋਲ ਮੈਨੂੰ ਆਪਣੇ ਖਿਆਲ 'ਚ
ਉਦਾਸੀ ਨੇ ਗੱਲ ਖੁਸੀ ਨੂੰ ਆਪਣੇ ਦਿਲ ਦੀ ਕਹਿ ਸੁਣਾਈ
ਖੁਸੀ ਕਹਿੰਦੀ ਵੇਖ ਮੈਂ ਤੇਰੇ ਨਾਂ ਨਾਲ ਦੋਸਤੀ ਕਰਨ ਹਾਂ ਆਈ
ਉਦਾਸੀ ਨੇ ਖੁਸੀ ਨੂੰ ਦੋਸਤ ਬਣਾਇਆ
ਦੋਵਾਂ ਨੇ ਆਪਣਾ ਮਸਲਾ ਕਰ ਲਿਆ ਹੱਲ
ਵਿਚੋਲੇ ਵਿਚ ਕਿਉਂ ਪਾਉਣਾ ਸੀ
ਏਥੇ ਉਸ ਦਾ ਨਾਂਅ ਸੀ ਕੋਈ ਕੰਮ।

**- ਗਗਨਪ੍ਰੀਤ ਸੱਪਲ**
**ਸੰਗਰੂਰ ਪਿੰਡ ਘਾਬਦਾਂ**

## ਕੌਹਰਾਮ ਮਚਦਾ ਰਹੇਗਾ

ਸੂਦਰ ਜਦ ਤੱਕ ਆਪਣੇ ਪੁਰਖਿਆਂ ਦੇ,
ਕਾਤਲਾਂ ਨੂੰ ਈਸਵਰ ਕਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ ਧਰਤੀ ਤੇ,
ਦੁੱਖਾਂ ਦੇ ਪਹਾੜ ਢਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਇਹਨਾਂ ਦੀ ਪਿੱਠ ਜਿੰਨਾਂ ਚਿਰ,
ਆਪਣੇ ਰਹਿਬਰਾਂ ਵੱਲ ਰਹੇਗੀ।
ਜੁਲਮ ਦੀ ਹਨੇਰੀ ਕਹਿਰ ਦੇ ਤੁਫਾਨ,
ਜਾਵਰ ਦਾ ਦੰਡ ਸਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਮਾਣ ਸਨਮਾਨ ਆਜਾਦੀ ਦੇ ਬੂਹੇ,
ਹਮੇਸਾ ਬੰਦ ਰਹਿਣਗੇ ਇਹਨਾਂ ਲਈ।
ਜਦ ਤੱਕ ਆਪਣਿਆਂ ਤੋਂ ਮੁਨਕਰ,
ਦੁਸਮਣ ਨੂੰ ਬਾਪੂ ਕਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਜਿਹਨਾਂ ਨੂੰ ਆਪਣੇ ਇਤਿਹਾਸ ਯਾਦ ਨਈ,
ਉਹ ਗੈਰਾਂ ਦੇ ਸੋਹਲੇ ਹੀ ਗਾਉਣਗੇ।
ਗੁਲਾਮੀ ਕਰਨਗੇ ਤਲੇ ਚੱਟਣਗੇ ਦੁਸਮਣ ਦੇ,
ਜਾਲਮ ਦੇ ਪੈਰਾਂ ਵਿੱਚ ਬਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਅਕਲ ਮੱਤ-ਬੁੱਧੀ ਤੋਂ ਖਾਲੀ ਲੋਕ,
ਹਾਕਮ ਲਈ ਭੈਡਾਂ ਬੱਕਰੀਆਂ ਹੀ ਹੁੰਦੇ ਨੇ।
ਕਬਰਾਂ ਦੀ ਚੁੱਪ ਬਣੀ ਰਹੇਗੀ ਜਦ ਤੱਕ,
ਜਾਲਮ ਦਾ ਜੁਲਮ ਸਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਜਦ ਤੱਕ ਗੁਲਾਮਾਂ ਨੂੰ ਗੁਲਾਮੀ ਦਾ,
ਅਹਿਸਾਸ ਨਹੀਂ ਹੁੰਦਾ ਮੁਰਦਾ ਰਹਿਣਗੇ।
ਪੀੜ੍ਹੀ ਦਰ ਪੀੜ੍ਹੀ ਘਾਂਣ ਹੁੰਦਾ ਰਹੇਗਾ,
ਇਜਤਾਂ ਲੁੱਟਦੀਆਂ ਵੈਂਣ ਪੈਂਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਦੁਸਮਣ ਦੇ ਹੱਡਾਂ ਨੂੰ ਜਦ ਤੱਕ,
ਰਹਿਣਗੇ ਸਾਡੇ ਹੀ ਹੱਡ ਢੋਂਹਦੇ।
ਨਰਕ ਗੁਲਾਮੀ ਰੋਣੇ ਪੱਲੇ,
ਚੀਕ ਚਹਾੜੇ ਪੈਂਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਮੈਂ ਗੂੰਗੇ ਬਹਿਰਿਆਂ ਦੀ ਬਸਤੀ ਵਿੱਚ,
ਮੋਢੇ ਰੱਖ ਕੇ ਢੋਲ ਵਜਾਉਂਦਾ ਹਾਂ।
ਨਿਕਲ ਜਾਉ ਬਿਪਰ ਦੇ ਨਰਕ ਚੋਂ,
ਏਥੇ ਖੂਨ ਦੇ ਦਰਿਆ ਬਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ...

ਦੁਸ਼ਮਣ ਤੇ ਮਿੱਤਰ ਦੀ ਜਦ ਤੱਕ,
ਇਹਨਾਂ ਨੂੰ ਪਹਿਚਾਣ ਨਈਂ ਹੁੰਦੀ।
ਹਰਦਾਸਪੁਰੀ ਇਹ ਨਰਕ ਦੇ ਸੈਲਾਬ ਚ,
ਸਦੀਆਂ ਤੱਕ ਬਹਿੰਦੇ ਰਹਿਣਗੇ।
ਕੌਹਰਾਮ ਮਚਦਾ ਰਹੇਗਾ,
ਦੁੱਖਾਂ ਦੇ ਪਹਾੜ ਢਹਿੰਦੇ ਰਹਿਣਗੇ...



**ਮਲਕੀਤ ਹਰਦਾਸਪੁਰੀ**
00306947249768

## ਸਰੋਂ ਦੇ ਫੁੱਲ

ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ
ਹੋਰ ਕੋਈ ਹੋਣਾ ਨਹੀਂ ਜੀ ਇਹਨਾਂ ਦੇ ਤੁੱਲ

ਕੁਦਰਤ ਵਲੋਂ ਭਰੇ ਇਹਨਾਂ ਵਿੱਚ ਰੰਗ
ਦੇਖ ਦੇਖ ਹੋਈ ਜਾਣ ਲੋਕੀ ਸਾਰੇ ਦੰਗ
ਹੀਰਿਆਂ ਦੇ ਨਾਲੋਂ ਵੱਧ ਇਹਨਾਂ ਦਾ ਹੈ ਮੁੱਲ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ

ਖੇਤਾਂ ਵਿੱਚ ਸਾਰੇ ਪਾਸੇ ਖੁਸ਼ੀਆਂ ਖਿਲਾਰਦੇ
ਬਹੁਤ ਸੋਹਣੇ ਲੱਗਦੇ ਸੁਨਹਿਰੀ ਭਾਅ ਮਾਰਦੇ
ਮਨਾਂ ਤਾਈਂ ਮੋਹ ਲੈਂਦੇ ਜਿਵੇਂ ਜਾਂਦੇ ਹੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ

ਜਿਹੜਾ ਤੱਕੇ ਉਹੀ ਜਾਣੀ ਹੁੰਦਾ ਪਰਸੰਨ ਹੈ
ਕੁਦਰਤ ਤਾਈਂ ਆਖਦਾ ਉਹ ਧੰਨ ਧੰਨ ਹੈ
ਇਹਨਾਂ ਵਾਲੇ ਗੁਣ ਕਦੇ ਹੁੰਦੇ ਨਹੀਂ ਭੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ

ਸਰੋਂ ਦੇ ਫੁੱਲਾਂ ਦੇ ਵਿੱਚੋਂ ਕੁਦਰਤ ਦਿਸਦੀ
ਬਲਵੀਰ ਰਾਮਗੜ੍ਹ ਸਿਵੀਆਂ ਹੈ ਲਿਖਦੀ
ਭੌਰੇ ਖੁਸ਼ਬੋਆਂ ਲੈਕੇ ਹੁੰਦੇ ਪਰਫੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ



**ਬਲਵੀਰ ਕੌਰ ਸਿਵੀਆ**
9915919614

## ਸ਼ਹੀਦਾਂ ਨੂੰ ਸਲਾਮ

ਸ਼ਹੀਦਾਂ ਦਾ ਲਹੂ ਡੁੱਲਾ ਕਦੇ ਐਵੇਂ ਨਈਂ ਜਾ ਸਕਦਾ,
ਇਹ ਸੱਚਮੁੱਚ ਉਹ ਹਕੀਕਤ ਹੈ ਜੋ ਹਰ ਕੋਈ ਅਜਮਾ ਸਕਦਾ।

ਸ਼ਹੀਦਾਂ ਦੀ ਕਹਾਣੀ ਟੁੰਬ ਕੇ ਕੌਮਾਂ ਨੂੰ ਜਗਾਉਂਦੀ ਏ,
ਇਨ੍ਹਾਂ ਦੀ ਘਾਲਣਾ ਮੁਰਦਾ ਦਿਲਾਂ ਵਿਚ ਜਾਨ ਪਾਉਂਦੀ ਏ,
ਕੁਰਬਾਨੀ ਸ਼ਹੀਦਾਂ ਦੀ ਨਾ ਕੋਈ ਦਿਲੋਂ ਭੁਲਾ ਸਕਦਾ।

ਸ਼ਹੀਦਾਂ 'ਚੋਂ ਕੋਈ ਮੁੜ ਕੇ ਆਵਾਜ਼ਾਂ ਮਾਰਦਾ ਸਾਨੂੰ,
ਸਤਲੁਜ ਦੇ ਕਿਨਾਰੇ 'ਤੇ ਖੜ੍ਹਾ ਲਲਕਾਰਦਾ ਸਾਨੂੰ,
ਚਮਨ ਵਿਚ ਬੁਲਬੁਲੋ ਸਈਆਦ ਮੁੜ ਕੇ ਆ ਨਹੀਂ ਸਕਦਾ।

ਕੁਰਬਾਨੀ ਸ਼ਹੀਦਾਂ ਦੀ ਪਈ ਵੰਗਾਰ ਦੀ ਸਾਨੂੰ,
ਅਜ਼ਾਦੀ ਨੂੰ ਸੰਭਾਲਣ ਲਈ ਪਈ ਪੁਕਾਰਦੀ ਸਾਨੂੰ।
ਤੂਫ਼ਾਨ 'ਚੋਂ ਕੱਢੀ ਕਿਸ਼ਤੀ ਨੂੰ ਨਾ ਕੋਈ ਹੋਰ ਬਚਾ ਸਕਦਾ।

ਉਤਾਰੋ ਰੰਗ ਖੁਦਗਰਜ਼ੀ ਦਾ ਚੜ੍ਹਾਓ ਵਤਨਪ੍ਰਸਤੀ ਦਾ,
ਵਧੋ ਅੱਗੇ ਮੈਦਾਨੇ ਜੰਗ 'ਚ ਸਮਾਂ ਹੈ ਦਿਖੋਣ ਸ਼ਕਤੀ ਦਾ,
ਤੁਹਾਡੀ ਏਕਤਾ ਦਾ ਬਲ ਹੀ ਵੈਰੀ ਨੂੰ ਝੁਕਾਅ ਸਕਦਾ।

ਵਤਨ ਦੇ ਆਸ਼ਕਾਂ ਤੋਂ ਦਿਲ ਜਿਗਰ ਤੇ ਜਾਨ ਵੀ ਸਦਕੇ
ਮੇਰੀ ਇੱਜ਼ਤ ਮੇਰੀ ਦੌਲਤ ਮੇਰਾ ਈਮਾਨ ਵੀ ਸਦਕੇ,
'ਹਜ਼ੂਰ' ਇਹ ਭੇਟ ਕਰਕੇ ਵੀ ਸਿਰੋਂ ਕਰਜ਼ਾ ਨਈ ਲਾਹ ਸਕਦਾ।



**ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)**
**ਕੋਠੀ ਨੰ. 2426, ਸਾਊਥ ਵਾਸਕੋ ਰੋਡ**
**ਕੌਵਨ ਵੇ ਲਿਵਰਮੋਰ**
925-660-5977

## ਮਹਿੰਗਾਈ ਦਾ ਬੰਬ

ਆਟਾ ਦਾਲਾਂ ਤੇ ਘਿਉ, ਖੰਡ ਹੋਏ ਮਹਿੰਗੇ,
ਮਹਿੰਗਾ ਹੋ ਗਿਐ ਸਾਰਾ ਬਜ਼ਾਰ ਪੱਤੋ।

ਰਾਸਨ ਨਕਦਾਂ ਦਾ ਵੀ ਮਿਲਦਾ ਹੈ ਔਖਾ,
ਫਿਰ ਮਿਲਣਾ ਹੈ ਕਿੱਥੋਂ ਉਧਾਰ ਪੱਤੋ।

ਕਮਾਈ ਘੱਟ ਤੇ ਖ਼ਰਚਾ ਹੈ ਜ਼ਿਆਦੇ,
ਮਜ਼ਦੂਰ, ਮੁਲਾਜ਼ਮ ਨੇ ਸਭ ਲਾਚਾਰ ਪੱਤੋ।

ਵੱਧਦੀ ਵੱਸੋਂ ਹੈ ਇਸ ਦਾ ਮੂਲ ਕਾਰਨ,
ਮੁਲਖ਼ ਇੱਕ ਨਹੀਂ ਸਾਰਾ ਸੰਸਾਰ ਪੱਤੋ।

ਵਿਹਲੇ ਸੱਤ ਜੀਅ,ਕਮਾਵੇ ਇੱਕ ਬੰਦਾ,
ਪੁੱਛੋ ਜਿੰਨ੍ਹਾਂ ਦੇ ਨੇ ਵੱਡੇ ਪ੍ਰੀਵਾਰ ਪੱਤੋ।

ਲੱਗਣ ਟੈਕਸ, ਮਹਿੰਗਾਈ ਵਧੀ ਜਾਵੇ,
ਯੁੱਧ ਰਹਿੰਦੇ ਨੇ ਦੇਸ਼ਾਂ ਵਿਚਕਾਰ ਪੱਤੋ।

ਬਚ ਜਾਣਗੇ ਲੋਕ ਬੰਬਾਂ, ਗੋਲੀਆਂ ਤੋਂ,
ਖ਼ਤਰਨਾਕ ਮਹਿੰਗਾਈ, ਹਥਿਆਰ ਪੱਤੋ।

ਗੌਰ ਕਰਨ ਲੀਡਰ ਇਹਨਾਂ ਮੁੱਦਿਆਂ 'ਤੇ,
ਕਰੇ ਕੁੱਝ ਤਾਂ ਸਾਡੀ ਸਰਕਾਰ ਪੱਤੋ।

ਬੇਰੁਜ਼ਗਾਰੀ, ਮਹਿੰਗਾਈ ਨੂੰ ਨੱਥ ਪਾਵੇ,
ਨਹੀਂ ਤਾਂ ਬੰਦ ਕਰੇ ਝੂਠਾ ਪ੍ਰਚਾਰ ਪੱਤੋ।

**ਹਰਪ੍ਰੀਤ ਪੱਤੋ**
94658-21417

## ਮੈਂ ਪੰਜਾਬੀ ਬੋਲੀ

ਮੈਂ ਪੰਜਾਬੀ ਬੋਲੀ,
ਹਰਫ਼ਾਂ ਨੂੰ ਪਾ ਕੇ ਝੋਲੀ,
ਵਾਂਗ ਸੂਰਜ ਦੇ ਮਘਦੇ ਰਹਿਣਾ ਹੈ,
ਹਰਫ਼ਾਂ ਨੇ ਸੰਦਲੀ ਪੈੜਾਂ ਕਰਦੇ ਰਹਿਣਾ ਹੈ...
ਔਂਕੜ, ਬਿਹਾਰੀ, ਕੰਨਾਂ ਲਾਕੇ,
ਬਿੰਦੀ, ਟਿੱਪੀ ਵਿੱਚ ਸਜਾਕੇ,
ਅੱਖਰਾਂ ਨੂੰ 'ਅੱਖਰਕਾਰੀ' ਵਿੱਚ ਮੜ੍ਹਦੇ ਰਹਿਣਾ ਹੈ,
ਹਰਫ਼ਾਂ ਨੇ ਸੰਦਲੀ ਪੈੜਾਂ ਕਰਦੇ ਰਹਿਣਾ ਹੈ...
ਵਾਰਿਸ ਰੰਗਿਆ ਹੁਸਨ ਗ਼ੁਲਾਬੀ,
ਬੁੱਲਾ ਲਿਖ ਗਿਆ ਠੇਠ ਪੰਜ਼ਾਬੀ,
ਬਾਣੀ ਗੁਰੂਆਂ ਦੀ ਉੱਠ ਸਵੇਰੇ ਪੜ੍ਹਦੇ ਰਹਿਣਾ ਹੈ,
ਹਰਫ਼ਾਂ ਨੇ ਸੰਦਲੀ ਪੈੜਾਂ ਕਰਦੇ ਰਹਿਣਾ ਹੈ....
ਭਾਈ ਵੀਰ ਸਿੰਘ ਦਾ ਕੁਦਰਤ ਜਲਵਾ
ਸ਼ਿਵ ਦਾ ਦਰਦ ਪਰੋਇਆ ਗਲਵਾ
ਲੱਗੀ ਨਜ਼ਰ ਉਤਾਰਨ ਖ਼ਾਤਰ,
ਮਿਰਚਾਂ ਪਾਤਰ ਨੇ ਵਾਰ ਦੇ ਰਹਿਣਾ ਹੈ,
ਹਰਫ਼ਾਂ ਨੇ ਸੰਦਲੀ ਪੈੜਾਂ ਕਰਦੇ ਰਹਿਣਾ ਹੈ....

**- ਨਿਰਲੇਪ ਕੌਰ ਸੇਖੋਂ**

# ਆਜ਼ਾਦੀ ਤੋਂ ਬਾਅਦ ਭਾਰਤ ਦੇ ਲਾਇਬ੍ਰੇਰੀ ਸੁਧਾਰ ਦੀ ਮਹੱਤਵਪੂਰਨ ਯਾਤਰਾ





ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


1947 ਵਿੱਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ, ਭਾਰਤ ਨੇ ਲਾਇਬ੍ਰੇਰੀ ਸੁਧਾਰਾਂ ਦੀ ਇੱਕ ਮਹੱਤਵਪੂਰਨ ਯਾਤਰਾ ਸ਼ੁਰੂ ਕੀਤੀ ਹੈ, ਬਸਤੀਵਾਦੀ ਅਤੇ ਰਿਆਸਤਾਂ ਦੀਆਂ ਲਾਇਬ੍ਰੇਰੀਆਂ ਦੇ ਖਿੰਡੇ ਹੋਏ ਸੰਗ੍ਰਹਿ ਨੂੰ ਇੱਕ ਵਧੇਰੇ ਢਾਂਚਾਗਤ, ਹਾਲਾਂਕਿ ਅਜੇ ਵੀ ਵਿਕਾਸਸ਼ੀਲ, ਰਾਸ਼ਟਰੀ ਪ੍ਰਣਾਲੀ ਵਿੱਚ ਬਦਲ ਦਿੱਤਾ ਹੈ। ਆਜ਼ਾਦੀ ਤੋਂ ਬਾਅਦ ਦੇ 78 ਸਾਲ ਮੁੱਖ ਕਾਨੂੰਨ, ਪ੍ਰਭਾਵਸ਼ਾਲੀ ਸੰਸਥਾਵਾਂ ਦੀ ਸਥਾਪਨਾ, ਅਤੇ ਇੱਕ ਲੋਕਤੰਤਰੀ ਅਤੇ ਸਾਖਰ ਸਮਾਜ ਵਿੱਚ ਲਾਇਬ੍ਰੇਰੀਆਂ ਦੀ ਭੂਮਿਕਾ ਦੀ ਵਧਦੀ ਮਾਨਤਾ ਦੁਆਰਾ ਚਿੰਨ੍ਹਤ ਕੀਤੇ ਗਏ ਹਨ। ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਲਾਇਬ੍ਰੇਰੀ ਸੁਧਾਰਾਂ ਦੀ ਯਾਤਰਾ ਦਾ ਸੰਖੇਪ ਜਾਣਕਾਰੀ ਇੱਥੇ ਹੈ: ਆਜ਼ਾਦੀ ਤੋਂ ਬਾਅਦ ਦਾ ਸ਼ੁਰੂਆਤੀ ਯੁੱਗ (1947-1960 ਦਾ ਦਹਾਕਾ)

**ਰਾਸ਼ਟਰੀ ਲਾਇਬ੍ਰੇਰੀ ਦੀ ਸਥਾਪਨਾ:** ਆਜ਼ਾਦੀ ਤੋਂ ਬਾਅਦ ਇੱਕ ਵੱਡਾ ਅਤੇ ਤੁਰੰਤ ਕਦਮ 1948 ਵਿੱਚ ਕੋਲਕਾਤਾ ਵਿੱਚ ਇੰਪੀਰੀਅਲ ਲਾਇਬ੍ਰੇਰੀ ਦਾ ਨਾਮ ਬਦਲ ਕੇ ਰਾਸ਼ਟਰੀ ਲਾਇਬ੍ਰੇਰੀ ਆਫ਼ ਇੰਡੀਆ ਰੱਖਣਾ ਸੀ। ਇਹ ਇੱਕ ਬਸਤੀਵਾਦੀ ਸੰਸਥਾ ਤੋਂ ਰਾਸ਼ਟਰੀ ਮਾਣ ਅਤੇ ਗਿਆਨ ਦੇ ਪ੍ਰਤੀਕ ਵਿੱਚ ਤਬਦੀਲੀ ਦਾ ਸੰਕੇਤ ਸੀ।

**ਲਾਇਬ੍ਰੇਰੀ ਕਾਨੂੰਨ:** ਲਾਇਬ੍ਰੇਰੀ ਸੁਧਾਰ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਰਾਜ-ਪੱਧਰੀ ਲਾਇਬ੍ਰੇਰੀ ਕਾਨੂੰਨ ਲਈ ਜ਼ੋਰ ਰਿਹਾ ਹੈ। ਇਹਨਾਂ ਵਿੱਚੋਂ ਪਹਿਲਾ ਕਾਨੂੰਨ, ਮਦਰਾਸ ਪਬਲਿਕ ਲਾਇਬ੍ਰੇਰੀ ਐਕਟ, 1948 ਵਿੱਚ ਪਾਸ ਕੀਤਾ ਗਿਆ ਸੀ, ਜੋ ਕਿ ਮੁੱਖ ਤੌਰ 'ਤੇ ਡਾ. ਐਸ.ਆਰ. ਰੰਗਨਾਥਨ ਦੇ ਯਤਨਾਂ ਕਾਰਨ ਸੀ, ਜਿਨ੍ਹਾਂ ਨੂੰ ਅਕਸਰ ÷ਭਾਰਤ ਵਿੱਚ ਲਾਇਬ੍ਰੇਰੀ ਵਿਗਿਆਨ ਦਾ ਪਿਤਾਮਾ÷ ਕਿਹਾ ਜਾਂਦਾ ਹੈ। ਇਸ ਐਕਟ, ਅਤੇ ਹੋਰ ਰਾਜਾਂ ਵਿੱਚ ਬਾਅਦ ਵਾਲੇ ਕਾਨੂੰਨਾਂ ਨੇ ਜਨਤਕ ਲਾਇਬ੍ਰੇਰੀ ਪ੍ਰਣਾਲੀਆਂ ਦੀ ਸਥਾਪਨਾ, ਰੱਖ-ਰਖਾਅ ਅਤੇ ਫੰਡਿੰਗ ਲਈ ਇੱਕ ਕਾਨੂੰਨੀ ਢਾਂਚਾ ਪ੍ਰਦਾਨ ਕੀਤਾ।

**ਕਿਤਾਬਾਂ ਦੀ ਡਿਲਿਵਰੀ (ਜਨਤਕ ਲਾਇਬ੍ਰੇਰੀਆਂ) ਐਕਟ, 1954:** ਇਸ ਇਤਿਹਾਸਕ ਕਾਨੂੰਨ ਨੇ ਭਾਰਤ ਵਿੱਚ ਪ੍ਰਕਾਸ਼ਕਾਂ ਨੂੰ ਆਪਣੀ ਪ੍ਰਕਾਸ਼ਤ ਹਰ ਕਿਤਾਬ ਦੀ ਇੱਕ ਕਾਪੀ ਕੋਲਕਾਤਾ ਵਿੱਚ ਨੈਸ਼ਨਲ ਲਾਇਬ੍ਰੇਰੀ ਆਫ਼ ਇੰਡੀਆ, ਚੇਨਈ ਵਿੱਚ ਕੋਨੇਮਾਰਾ ਪਬਲਿਕ ਲਾਇਬ੍ਰੇਰੀ, ਬੰਬੇ ਦੀ ਏਸ਼ੀਆਟਿਕ ਸੋਸਾਇਟੀ ਅਤੇ ਦਿੱਲੀ ਪਬਲਿਕ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਉਣ ਦਾ ਆਦੇਸ਼ ਦਿੱਤਾ। ਇਸ ਐਕਟ ਨੇ ਦੇਸ਼ ਦੇ ਸਾਹਿਤਕ ਉਤਪਾਦਨ ਦੀ ਸੰਭਾਲ ਨੂੰ ਯਕੀਨੀ ਬਣਾਇਆ।

**ਦਿੱਲੀ ਪਬਲਿਕ ਲਾਇਬ੍ਰੇਰੀ (1951):** ਯੂਨੈਸਕੋ ਦੀ ਮਦਦ ਨਾਲ ਸਥਾਪਿਤ, ਦਿੱਲੀ ਪਬਲਿਕ ਲਾਇਬ੍ਰੇਰੀ ਇੱਕ ਆਧੁਨਿਕ, ਮੁਫ਼ਤ ਜਨਤਕ ਲਾਇਬ੍ਰੇਰੀ ਪ੍ਰਣਾਲੀ ਲਈ ਇੱਕ ਮਾਡਲ ਸੀ। ਇਸਨੇ ਮੋਬਾਈਲ ਲਾਇਬ੍ਰੇਰੀਆਂ ਵਰਗੀਆਂ ਸੇਵਾਵਾਂ ਦੀ ਸ਼ੁਰੂਆਤ ਕੀਤੀ ਅਤੇ ਦੂਜਿਆਂ ਲਈ ਪਾਲਣਾ ਕਰਨ ਲਈ ਇੱਕ ਬਲੂਪ੍ਰਿੰਟ ਬਣ ਗਈ।

**ਪੰਜ ਸਾਲਾ ਯੋਜਨਾਵਾਂ:** ਭਾਰਤ ਸਰਕਾਰ ਦੀਆਂ ਪੰਜ ਸਾਲਾ ਯੋਜਨਾਵਾਂ ਨੇ ਲਾਇਬ੍ਰੇਰੀਆਂ ਦੀ ਮਹੱਤਤਾ ਨੂੰ ਮਾਨਤਾ ਦਿੱਤੀ। ਪਹਿਲੀ ਯੋਜਨਾ (1951-1956) ਦਾ ਉਦੇਸ਼ ਇੱਕ ਰਾਸ਼ਟਰੀ ਕੇਂਦਰੀ ਲਾਇਬ੍ਰੇਰੀ ਅਤੇ ਰਾਜ ਕੇਂਦਰੀ ਲਾਇਬ੍ਰੇਰੀਆਂ ਸਥਾਪਤ ਕਰਨਾ ਸੀ। ਦੂਜੀ ਯੋਜਨਾ (1956-1961) ਵਿੱਚ ਜਨਤਕ ਲਾਇਬ੍ਰੇਰੀ ਵਿਕਾਸ ਲਈ ਮਹੱਤਵਪੂਰਨ ਫੰਡ ਅਲਾਟ ਕੀਤੇ ਗਏ ਸਨ। ਮੱਧ ਕਾਲ (1970-1990 ਦਾ ਦਹਾਕਾ)

**ਰਾਜਾ ਰਾਮਮੋਹਨ ਰਾਏ ਲਾਇਬ੍ਰੇਰੀ ਫਾਊਂਡੇਸ਼ਨ (RRRLF):** ਭਾਰਤੀ ਲਾਇਬ੍ਰੇਰੀ ਲਹਿਰ ਵਿੱਚ ਇੱਕ ਮਹੱਤਵਪੂਰਨ ਪਲ 1972 ਵਿੱਚ RRRLF ਦੀ ਸਥਾਪਨਾ ਸੀ। ਇਹ ਫਾਊਂਡੇਸ਼ਨ, ਸੱਭਿਆਚਾਰ ਮੰਤਰਾਲੇ ਦੇ ਅਧੀਨ, ਜਨਤਕ ਲਾਇਬ੍ਰੇਰੀ ਪ੍ਰਣਾਲੀ ਨੂੰ ਸਮਰਥਨ ਅਤੇ ਉਤਸ਼ਾਹਿਤ ਕਰਨ ਲਈ ਨੋਡਲ ਏਜੰਸੀ ਬਣ ਗਈ। ਇਹ ਲਾਇਬ੍ਰੇਰੀਆਂ ਨੂੰ ਵਿੱਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਦੀ ਹੈ, ਨਵੀਆਂ ਲਾਇਬ੍ਰੇਰੀਆਂ ਦੇ ਗਠਨ ਨੂੰ ਉਤਸ਼ਾਹਿਤ ਕਰਦੀ ਹੈ, ਅਤੇ ਲਾਇਬ੍ਰੇਰੀ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਰਾਜ ਸਰਕਾਰਾਂ ਨਾਲ ਕੰਮ ਕਰਦੀ ਹੈ।

**ਹੋਰ ਰਾਜ-ਪੱਧਰੀ ਕਾਨੂੰਨ:** ਲਾਇਬ੍ਰੇਰੀ ਕਾਨੂੰਨ ਲਈ ਜ਼ੋਰ ਜਾਰੀ ਰਿਹਾ। ਆਂਧਰਾ ਪ੍ਰਦੇਸ਼ (1960), ਕਰਨਾਟਕ (1965), ਮਹਾਰਾਸ਼ਟਰ (1967), ਅਤੇ ਪੱਛਮੀ ਬੰਗਾਲ (1979) ਵਰਗੇ ਰਾਜਾਂ ਨੇ ਆਪਣੇ ਲਾਇਬ੍ਰੇਰੀ ਐਕਟ ਬਣਾਏ, ਜਿਸ ਨਾਲ ਦੇਸ਼ ਭਰ ਵਿੱਚ ਜਨਤਕ ਲਾਇਬ੍ਰੇਰੀਆਂ ਦਾ ਇੱਕ ਵਧੇਰੇ ਵਿਆਪਕ ਨੈੱਟਵਰਕ ਬਣਿਆ।

**ਲਾਇਬ੍ਰੇਰੀ ਅਤੇ ਸੂਚਨਾ ਪ੍ਰਣਾਲੀ 'ਤੇ ਰਾਸ਼ਟਰੀ ਨੀਤੀ (NAPLIS):** 1980 ਦੇ ਦਹਾਕੇ ਵਿੱਚ, ਲਾਇਬ੍ਰੇਰੀਆਂ ਲਈ ਇੱਕ ਰਾਸ਼ਟਰੀ ਨੀਤੀ ਬਣਾਉਣ ਲਈ ਇੱਕ ਕਮੇਟੀ ਸਥਾਪਤ ਕੀਤੀ ਗਈ ਸੀ। ਨਤੀਜੇ ਵਜੋਂ ਪ੍ਰਾਪਤ ਦਸਤਾਵੇਜ਼, ਭਾਵੇਂ ਕਿ ਕਾਨੂੰਨੀ ਤੌਰ 'ਤੇ ਬੰਧਨਕਾਰੀ ਐਕਟ ਨਹੀਂ ਸੀ, ਇੱਕ ਤਾਲਮੇਲ ਵਾਲੀ ਰਾਸ਼ਟਰੀ ਲਾਇਬ੍ਰੇਰੀ ਪ੍ਰਣਾਲੀ ਲਈ ਇੱਕ ਦ੍ਰਿਸ਼ਟੀ ਪ੍ਰਦਾਨ ਕਰਦਾ ਸੀ ਅਤੇ ਫੰਡਿੰਗ, ਮਨੁੱਖੀ ਸਰੋਤਾਂ ਅਤੇ ਤਕਨਾਲੋਜੀ ਦੀ ਵਰਤੋਂ ਵਰਗੇ ਮੁੱਦਿਆਂ ਨੂੰ ਸੰਬੋਧਿਤ ਕਰਦਾ ਸੀ।

ਆਧੁਨਿਕ ਯੁੱਗ ਅਤੇ ਚੁਣੌਤੀਆਂ (2000 ਤੋਂ ਮੌਜੂਦਾ)

**ਡਿਜੀਟਾਈਜ਼ੇਸ਼ਨ ਅਤੇ ਆਧੁਨਿਕੀਕਰਨ:** ਇੰਟਰਨੈੱਟ ਅਤੇ ਡਿਜੀਟਲ ਤਕਨਾਲੋਜੀ ਦੇ ਆਗਮਨ ਦੇ ਨਾਲ, ਲਾਇਬ੍ਰੇਰੀ ਸੁਧਾਰਾਂ ਦਾ ਧਿਆਨ ਬਦਲ ਗਿਆ ਹੈ। ਲਾਇਬ੍ਰੇਰੀ ਸੰਗ੍ਰਹਿ ਨੂੰ ਡਿਜੀਟਾਈਜ਼ ਕਰਨ, ਡਿਜੀਟਲ ਭੰਡਾਰ ਬਣਾਉਣ ਅਤੇ ਸਰੋਤਾਂ ਤੱਕ ਔਨਲਾਈਨ ਪਹੁੰਚ ਦੀ ਪੇਸ਼ਕਸ਼ ਕਰਨ ਲਈ ਪਹਿਲਕਦਮੀਆਂ ਚੱਲ ਰਹੀਆਂ ਹਨ। RRRLF ਇਸ ਵਿੱਚ ਇੱਕ ਮੁੱਖ ਖਿਡਾਰੀ ਰਿਹਾ ਹੈ, ਡਿਜੀਟਲ ਲਾਇਬ੍ਰੇਰੀਆਂ ਅਤੇ ਭੰਡਾਰਾਂ ਦੀ ਸਿਰਜਣਾ ਦਾ ਸਮਰਥਨ ਕਰਦਾ ਹੈ।

**ਚੁਣੌਤੀਆਂ ਅਤੇ ਪਾੜੇ:** ਮਹੱਤਵਪੂਰਨ ਤਰੱਕੀ ਦੇ ਬਾਵਜੂਦ, ਭਾਰਤੀ ਲਾਇਬ੍ਰੇਰੀ ਪ੍ਰਣਾਲੀ ਅਜੇ ਵੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇੱਕ ਵੱਡਾ ਮੁੱਦਾ ਬਹੁਤ ਸਾਰੇ ਰਾਜਾਂ ਵਿੱਚ ਲਾਇਬ੍ਰੇਰੀ ਕਾਨੂੰਨ ਦੀ ਘਾਟ ਹੈ, ਜਿਸ ਕਾਰਨ ਫੰਡਿੰਗ ਵਿੱਚ ਅਸੰਗਤਤਾ ਅਤੇ ਇੱਕ ਢਾਂਚਾਗਤ ਲਾਇਬ੍ਰੇਰੀ ਨੈੱਟਵਰਕ ਦੀ ਘਾਟ ਹੁੰਦੀ ਹੈ। ਬਹੁਤ ਸਾਰੀਆਂ ਥਾਵਾਂ 'ਤੇ, ਮੌਜੂਦਾ ਲਾਇਬ੍ਰੇਰੀਆਂ ਨਾਕਾਫ਼ੀ ਬੁਨਿਆਦੀ ਢਾਂਚੇ, ਸਿਖਲਾਈ ਪ੍ਰਾਪਤ ਸਟਾਫ਼ ਦੀ ਘਾਟ ਅਤੇ ਪੁਰਾਣੇ ਸੰਗ੍ਰਹਿ ਤੋਂ ਪੀੜਤ ਹਨ।

**ਲਾਇਬ੍ਰੇਰੀਆਂ ਦੀ ਬਦਲਦੀ ਭੂਮਿਕਾ:** ਆਧੁਨਿਕ ਲਾਇਬ੍ਰੇਰੀ ਹੁਣ ਸਿਰਫ਼ ਕਿਤਾਬਾਂ ਦਾ ਭੰਡਾਰ ਨਹੀਂ ਰਹੀ। ਇਹ ਇੱਕ ਕਮਿਊਨਿਟੀ ਹੱਬ, ਜਾਣਕਾਰੀ, ਸਿੱਖਿਆ ਅਤੇ ਸਮਾਜਿਕ ਆਪਸੀ ਤਾਲਮੇਲ ਲਈ ਇੱਕ ਕੇਂਦਰ ਵਜੋਂ ਵਿਕਸਤ ਹੋ ਰਹੀ ਹੈ। ਇਸ ਨਵੀਂ ਭੂਮਿਕਾ ਲਈ ਨਿਰੰਤਰ ਸੁਧਾਰ ਦੀ ਲੋੜ ਹੈ, ਜਿਸ ਵਿੱਚ ਇੰਟਰਨੈੱਟ ਪਹੁੰਚ, ਕਿੱਤਾਮੁਖੀ ਸਿਖਲਾਈ ਅਤੇ ਹੋਰ ਕਮਿਊਨਿਟੀ-ਅਧਾਰਤ ਸੇਵਾਵਾਂ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਸਿੱਟੇ ਵਜੋਂ, ਭਾਰਤ ਵਿੱਚ ਲਾਇਬ੍ਰੇਰੀ ਸੁਧਾਰਾਂ ਦੇ 78 ਸਾਲ ਨਿਰਮਾਣ ਅਤੇ ਵਿਕਾਸ ਦੀ ਇੱਕ ਨਿਰੰਤਰ ਪ੍ਰਕਿਰਿਆ ਰਹੇ ਹਨ। ਇੱਕ ਰਾਸ਼ਟਰੀ ਪਛਾਣ ਅਤੇ ਜਨਤਕ ਲਾਇਬ੍ਰੇਰੀਆਂ ਲਈ ਇੱਕ ਕਾਨੂੰਨੀ ਢਾਂਚਾ ਸਥਾਪਤ ਕਰਨ 'ਤੇ ਸ਼ੁਰੂਆਤੀ ਧਿਆਨ ਕੇਂਦਰਿਤ ਕਰਨ ਤੋਂ, ਯਾਤਰਾ ਹੁਣ ਤਕਨਾਲੋਜੀ ਦਾ ਲਾਭ ਉਠਾਉਣ ਅਤੇ ਲਾਇਬ੍ਰੇਰੀਆਂ ਨੂੰ ਗਿਆਨ ਅਤੇ ਭਾਈਚਾਰਕ ਸ਼ਮੂਲੀਅਤ ਦੇ ਗਤੀਸ਼ੀਲ ਕੇਂਦਰਾਂ ਵਿੱਚ ਬਦਲਣ ਵੱਲ ਵਧ ਗਈ ਹੈ।

# ਚੁਣੌਤੀਆਂ ਤੋਂ ਪਾਰ ਪਾਉਣ ਦਾ ਰਸਤਾ

ਸੰਜੇ ਗੁਪਤ

ਪਿਛਲੇ ਸੁਤੰਤਰਤਾ ਦਿਵਸ ਤੋਂ ਬਾਅਦ ਤੋਂ ਹੀ ਘਰੇਲੂ ਅਤੇ ਆਲਮੀ ਪੱਧਰ 'ਤੇ ਮਾਹੌਲ ਵਿਚ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ। ਆਪਣੇ ਗੁਆਂਢੀ ਦੇਸ਼ ਬੰਗਲਾਦੇਸ਼ ਵਿਚ ਤਖ਼ਤਾਪਲਟ ਤੋਂ ਬਾਅਦ ਹਾਲਾਤ ਬਹੁਤ ਤੇਜ਼ੀ ਨਾਲ ਬਦਲੇ ਹਨ। ਫਿਰ, ਅਮਰੀਕਾ ਦੀ ਦੂਜੇ ਵਾਰ ਕਮਾਨ ਸੰਭਾਲਣ ਵਾਲੇ ਡੋਨਾਲਡ ਟਰੰਪ ਆਪਣੀ ਮਨਮਾਨੀ ਟੈਰਿਫ ਨੀਤੀ ਨਾਲ ਦੁਨੀਆ ਭਰ ਵਿਚ ਅਸਥਿਰਤਾ ਫੈਲਾਉਣ ਦਾ ਕੰਮ ਕਰ ਰਹੇ ਹਨ। ਇਸੇ ਸਿਲਸਿਲੇ ਵਿਚ ਉਨ੍ਹਾਂ ਨੇ ਭਾਰਤ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਹੈ ਜਦਕਿ ਉਹ ਉਸ ਪਾਕਿਸਤਾਨ ਦੀ ਤਰਫ਼ਦਾਰੀ ਕਰ ਰਹੇ ਹਨ ਜਿਸ ਨੇ ਪਹਿਲਗਾਮ ਵਿਚ ਭਿਆਨਕ ਅੱਤਵਾਦੀ ਹਮਲਾ ਕਰਵਾਇਆ ਸੀ ਅਤੇ ਪਿਛਲੇ ਸਮੇਂ ਵਿਚ ਅਮਰੀਕਾ ਨੂੰ ਵੀ ਧੋਖਾ ਦਿੱਤਾ ਸੀ। ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿਚ ਭਾਰਤ ਨੇ ਪਾਕਿਸਤਾਨ ਖ਼ਿਲਾਫ਼ 'ਆਪ੍ਰੇਸ਼ਨ ਸਿੰਧੂਰ' ਤਹਿਤ ਬੇਮਿਸਾਲ ਫ਼ੌਜੀ ਕਾਰਵਾਈ ਕੀਤੀ। ਇਸ ਵਿਚ ਪਾਕਿਸਤਾਨ ਨੂੰ ਤਾਂ ਮੂੰਹ ਦੀ ਖਾਣੀ ਪਈ ਪਰ ਸ਼ਾਇਦ ਅਮਰੀਕਾ ਅਤੇ ਖ਼ਾਸ ਕਰਕੇ ਰਾਸ਼ਟਰਪਤੀ ਟਰੰਪ ਨੂੰ ਭਾਰਤ ਦੀ ਇਹ ਫ਼ੌਜੀ ਕਾਰਵਾਈ ਪਸੰਦ ਨਹੀਂ ਆਈ। ਉਹ 'ਆਪ੍ਰੇਸ਼ਨ ਸਿੰਧੂਰ' ਨੂੰ ਰੋਕਣ ਅਤੇ ਦੋਹਾਂ ਦੇਸ਼ਾਂ ਵਿਚਕਾਰ ਕਥਿਤ ਜੰਗਬੰਦੀ ਦਾ ਸਿਹਰਾ ਲੈਣ ਵਿਚ ਲੱਗੇ ਹੋਏ ਹਨ। ਅਮਰੀਕੀ ਰਾਸ਼ਟਰਪਤੀ ਦਾ ਪਾਕਿਸਤਾਨ ਵੱਲ ਵਧਦਾ ਝੁਕਾਅ ਭਾਰਤ ਲਈ ਚਿੰਤਾ ਦਾ ਕਾਰਨ ਬਣ ਰਿਹਾ ਹੈ।

ਇਸ ਦਾ ਕੋਈ ਟਿਕਾਣਾ ਨਹੀਂ ਕਿ ਟਰੰਪ ਕਦੋਂ ਕੀ ਕਰ ਦੇਣਗੇ? ਇਸ ਸੰਦਰਭ ਵਿਚ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਟਰੰਪ ਦੇ ਕਾਰਜਕਾਲ ਦੌਰਾਨ ਹਾਲਾਤ ਇੰਨੇ ਵਿਗੜ ਜਾਣਗੇ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਸੰਭਾਲਣਾ ਆਸਾਨ ਨਹੀਂ ਹੋਵੇਗਾ। ਉਨ੍ਹਾਂ ਦਾ ਹਾਲੇ ਲਗਪਗ ਸਾਢੇ ਤਿੰਨ ਸਾਲ ਦਾ ਕਾਰਜਕਾਲ ਬਾਕੀ ਪਿਆ ਹੈ।

ਮੌਜੂਦਾ ਬੇਯਕੀਨੇ ਅਤੇ ਚੁਣੌਤੀ ਭਰੇ ਮਾਹੌਲ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਸੁਤੰਤਰਤਾ ਦਿਵਸ 'ਤੇ ਲਾਲ ਕਿਲ੍ਹੇ ਤੋਂ ਆਪਣੇ ਸੰਬੋਧਨ ਨਾਲ ਦੇਸ਼ ਦੇ ਲੋਕਾਂ ਵਿਚ ਨਵੀਂ ਊਰਜਾ ਭਰਨ ਦਾ ਕੰਮ ਕੀਤਾ। ਉਨ੍ਹਾਂ ਨੇ ਨਵੇਂ ਅਤੇ ਵੱਡੇ ਆਰਥਿਕ ਸੁਧਾਰਾਂ ਦਾ ਸੱਦਾ ਦਿੱਤਾ। ਇਸ ਲਈ ਇਕ ਟਾਸਕ ਫੋਰਸ ਵੀ ਗਠਿਤ ਕੀਤੀ ਜਾਵੇਗੀ।

ਦੀਵਾਲੀ ਤੱਕ ਜੀਐੱਸਟੀ ਵਿਚ ਰਿਆਇਤ ਦੇ ਆਸਾਰ ਦਿਖਾਈ ਦੇ ਰਹੇ ਹਨ। ਹੁਣ ਜੀਐੱਸਟੀ ਦੀਆਂ ਦੋ ਸਲੈਬਾਂ ਹੀ ਹੋ ਸਕਦੀਆਂ ਹਨ। ਇਸ ਨਾਲ ਰੋਜ਼ਾਨਾ ਵਰਤੋਂ ਵਾਲੀਆਂ ਵਸਤਾਂ ਦੀਆਂ ਕੀਮਤਾਂ ਘਟਣ ਅਤੇ ਆਮ ਆਦਮੀ ਨੂੰ ਰਾਹਤ ਮਿਲਣ ਦੇ ਆਸਾਰ ਹਨ। ਪ੍ਰਧਾਨ ਮੰਤਰੀ ਨੇ ਜੀਐੱਸਟੀ ਵਿਚ ਵਿਆਪਕ ਤਬਦੀਲੀਆਂ ਦੇ ਨਾਲ-ਨਾਲ ਹੋਰ ਆਰਥਿਕ ਸੁਧਾਰਾਂ ਲਈ ਵੀ ਇਕ ਰੋਡਮੈਪ ਦਿੱਤਾ ਹੈ। ਮੋਦੀ ਸਰਕਾਰ ਨੂੰ ਇਸ ਰੋਡਮੈਪ 'ਤੇ ਚੱਲਣ ਦੇ ਨਾਲ-ਨਾਲ ਰਾਜ ਸਰਕਾਰਾਂ ਦਾ ਵੀ ਸਹਿਯੋਗ ਲੈਣਾ ਹੋਵੇਗਾ ਕਿਉਂਕਿ ਇਕ ਤਾਂ ਅੱਧੇ ਤੋਂ ਵੱਧ ਰਾਜਾਂ ਵਿਚ ਭਾਜਪਾ ਜਾਂ ਉਸ ਦੀਆਂ ਸਹਿਯੋਗੀ ਪਾਰਟੀਆਂ ਦੀਆਂ ਸਰਕਾਰਾਂ ਹਨ ਅਤੇ ਦੂਜਾ, ਸਾਰੇ ਰਾਜਾਂ ਦੇ ਵਿਕਾਸ ਤੋਂ ਬਿਨਾਂ ਦੇਸ਼ ਨੂੰ ਵਿਕਸਤ ਬਣਾਉਣਾ ਸੰਭਵ ਨਹੀਂ।



ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਤੋਂ ਕਿਸਾਨਾਂ, ਬੇਰੁਜ਼ਗਾਰਾਂ, ਛੋਟੇ-ਦਰਮਿਆਨੇ ਉੱਦਮੀਆਂ ਦੇ ਨਾਲ-ਨਾਲ ਆਮ ਆਦਮੀ ਨੂੰ ਵੀ ਰਾਹਤ ਦੇਣ ਵਾਲੇ ਕੁਝ ਐਲਾਨ ਕੀਤੇ ਹਨ। ਇਨ੍ਹਾਂ ਐਲਾਨਾਂ ਦਾ ਮਕਸਦ ਦੇਸ਼ ਨੂੰ ਆਤਮ-ਨਿਰਭਰ ਬਣਾਉਣਾ ਅਤੇ ਟਰੰਪ ਦੇ ਭਾਰਤ ਵਿਰੋਧੀ ਰਵੱਈਏ ਤੋਂ ਉਪਜੇ ਹਾਲਾਤ ਦਾ ਅਸਰ ਘਟਾਉਣਾ ਹੈ। ਹਮੇਸ਼ਾ ਵਾਂਗ ਇਸ ਵਾਰ ਵੀ ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਦਾ ਸੰਬੋਧਨ ਰਾਸ਼ਟਰਵਾਦ ਨਾਲ ਭਰਪੂਰ ਰਿਹਾ। ਇਹ ਉਨ੍ਹਾਂ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ। ਇਸ ਦੀ ਝਲਕ ਪੁਲਵਾਮਾ ਵਿਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿਚ ਬਾਲਾਕੋਟ ਵਿਚ ਭਾਰਤੀ ਹਵਾਈ ਫ਼ੌਜ ਦੀ ਕਾਰਵਾਈ ਤੋਂ ਬਾਅਦ ਦੇ ਸੰਬੋਧਨ ਵਿਚ ਵੀ ਮਿਲੀ ਸੀ।

ਇਹ ਸੁਭਾਵਕ ਸੀ ਕਿ ਪ੍ਰਧਾਨ ਮੰਤਰੀ ਇਸ ਵਾਰ 'ਆਪ੍ਰੇਸ਼ਨ ਸਿੰਧੂਰ' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦੇ ਅਤੇ ਦੇਸ਼ ਦੀ ਰੱਖਿਆ-ਸੁਰੱਖਿਆ ਲਈ ਕਿਤੇ ਵੱਧ ਪ੍ਰਤੀਬੱਧ ਦਿਖਾਈ ਦਿੰਦੇ। ਇਸ ਵਾਰ ਉਨ੍ਹਾਂ ਦੇ ਤੇਵਰ ਕੁਝ ਵੱਖਰੇ ਸਨ। ਉਨ੍ਹਾਂ ਨੇ ਕਾਂਗਰਸ ਅਤੇ ਰਾਹੁਲ ਗਾਂਧੀ ਨੂੰ ਵੀ ਸ਼ੀਸ਼ਾ ਦਿਖਾਇਆ ਜਿਨ੍ਹਾਂ ਨੇ 'ਆਪ੍ਰੇਸ਼ਨ ਸਿੰਧੂਰ' ਨੂੰ ਲੈ ਕੇ ਕੁਝ ਬੇਵਜ੍ਹਾ ਸਵਾਲ ਚੁੱਕੇ ਸਨ ਅਤੇ ਇਨ੍ਹੀਂ ਦਿਨੀਂ ਉਨ੍ਹਾਂ ਦੇ ਕਾਰਨ ਹੀ ਬਿਹਾਰ ਵਿਚ ਵੋਟਰ ਸੂਚੀ ਦੇ ਵਿਸ਼ੇਸ਼ ਡੂੰਘੀ ਪੜਚੋਲ, ਜਿਸ ਨੂੰ ਐੱਸਆਈਆਰ ਕਿਹਾ ਜਾਂਦਾ ਹੈ, ਦਾ ਮਾਮਲਾ ਵੀ ਚਰਚਾ ਵਿਚ ਹੈ।

ਸੁਪਰੀਮ ਕੋਰਟ ਇਸ 'ਤੇ ਸੁਣਵਾਈ ਕਰ ਰਹੀ ਹੈ। ਉਸ ਨੇ ਕਿਹਾ ਹੈ ਕਿ ਮਤਦਾਤਾ ਸੂਚੀਆਂ ਤਿਆਰ ਕਰਨ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਹੈ। ਧਿਆਨ ਰਹੇ ਕਿ ਚੋਣ ਕਮਿਸ਼ਨ ਨੇ ਇਹ ਖ਼ਦਸ਼ਾ ਜਤਾਇਆ ਸੀ ਕਿ ਬਿਹਾਰ ਵਿਚ ਦੂਜੇ ਦੇਸ਼ਾਂ ਦੇ ਲੋਕ ਅਤੇ ਇੱਥੇ ਤੱਕ ਕਿ ਘੁਸਪੈਠੀਏ ਵੀ ਵੋਟਰ ਬਣ ਗਏ ਹਨ। ਪ੍ਰਧਾਨ ਮੰਤਰੀ ਨੇ ਇਸੇ ਸਬੰਧ ਵਿਚ ਡੈਮੋਗ੍ਰਾਫੀ ਵਿਚ ਆ ਰਹੇ ਬਦਲਾਅ ਦਾ ਮਾਮਲਾ ਉਠਾਇਆ ਅਤੇ ਇਕ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ। ਸਪਸ਼ਟ ਹੈ ਕਿ ਉਨ੍ਹਾਂ ਦੇ ਨਿਸ਼ਾਨੇ 'ਤੇ ਬੰਗਲਾਦੇਸ਼ੀ ਘੁਸਪੈਠੀਏ ਹਨ। ਸੁਤੰਤਰਤਾ ਦਿਵਸ 'ਤੇ ਲਗਾਤਾਰ 12 ਵਾਰ ਦੇਸ਼ ਨੂੰ ਸੰਬੋਧਨ ਕਰ ਚੁੱਕੇ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਤੋਂ ਪਹਿਲਾਂ ਗ਼ੈਰ-ਕਾਨੂੰਨੀ ਘੁਸਪੈਠੀਆਂ ਦੇ ਮੁੱਦੇ 'ਤੇ ਇੰਨਾ ਸਖ਼ਤ ਨਹੀਂ ਦੇਖਿਆ ਗਿਆ। ਭਾਰਤ ਇਸ ਦੀ ਅਣਦੇਖੀ ਨਹੀਂ ਕਰ ਸਕਦਾ ਕਿ ਬੰਗਲਾਦੇਸ਼ ਤੋਂ ਘੁਸਪੈਠ ਰੁਕਣ ਦਾ ਨਾਂ ਨਹੀਂ ਲੈ ਰਹੀ। ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਕੁਝ ਹੋਰ ਵਿਰੋਧੀ ਆਗੂ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਬਾਹਰ ਕਰਨ ਦੀ ਕਾਰਵਾਈ ਦਾ ਵਿਰੋਧ ਕਰਦੇ ਰਹਿੰਦੇ ਹਨ। ਇਹ ਵੋਟ ਬੈਂਕ ਦੀ ਸਸਤੀ ਰਾਜਨੀਤੀ ਹੈ।

ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਤੋਂ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਇਹ ਕਾਂਗਰਸ ਅਤੇ ਹੋਰ ਵਿਰੋਧੀ ਨੇਤਾਵਾਂ ਨੂੰ ਰਾਸ ਨਹੀਂ ਆਈ। ਕਾਂਗਰਸ ਸਦਾ ਆਰਐੱਸਐੱਸ 'ਤੇ ਹਮਲਾ ਕਰਦੀ ਰਹਿੰਦੀ ਹੈ। ਵਿਰੋਧੀ ਖੇਮਾ ਇਹ ਦਿਖਾਉਣ ਵਿਚ ਵੀ ਲੱਗਾ ਰਹਿੰਦਾ ਹੈ ਕਿ ਪੀਐੱਮ ਮੋਦੀ ਅਤੇ ਆਰਐੱਸਐੱਸ ਵਿਚਕਾਰ ਸਭ ਕੁਝ ਠੀਕ ਨਹੀਂ ਚੱਲ ਰਿਹਾ ਹੈ। ਸ਼ਾਇਦ ਇਸੇ ਕਾਰਨ ਪ੍ਰਧਾਨ ਮੰਤਰੀ ਨੇ ਆਰਐੱਸਐੱਸ ਦੀ ਦੇਸ਼ ਸੇਵਾ ਦੀ ਪ੍ਰਸ਼ੰਸਾ ਕਰਦੇ ਹੋਏ ਇਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਐੱਨਜੀਓ ਕਿਹਾ। ਬਦਲੇ ਹੋਏ ਘਟਨਾਕ੍ਰਮ ਵਿਚ ਜਿਸ ਤਰ੍ਹਾਂ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਚੁਣੌਤੀਆਂ ਵਧੀਆਂ ਹਨ, ਉਨ੍ਹਾਂ ਨਾਲ ਨਿਪਟਣ ਲਈ ਠੋਸ ਯਤਨ ਜ਼ਰੂਰੀ ਹੋ ਗਏ ਹਨ।

ਮੋਦੀ ਸਰਕਾਰ ਨੂੰ ਰੋਜ਼ਾਨਾ ਦੇ ਉਸ ਭ੍ਰਿਸ਼ਟਾਚਾਰ ਦਾ ਵੀ ਕੋਈ ਹੱਲ ਕੱਢਣਾ ਹੋਵੇਗਾ ਜਿਸ ਤੋਂ ਆਮ ਆਦਮੀ ਪ੍ਰੇਸ਼ਾਨ ਰਹਿੰਦਾ ਹੈ। ਆਮ ਜਨਤਾ ਦੀਆਂ ਕੁਝ ਤਕਲੀਫ਼ਾਂ ਵਧ ਰਹੀਆਂ ਹਨ। ਖ਼ਾਸ ਕਰਕੇ ਸ਼ਹਿਰੀ ਇਲਾਕਿਆਂ ਵਿਚ ਲੋਕਾਂ ਨੂੰ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੀਂਹ ਦੇ ਮੌਸਮ ਵਿਚ ਜਦੋਂ ਸੁਤੰਤਰਤਾ ਦਿਵਸ ਮਨਾਇਆ ਜਾਂਦਾ ਹੈ, ਤਦ ਸਾਡੇ ਛੋਟੇ-ਵੱਡੇ ਸ਼ਹਿਰ ਥਾਂ-ਥਾਂ ਵੱਡੇ ਪੱਧਰ 'ਤੇ ਪਾਣੀ ਜਮ੍ਹਾਂ ਹੋਣ ਕਾਰਨ ਬੇਹਾਲ ਦਿਖਾਈ ਦਿੰਦੇ ਹਨ। ਖੇਤੀ ਅਤੇ ਸਮੁੱਚੀ ਅਰਥ-ਵਿਵਸਥਾ ਲਈ ਜੋ ਮੌਨਸੂਨ ਵਰਦਾਨ ਮੰਨਿਆ ਜਾਂਦਾ ਹੈ, ਉਹੀ ਬੁਨਿਆਦੀ ਢਾਂਚੇ ਅਤੇ ਆਮ ਜੀਵਨ ਲਈ ਸਰਾਪ ਬਣ ਜਾਂਦਾ ਹੈ। ਮੀਂਹ ਦੇ ਮੌਸਮ ਵਿਚ ਜਨਤਾ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਲਾਲ ਕਿਲ੍ਹੇ ਤੋਂ ਆਤਮ-ਨਿਰਭਰਤਾ ਦੇ ਜਿਸ ਮੰਤਰ ਨੂੰ ਦ੍ਰਿੜ੍ਹਤਾ ਨਾਲ ਦੁਹਰਾਇਆ, ਉਸ ਵਿਚ ਐੱਮਐੱਸਐੱਮਈ ਸੈਕਟਰ ਅਤੇ ਹੋਰ ਉਦਯੋਗਾਂ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਹੋਵੇਗੀ। ਜਿੱਥੇ ਸਰਕਾਰ ਨੂੰ ਉਨ੍ਹਾਂ ਲਈ ਈਜ਼ ਆਫ ਡੂਇੰਗ ਬਿਜ਼ਨਸ ਦੇ ਮਾਹੌਲ ਨੂੰ ਹੋਰ ਬਿਹਤਰ ਬਣਾਉਣਾ ਹੋਵੇਗਾ, ਓਥੇ ਹੀ ਉਦਯੋਗ ਜਗਤ ਨੂੰ ਵੀ ਖੋਜ ਅਤੇ ਵਿਕਾਸ ਵਿਚ ਨਿਵੇਸ਼ ਵਧਾ ਕੇ ਆਪਣੀ ਗੁਣਵੱਤਾ ਦੇ ਨਾਲ ਉਤਪਾਦਕਤਾ ਵੀ ਵਧਾਉਣੀ ਹੋਵੇਗੀ। ਇਸੇ ਨਾਲ ਹੀ ਦੇਸ਼ ਘਰੇਲੂ ਅਤੇ ਬਾਹਰਲੀਆਂ ਚੁਣੌਤੀਆਂ ਦਾ ਸਹੀ ਤਰੀਕੇ ਨਾਲ ਸਾਹਮਣਾ ਕਰ ਸਕੇਗਾ।

Dosanjh Family
AUTO GROUP

Cadillac CHEVROLET INFINITI KIA NISSAN BUICK
GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI